# ਕਥਾ ਕਨੇਡਾ

ਸੰਪਾਦਕ

ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ



# ਕਥਾ ਕਨੇਡਾ

(ਕਹਾਣੀਆਂ)

# ਕਥਾ ਕਨੇਡਾ

(ਕਹਾਣੀਆਂ)

ਸੰਪਾਦਕ:

**ਸੁਖਵੰਤ ਹੁੰਦਲ**

**ਤੇ**

**ਸਾਧੂ ਬਿਨਿੰਗ**

ਚੇਤਨਾ ਪ੍ਰਕਾਸ਼ਨ

**ਪੰਜਾਬੀ ਭਵਨ, ਲੁਧਿਆਣਾ**

**Katha Canada**
(A Collection of Canadian Punjabi Short Stories)

Editors:
Sukhwant Hundal
Sadhu Binning

Sukhwant Hundal
10636 - 132 St., Surrey, B.C. Canada, V3T 3V8
Ph.:(604) 581-3211; E-mail: shundal@sfu.ca

Sadhu Binning
4325 Portland Street, Burnaby, B. C. Canada, V5J 2N5
Ph./Fax: (604) 437-9014; E-mail: sbinning@unixg.ubc.ca

© Sukhwant Hundal
and
Sadhu Binning

| | | |
|---|---|---|
| ਸਰਵਰਕ | . | ਸਤੀਸ਼ |
| ਸੰਸਕਰਣ | : | ਮਈ 2000 |
| ਪ੍ਰਕਾਸ਼ਕ | : | ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ |
| | | ਫੋਨ : 413613 |
| ਛਾਪਕ | : | ਸੋਨੀ ਆਫਸੈਟ, ਦਿੱਲੀ |
| ਕੀਮਤ | : | 100 ਰੁਪਏ/10 ਕਨੇਡੀਅਨ ਡਾਲਰ |

Typeset and Layout: Sadhu Binning and Sukhwant Hundal

ਗਿਆਨੀ ਕੇਸਰ ਸਿੰਘ ਜੀ ਨੂੰ ਸਮਰਪਿਤ

ਲੇਖਕਾਂ ਦੀਆਂ ਹੋਰ ਰਚਨਾਵਾਂ

## ਸੁਖਵੰਤ ਹੁੰਦਲ ਤੇ ਸਾਧੂ ਬਿਨਿੰਗ ਦੀਆਂ ਸਾਂਝੀਆਂ ਕਿਤਾਬਾਂ:

2000 ਕਥਾ ਕਨੇਡਾ (ਸੰਪਾਦਿਤ ਕਹਾਣੀ ਸੰਗ੍ਰਹਿ)

1997 ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ:
ਪੰਜਾਹਵੀ ਵਰ੍ਹੇ-ਗੰਢ ਸਮੇਂ ਵਿਸ਼ੇਸ਼ (ਖੋਜ)

1995 ਪਿਕਟ ਲਾਈਨ (ਨਾਟਕ ਸੰਗ੍ਰਹਿ) 1995

1988 ਮਲੂਕਾ (ਨਾਵਲ - ਗੁਰਮੇਲ ਰਾਏ ਨਾਲ ਅੰਗਰੇਜ਼ੀ ਤੋਂ ਅਨੁਵਾਦ)

## ਸਾਧੂ ਬਿਨਿੰਗ ਦੀਆਂ ਕਿਤਾਬਾਂ*:

1994 ਵਤਨੋਂ ਦੂਰ ਨਹੀਂ (ਕਾਵਿ ਸੰਗ੍ਰਹਿ - ਪੰਜਾਬੀ ਤੇ ਅੰਗਰੇਜ਼ੀ ਵਿੱਚ)

1994 ਲੀਹੋਂ ਲੱਥੇ (ਕਹਾਣੀਆਂ)

1990 ਰਿਸ਼ਤੇ ਦਰਿਆਵਾਂ ਦੇ (ਕਾਵਿ ਸੰਗ੍ਰਹਿ)

1986 ਜੰਗਲ ਦੇ ਵਿਰੁੱਧ (ਸੰਪਾਦਿਤ ਕਾਵਿ ਸੰਗ੍ਰਹਿ - ਸੁਖਪਾਲ ਨਾਲ)

1982 ਕਿਸਦਾ ਕਸੂਰ (ਕਹਾਣੀਆਂ)

1976 ਸੋਨੇ ਰੰਗੀ ਸੜਕ (ਕਾਵਿ ਸੰਗ੍ਰਹਿ)

ਵੀਹ ਤੋਂ ਉੱਪਰ ਪੰਜਾਬੀ ਅਤੇ ਅੰਗਰੇਜ਼ੀ ਦੇ ਕਾਵਿ, ਕਹਾਣੀ ਤੇ ਨਾਟਕ ਸੰਗ੍ਰਹਿਆਂ ਵਿੱਚ ਰਚਨਾਵਾਂ ਸ਼ਾਮਲ।

** ਇਨ੍ਹਾਂ ਵਿੱਚੋਂ ਬਹੁਤੀਆਂ ਕਿਤਾਬਾਂ ਸਾਧੂ ਦੇ ਨਾਮ ਥੱਲੇ ਛਪੀਆਂ ਹਨ।*

# ਪ੍ਰਵੇਸ਼ਿਕਾ

ਪੰਜਾਬੀਆਂ ਦੇ ਪਰਵਾਸ ਦੇ ਮਾਮਲੇ ਵਿਚ ਪਿਛਲੇ ਵਰ੍ਹਿਆਂ ਵਿਚ ਜੇ ਕਨੇਡਾ ਨੂੰ ਪ੍ਰਮੁਖਤਾ ਹਾਸਲ ਹੁੰਦੀ ਗਈ ਹੈ ਤਾਂ ਬਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਵੀ ਕਨੇਡਾ ਜ਼ਿਆਦਾ ਉਭਰਕੇ ਸਾਹਵੇਂ ਆਉਂਦਾ ਗਿਆ ਹੈ। ਪਹਿਲਾਂ ਜਦੋਂ ਬਦੇਸ਼ੀ ਪੰਜਾਬੀ ਸਾਹਿਤ ਦੀ ਗੱਲ ਚੱਲਦੀ ਸੀ ਤਾਂ ਇੰਗਲੈਂਡ ਵਿਚ ਰਚੇ ਜਾਂਦੇ ਸਾਹਿਤ ਦਾ ਜ਼ਿਕਰ-ਜ਼ਕਾਰ ਵਧੇਰੇ ਹੁੰਦਾ ਸੀ। ਗਿਣਤੀ ਦੇ ਪੱਖ ਤੋਂ ਵੀ ਉਥੇ ਲੇਖਕ ਜ਼ਿਆਦਾ ਸਨ ਅਤੇ ਗੁਣ ਦੇ ਪੱਖ ਤੋਂ ਵੀ ਉਹਨਾਂ ਦਾ ਵਧੇਰੇ ਮਹੱਤਵ ਸੀ। ਅੱਜ ਸਥਿਤੀ ਇਹ ਨਹੀਂ। ਕਨੇਡਾ ਵਿਚਲੇ ਪੰਜਾਬੀ ਸਾਹਿਤਕਾਰ ਹੁਣ ਨਾ ਕੇਵਲ ਇੰਗਲੈਂਡ ਦੇ ਸ਼ਾਹਿਤਕਾਰਾਂ ਨਾਲ ਸਾਵੇਂ ਤੁਲ ਰਹੇ ਹਨ ਸਗੋਂ ਪੰਜਾਬੀ ਸਾਹਿਤ ਦੀ ਮੁਖ ਧਾਰਾ ਵਿਚ ਵੀ ਉਹਨਾਂ ਦਾ ਆਦਰ ਨਾਲ ਜ਼ਿਕਰ ਹੋਣ ਲੱਗਾ ਹੈ।

ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿਚ ਕਵਿਤਾ ਨੂੰ ਹਮੇਸ਼ਾਂ ਪ੍ਰਮੁਖਤਾ ਰਹੀ ਹੈ। ਕਿਸੇ ਵੀ ਖਿੱਤੇ ਜਾਂ ਜ਼ੁਬਾਨ ਵਿਚ ਪਹਿਲਾਂ ਅਤੇ ਵਧੇਰੇ ਮਾਤਰਾ ਵਿਚ ਕਵਿਤਾ ਦੀ ਰਚਨਾ ਹੀ ਹੁੰਦੀ ਹੈ। ਇਹ ਗੱਲ ਸਮੁੱਚੇ ਪੰਜਾਬੀ ਸਾਹਿਤ ਉਤੇ ਵੀ ਲਾਗੂ ਹੈ ਅਤੇ ਬਦੇਸ਼ਾਂ ਵ਼ਿਚ ਹੋਈ ਸਾਹਿਤ-ਰਚਨਾ ਉਤੇ ਵੀ। ਬਦੇਸ਼ੀ ਪੰਜਾਬੀ ਸਾਹਿਤ ਵਿਚ ਹੁਣ ਤਕ ਵਧੇਰੇ ਸਾਹਿਤ-ਰਚਨਾ ਕਵਿਤਾ ਦੇ ਰੂਪ ਵਿਚ ਹੀ ਹੋਈ ਹੈ। ਐਪਰ ਪਿਛਲੇ ਕੁਝ ਵਰ੍ਹਿਆਂ ਵਿਚ ਕਹਾਣੀ ਦੀ ਵਿਧਾ ਵਿਚ ਹੋ ਰਹੀ ਰਚਨਾ ਨੇ ਗਿਣਨਾਤਮਕ ਪੱਖ ਤੋਂ ਹੀ ਵਿਸਤਾਰ ਗ੍ਰਹਿਣ ਨਹੀਂ ਕੀਤਾ, ਇਹ ਗੁਣ ਦੇ ਪੱਖ ਤੋਂ ਵੀ, ਬਹੁਤ ਹਾਲਤਾਂ ਵਿਚ, ਕਾਵਿ-ਰਚਨਾ ਦੇ ਟਾਕਰੇ ਵਧੇਰੇ ਸਮਰੱਥ ਪ੍ਰਤੀਤ ਹੋਣ ਲੱਗੀ ਹੈ। ਇਹ ਵਰਤਾਰਾਂ ਵੀ ਦੇਸ਼ ਬਦੇਸ਼ ਵਿਚ ਹੋ ਰਹੀ ਪੰਜਾਬੀ ਸਿਰਜਣਾਤਮਕ ਸਾਹਿਤਕ ਸਰਗਰਮੀ ਉਤੇ ਇਕੋ ਜਿੰਨਾ ਲਾਗੂ ਹੁੰਦਾ ਹੈ। ਫਲਸਰੂਪ ਜੇ ਦੇਸ਼ ਵਿਚ ਕਥਾ-ਰਚਨਾਵਾਂ ਅਤੇ ਉਹਨਾਂ ਦੇ ਲੇਖਕ ਵਧੇਰੇ ਚਰਚਾ ਦਾ ਕੇਂਦਰ ਬਣ ਰਹੇ ਹਨ ਤਾਂ ਕਨੇਡਾ ਵਿਚ ਵੀ ਪੰਜਾਬੀ ਕਹਾਣੀਕਾਰਾਂ ਅਤੇ ਉਹਨਾਂ ਦੀਆਂ ਰਚਨਾਵਾਂ ਦੀ ਨਿਵੇਕਲੀ ਪਛਾਣ ਕਾਇਮ ਹੋ ਰਹੀ ਹੈ। ਹੱਥਲੀ ਪੁਸਤਕ ਇਸ ਪਛਾਣ ਦਾ ਹੀ ਇਕ ਪ੍ਰਮਾਣ ਹੈ।

ਕਨੇਡਾ ਦੀ ਪੰਜਾਬੀ ਕੰਵਿਤਾ ਦੀ ਪ੍ਰਤੀਨਿਧਤਾ ਕਰਨ ਵਾਲੇ ਇਕ ਤੋਂ ਵੱਧ ਸੰਗ੍ਰਹਿ ਪਹਿਲਾਂ ਛਪ ਚੁੱਕੇ ਹਨ ਪਰ ਹੱਥਲੀ ਪੁਸਤਕ ਅਜਿਹੀ ਪਹਿਲੀ ਪੁਸਤਕ ਹੈ ਜਿਸਦੇ ਰਾਹੀਂ ਕਨੇਡਾ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਦੀ ਪ੍ਰਤੀਨਿਧ ਵੰਨਗੀ ਪੇਸ਼ ਹੋ ਰਹੀ ਹੈ। ਪੁਸਤਕ ਵਿਚ ਸ਼ਾਮਲ ਕਹਾਣੀਆਂ ਦੀ ਗਿਣਤੀ ਤਾ ਇਕ ਘੱਟ

ਇਕ ਦਰਜਨ ਹੀ ਹੈ ਪਰ ਇਸ ਵਿਚੋਂ ਕਨੇਡੀਅਨ ਪੰਜਾਬੀ ਕਹਾਣੀ ਦੇ ਸਾਰੇ ਵਸਤੂਗਤ, ਵਿਸ਼ੈਗਤ, ਦ੍ਰਿਸ਼ਟੀਗਤ ਅਤੇ ਕਲਾਗਤ ਪਾਸਾਰ ਰੂਪਮਾਨ ਹੁੰਦੇ ਹਨ। ਕਨੇਡਾ ਵਿਚਲੇ ਕਹਾਣੀਕਾਰਾਂ, ਛਪੀਆਂ ਕਹਾਣੀਆਂ ਅਤੇ ਕਹਾਣੀਆ ਦੀਆਂ ਪੁਸਤਕਾਂ ਬਾਰੇ ਇਸ ਪੁਸਤਕ ਦੇ ਅੰਤ ਵਿਚ ਮੁਹਈਆਂ ਕੀਤੀ ਜਾਣਕਾਰੀ ਵੀ ਬਹੁਤ ਮੁੱਲਵਾਨ ਹੈ। ਇੰਝ ਕਨੇਡਾ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ ਦੇ ਸਮੁੱਚੇ ਪੰਜਾਬੀ ਕਹਾਣੀ-ਸਾਹਿਤ ਵਿਚ ਪਾਏ ਯੋਗਦਾਨ ਦਾ ਵੀ ਆਭਾਸ ਹੁੰਦਾ ਹੈ ਅਤੇ ਉਸਦਾ ਮੁਲੰਕਣ ਕਰ ਸਕਣ ਲਈ ਇਹ ਪੁਸਤਕ ਪੜ੍ਹੁੱਲ ਵੀ ਬਣ ਜਾਂਦੀ ਹੈ।

ਬਦੇਸ਼ਾਂ ਵਿਚ ਰਚੇ ਜਾ ਰਹੇ ਸਾਹਿਤ ਨੂੰ ਜਦੋਂ ਪਰਵਾਸੀ ਵਿਸ਼ੇਸ਼ਣ ਨਾਲ ਜੋੜਕੇ ਵੇਖਿਆ ਜਾਂਦਾ ਹੈ ਤਾਂ ਅਕਸਰ ਬਦੇਸ਼ੀ ਲੇਖਕਾਂ ਵੱਲੋਂ ਬੇਚੈਨੀ ਜਹੀ ਦੇ ਭਾਵ ਪ੍ਰਗਟ ਕੀਤੇ ਜਾਂਦੇ ਹਨ। ਉਹਨਾਂ ਵੱਲੋਂ ਇਸ ਵਿਸ਼ੇਸ਼ਣ ਨੂੰ ਨਕਾਰਾਤਮਕ ਰੂਪ ਵਿਚ ਇਉਂ ਸਮਝ ਲਿਆ ਜਾਂਦਾ ਹੈ ਜਿਵੇਂ ਇਸ ਰਾਹੀਂ ਮੁਖ ਧਾਰਾ ਦੀ ਸਾਹਿਤ-ਰਚਨਾ ਤੋਂ ਬਦੇਸ਼ਾਂ ਵਿਚ ਹੋ ਰਹੀ ਰਚਨਾ ਨੂੰ ਬਾਹਰ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੋਵੇ। ਮੇਰੀ ਜਾਚੇ ਗੱਲ ਅਜਿਹੀ ਨਹੀਂ ਹੈ। ਸਗੋਂ ਇਸਦੇ ਉਲਟ ਹਕੀਕਤ ਇਹ ਹੈ ਕਿ ਵੱਖਰੇ ਪਰਿਵੇਸ਼ ਵਿਚ ਆਪਣੇ ਨਿਵੇਕਲੇ ਅਨੁਭਵ ਸਦਕਾ ਬਦੇਸ਼ਾਂ ਵਿਚਲੇ ਪੰਜਾਬੀ ਲੇਖਕ ਪੰਜਾਬੀ ਸਾਹਿਤ ਨੂੰ ਕਈ ਪੱਖਾਂ ਤੋਂ ਵਿਸਤਾਰ ਦੇ ਕੇ ਇਸਨੂੰ ਇਕ ਨਵਾਂ ਪਾਸਾਰ ਦੇ ਰਹੇ ਹਨ। ਇਹ ਦਰੁਸਤ ਹੈ ਕਿ ਸਿਰਫ ਥਾਂ-ਬਦਲੀ ਨਾਲ ਹੀ ਕੋਈ ਵਿਅਕਤੀ ਪਰਵਾਸੀ ਲੇਖਕ ਨਹੀਂ ਬਣ ਜਾਂਦਾ। ਬਹੁਤ ਸਾਰੇ ਅਜਿਹੇ ਸੱਜਣ ਵੀ ਮੌਜੂਦ ਹਨ ਜੋ ਬਦੇਸ਼ਾਂ ਵਿਚ ਰਹਿੰਦਿਆਂ ਹੋਇਆਂ ਵੀ ਕਿਸੇ ਤਰ੍ਹਾਂ ਦੇ ਨਵੇਂ ਅਨੁਭਵ ਨੂੰ ਪੇਸ਼ ਕਰਨ ਦੀ ਸਮਰੱਥਾ ਦਾ ਪ੍ਰਮਾਣ ਨਹੀਂ ਦਿੰਦੇ। ਅਜਿਹੇ ਲੇਖਕ ਪਰਵਾਸੀ ਅਨੁਭਵ ਵਾਲੇ ਲੇਖਕਾਂ ਵਿਚ ਸ਼ੁਮਾਰ ਨਹੀਂ ਕੀਤੇ ਜਾ ਸਕਦੇ। ਪਰਵਾਸੀ ਪੰਜਾਬੀ ਲੇਖਕਾਂ ਦੇ ਪ੍ਰਸੰਗ ਵਿਚ ਉਹਨਾਂ ਲੇਖਕਾਂ ਦਾ ਜ਼ਿਕਰ ਹੋ ਸਕਦਾ ਹੈ ਜੋ ਸੱਚਮੁੱਚ ਪਰਵਾਸ ਦੇ ਅਨੁਭਵ ਵਿਚੋਂ ਗੁਜ਼ਰਕੇ ਉਸ ਅਨੁਭਵ ਨੂੰ ਰਚਨਾਤਮਕ ਪ੍ਰਗਟਾਅ ਦੇਣ ਦੀ ਸਮਰੱਥਾ ਰੱਖਦੇ ਹਨ। ਅਜਿਹੇ ਲੇਖਕਾਂ ਲਈ ਪਰਵਾਸੀ ਵਿਸ਼ੇਸ਼ਣ ਦੀ ਵਰਤੋਂ ਸਾਰਥਕ ਹੈ; ਨਾਂਹਮੁਖੀ ਅਰਥਾਂ ਦੀ ਸੂਚਕ ਨਹੀਂ।

ਇਸ ਪਿਛੋਕੜ ਵਿਚ ਹੱਥਲੀ ਪੁਸਤਕ ਸਹੀ ਅਰਥਾਂ ਵਿਚ ਤੇ ਸਾਰਥਕ ਪ੍ਰਸੰਗ ਵਿਚ ਪਰਵਾਸੀ ਪੰਜਾਬੀ ਕਹਾਣੀ ਦੀ ਪ੍ਰਤਿਨਿਧਤਾ ਕਰਦੀ ਹੈ। ਕੈਨੇਡਾ ਵਿਚਲੇ ਪਰਵਾਸੀ ਪੰਜਾਬੀਆਂ ਦੇ ਨਿਵੇਕਲੇ ਅਨੁਭਵ ਇਸ ਪੁਸਤਕ ਵਿਚ ਸ਼ਾਮਲ ਕਹਾਣੀਆਂ ਦੀ ਵਸਤੂ-ਸਮੱਗਰੀ ਬਣੇ ਹਨ। ਆਮ ਰੂਪ ਵਿਚ ਪਰਵਾਸ ਦੇ ਇਹ ਅਨੁਭਵ ਦੂਸਰੇ ਮੁਲਕਾਂ, ਇੰਗਲੈਂਡ ਆਦਿ, ਦੇ ਪੰਜਾਬੀ ਪਰਵਾਸੀਆਂ ਦੇ ਅਨੁਭਵਾਂ ਨਾਲ ਰਲਦੇ-ਮਿਲਦੇ ਹਨ। ਪਰ ਕਨੇਡਾ ਦੀਆਂ ਵਿਸ਼ੇਸ਼ ਪਰਿਸਥਿਤੀਆਂ ਵਿਚ ਪਰਵਾਸੀਆਂ ਦੇ ਅਨੁਭਵ ਦਾ ਜੋ ਵੱਖਰਾਪਨ ਹੈ, ਉਸਦਾ ਵੀ ਇਹਨਾਂ ਕਹਾਣੀਆਂ ਦੀ ਵਸਤੂ-ਸਮੱਗਰੀ ਅਤੇ ਇਹਨਾਂ ਵਿਚ ਸੰਚਾਲਤ ਦ੍ਰਿਸ਼ਟੀ ਵਿੱਚੋਂ ਆਭਾਸ ਹੁੰਦਾ ਹੈ। ਉਦਾਹਰਨ ਵਜੋਂ ਭੂ-ਹੇਰਵੇ ਅਤੇ ਨਸਲੀ ਵਿਤਕਰੇ ਦਾ ਅਨੁਭਵ ਤਾਂ ਕਨੇਡਾ ਵਿਲੇ ਪੰਜਾਬੀ ਪਰਵਾਸੀਆਂ ਨੂੰ ਵੀ ਹੈ ਪਰ ਇਹ ਅਨੁਭਵ ਉਸ ਸ਼ਿੱਦਤ ਨਾਲ ਕਨੇਡੀਅਨ ਪੰਜਾਬੀ ਕਹਾਣੀ ਵਿਚ ਪੇਸ਼ ਨਹੀਂ ਹੋ ਸਕਦਾ ਜਿਸ ਸ਼ਿੱਦਤ ਨਾਲ ਇਹ ਇੰਗਲੈਂਡ ਦੀ ਪੰਜਾਬੀ ਸਾਹਿਤ-ਰਚਨਾ ਵਿਚ ਮੌਜੂਦ ਹੈ। ਕਾਰਨ ਇਹ ਹੈ ਕਿ ਮੁਕਾਬਲਤਨ ਬਹੁਤ ਥੋੜ੍ਹੀ ਵਸੋਂ ਵਾਲੇ ਬਹੁਤ ਵਿਸ਼ਾਲ 'ਮਲਟੀ ਕਲਚਰਲ ਸੁਸਾਇਟੀ' ਵਾਲੇ ਦੇਸ਼, ਕਨੇਡਾ, ਦੀ ਇਤਿਹਾਸਕ, ਸਭਿਆਚਾਰਕ ਤੇ ਆਰਥਿਕ ਸਥਿਤੀ ਅਜਿਹੀ ਹੈ ਕਿ ਉਥੇ ਨਸਲੀ ਵਿਤਕਰਾ ਉਸ ਤੀਖਣ ਰੂਪ ਵਿਚ ਸਾਹਵੇਂ ਨਹੀਂ ਆਉਂਦਾ ਜਿਵੇਂ ਇਹ ਇੰਗਲੈਂਡ ਦੇ ਬਸਤੀਵਾਦੀ ਪਿਛੋਕੜ ਕਾਰਨ ਉਥੇ ਸਾਬਕਾ ਬਸਤੀਆਂ ਦੇ ਕਾਲੇ ਆਵਾਸੀਆਂ ਨੂੰ ਵੇਖਣਾ ਪੈਂਦਾ ਹੈ। ਇਵੇਂ ਹੀ ਭੂ-ਹੇਰਵੇ ਦਾ ਅਹਿਸਾਸ ਸਮੇਂ ਦੇ ਬੀਤਣ ਨਾਲ ਮੱਠਾ ਪੈਣ ਲੱਗਦਾ ਹੈ ਅਤੇ ਕਨੇਡਾ ਵਿਚ ਪੰਜਾਬੀਆਂ ਦਾ ਵਿਆਪਕ ਪਰਵਾਸ ਹੁਣ ਕਾਫੀ ਪੁਰਾਣਾ ਵਰਤਾਰਾ ਹੋ ਚੁੱਕਾ ਹੈ। ਹੁਣ ਕਨੇਡਾ ਦੇ ਪਰਵਾਸੀ ਪੰਜਾਬੀ 'ਵਤਨੋਂ ਦੂਰ' ਹੋਣ ਦੇ ਅਹਿਸਾਸ ਨੂੰ ਪਾਲੀ ਰੱਖਣ ਦੀ ਥਾਂ ਆਪਣੇ ਨਵੇਂ ਆਵਾਸ ਵਾਲੀ ਧਰਤੀ ਨੂੰ ਹੀ 'ਵਤਨ' ਸਮਝਣ ਵੱਲ ਰੁਚਿਤ ਹਨ। ਕਨੇਡਾ ਵਿਚ ਪ੍ਰਵਾਨ ਚੜ੍ਹ ਰਹੀ ਪਰਵਾਸੀਆਂ ਦੀ ਨਵੀਂ ਪੀਹੜੀ ਤਾਂ ਅਵੱਸ਼ ਹੂ ਭੂ-ਹੇਰਵੇ ਵਰਗੇ ਭਾਵਾਂ ਤੋਂ ਮੁਕਤ ਹੈ। ਹਾਂ, ਜਗੀਰੂ ਪਿਛੋਕੜ ਵਿਚੋਂ ਯਕਦਮ ਵਿਕਸਤ ਪੂੰਜੀਵਾਦੀ ਸਭਿਆਚਾਰ ਵਿਚ ਪ੍ਰਵੇਸ਼ ਕਰਨ ਅਤੇ ਪਦਾਰਥਕ ਸੁਖ-ਸੁਵਿਧਾ ਵਾਲੇ ਨਵੇਂ ਚੁਗਿਰਦੇ ਵਿਚ ਛੇਤੀ ਪੈਰ ਜਮਾਉਣ ਲਈ ਯਤਨਸ਼ੀਲ ਹੋਣ ਨਾਲ ਨਿੱਜ, ਪਰਿਵਾਰ ਅਤੇ ਭਾਈਚਾਰੇ ਦੀ ਪੱਧਰ ਉਤੇ ਜੋ ਤਣਾਉ ਉਭਰਦਾ ਹੈ, ਉਹ ਅਨੁਭਵ ਪੰਜਾਬੀਆ ਦੇ ਪਰਵਾਸ ਵਾਲੇ ਸਭਨਾਂ ਵਿਕਸਿਤ ਪੱਛਮੀ ਪੂੰਜੀਵਾਦੀ ਦੇਸ਼ਾਂ ਵਿਚ ਸਾਂਝਾ ਹੈ। ਕਨੇਡੀਅਨ ਪੰਜਾਬੀ ਕਹਾਣੀ ਇਹਨਾਂ ਸਭ ਮਸਲਿਆਂ ਨੂੰ ਛੋਂਹਦੀ ਹੈ। ਇਉਂ ਕਨੇਡਾ ਦੀ ਪੰਜਾਬੀ ਕਹਾਣੀ ਮੂਲਧਾਰਾ ਦੀ ਪੰਜਾਬੀ ਕਹਾਣੀ ਵਿਚ ਪਰਵਾਸੀ ਅਨੁਭਵ ਦੇ ਪਾਸਾਰ ਦਾ ਭਿੱਤ ਤਾਂ ਖੋਲ੍ਹਦੀ ਹੀ ਹੈ ਪਰ ਨਾਲ ਦੀ ਨਾਲ ਇਹ ਪਰਵਾਸੀ ਅਨੁਭਵ ਵਿਚ ਕਨੇਡੀਅਨ ਅਨੁਭਵ ਦੇ ਨਿਵੇਕਲੇਪਨ ਨਾਲ ਵੀ ਪਰਿਚਯ ਕਰਵਾਉਂਦੀ ਹੈ।

ਹੱਥਲੀ ਪੁਸਤਕ ਵਿਚ ਇਕ ਦੋ ਕਹਾਣੀਆਂ ਨੂੰ ਛੱਡਕੇ ਬਾਕੀ ਸੱਭ ਕਹਾਣੀਆ ਦਾ ਮੂਲ ਵਸਤੂਗਤ ਸਰੋਕਾਰ ਨਵੇਂ ਸਮਾਜਕ-ਸਭਿਆਚਾਰਕ ਪਰਿਵੇਸ਼ ਵਿਚ ਪੰਜਾਬੀ ਪਰਵਾਸੀਆ ਦੇ ਇਕਸੁਰ ਹੋਣ ਦੀ ਸਮੱਸਿਆ ਨਾਲ ਹੈ। ਪੰਜਾਬੀ ਪਰਵਾਸੀ ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾ ਵਿਚ ਅਤੇ ਆਪਣੇ ਮੂਲ ਦੇਸ਼ ਦੇ ਟਾਕਰੇ ਬਿਹਤਰ ਰਾਜ-ਵਿਵਸਥਾ ਵਿਚ ਆ ਕੇ ਚੰਗੇ ਪਾਸੇ ਵੱਲ ਤਬਦੀਲੀ ਦਾ ਅਹਿਸਾਸ ਤਾਂ ਕਰਦੇ ਹਨ ਪਰ ਇਸਦੇ ਨਾਲ ਹੀ ਪਿੱਛੇ ਦੀ ਅਰਧ-ਜਗੀਰੂ ਸੰਸਕ੍ਰਿਤੀ ਵਾਲੀ ਸੁਸਤ-ਚਾਲ ਜ਼ਿੰਦਗੀ ਦੇ ਟਾਕਰੇ ਕਨੇਡਾ ਦੀ ਤੇਜ਼-ਰਫਤਾਰ ਪੂੰਜੀਵਾਦੀ ਸੰਸਕ੍ਰਿਤੀ ਉਹਨਾਂ ਨੂੰ ਪ੍ਰੇਸ਼ਾਨ ਵੀ ਕਰਦੀ ਹੈ। ਉਹ ਨਵੀਂ ਵਿਵਸਥਾ ਦਾ ਅੰਗ ਬਣਨ ਦੀ ਕਾਹਲ ਵਿਚ ਤਾਂ ਹਨ ਪਰ ਆਪਣੀਆਂ ਵਿਹਾਰਕ ਲੋੜਾਂ ਲਈ ਵਡੇਰੀ ਗਿਣਤੀ ਵਾਲੇ ਪੱਛਮੀ ਜਨ ਸਮੂਹ ਨਾਲ ਜ਼ਰੂਰੀ ਤਾਲਮੇਲ ਤੋਂ ਬਿਨਾਂ,

ਬਹੁਤ ਹਾਲਤਾਂ ਵਿਚ, ਉਹ ਆਪਣੇ ਹੀ ਭਾਈਚਾਰਕ ਸਭਿਆਚਾਰਕ ਦਾਇਰਿਆਂ ਵਿਚ ਸੁੰਗੜੇ ਰਹਿਣ ਦਾ ਯਤਨ ਕਰਦੇ ਹਨ । ਸਮੁੱਚੇ ਪੰਜਾਬੀ ਸਾਹਿਤ ਵਿਚ ਵੀ ਅਤੇ ਕਨੇਡੀਅਨ ਪੰਜਾਬੀ ਕਹਾਣੀ ਵਿਚ ਵੀ ਇਸ ਭਾਂਤ ਦੀ ਵਸਤੂ ਸਮੱਗਰੀ ਬਹੁਤ ਘੱਟ ਮਿਲਦੀ ਹੈ ਜਿਸ ਵਿਚ ਨਿਪਟ ਵਿਹਾਰਕ ਲੋੜਾਂ ਤੋਂ ਬਿਨਾਂ ਦੂਸਰੀਆਂ ਕੌਮੀਅਤਾਂ ਤੇ ਲੋਕਾਂ, ਗੋਰਿਆਂ ਆਦਿ, ਨਾਲ ਪੰਜਾਬੀਆਂ ਦੇ ਭਰਵੇਂ ਤੇ ਨਿੱਘੇਸੰਪਰਕ ਦਾ ਵੇਰਵਾ ਮਿਲਦਾ ਹੋਵੇ । ਸਗੋਂ ਜਿੱਥੇ ਕਿਤੇ ਇਹ ਸੰਪਰਕ ਨਜ਼ਰ ਆਉਂਦਾ ਹੈ ਉਹ ਪਰਸਪਰ ਮੇਲ-ਜੋਲ ਨਾਲੋਂ ਵੱਧ ਮਾਨਸਿਕ ਦੂਰੀ ਤੇ ਦਵੈਖ ਜਿਹੇ ਦੇ ਰੂਪ ਵਿਚ ਉਜਾਗਰ ਹੁੰਦਾ ਹੈ ।

ਆਪਣੇ ਹੀ ਪਰਿਵਾਰ ਤੇ ਭਾਈਚਾਰੇ ਵਿਚ ਜੁੜੇ ਪੰਜਾਬੀਆਂ ਦੀਆਂ ਸਮੱਸਿਆਵਾਂ ਅਕਸਰ ਉਹਨਾਂ ਮਸਲਿਆਂ ਨਾਲ ਜਾ ਜੁੜਦੀਆ ਹਨ ਜੋ ਮਸਲੇ ਪੂੰਜੀਵਾਦੀ ਪਰਿਵੇਸ਼ ਵਿਚ ਵਿਚਰਨ ਨਾਲ ਤਬਦੀਲ ਹੋਈ ਮਾਨਸਿਕਤਾ ਦੇ ਪਿਛਲੀ ਜਗੀਰੂ ਮਾਨਸਿਕਤਾ ਨਾਲ ਦਵੰਦ ਉਜਾਗਰ ਕਰਦੇ ਹਨ । ਇਸ ਸੰਬੰਧ ਵਿਚ ਔਰਤਾਂ ਦੀ ਮੁਕਾਬਲਤਨ ਆਜ਼ਾਦੀ ਅਤੇ ਪੀੜ੍ਹੀਆਂ ਦਾ ਪਾੜਾ ਵਧੇਰੇ ਚਿੰਤਾ ਉਪਜਾਉਂਦੇ ਹਨ। ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ', ਸੁਰਜੀਤ ਕਲਸੀ ਦੀ ਰਚਨਾ 'ਮੇਲੋ ਦੀ ਕਹਾਣੀ', ਅਮਨਪਾਲ ਸਾਰਾ ਦੀ ਕਹਾਣੀ 'ਸਰਦ ਰਿਸ਼ਤੇ', ਸੁਖਵੰਤ ਹੁੰਦਲ ਦੀ 'ਜੂਠੀ ਪਲੇਟ' ਅਤੇ ਸਾਧੂ ਦੀ ਕਹਾਣੀ 'ਬਰਫ ਦਾ ਗੀਤ' ਦਾ ਮੁਖ ਸਰੋਕਾਰ ਔਰਤ ਮਰਦ ਦੇ ਰਿਸ਼ਤੇ ਤੇ ਪਰਿਵਾਰ ਦੇ ਬਦਲਦੇ ਸੰਕਲਪਾਂ ਨਾਲ ਹੀ ਹੈ । ਦਿਸਦੇ ਧਰਾਤਲ ਉਤੇ ਇਹਨਾਂ ਰਚਨਾਵਾਂ ਵਿਚੋਂ ਪੂੰਜੀਵਾਦੀ ਵਿਵਸਥਾ ਵਿਚ ਪਰਵਾਸੀ ਪੰਜਾਬੀ ਮਨੁੱਖ ਦੇ ਸਵਾਰਥੀ ਹੋ ਜਾਣ ਅਤੇ ਉਸ ਵੱਲੋਂ ਆਪਣੀਆਂ ਪੁਰਾਣੀਆ 'ਚੰਗੀਆਂ' ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇਣ ਦਾਂ ਆਭਾਸ ਹੁੰਦਾ ਹੈ । ਵਿਅਕਤੀਗਤ ਹੋਣੀ ਦੀ ਪੱਧਰ ਉਤੇ ਇਹ ਤ੍ਰਾਸਦੀ ਤੇ ਵਿਡੰਬਨਾ ਦਾ ਮਾਹੌਲ ਸਿਰਜਦੀਆਂ ਹਨ । ਪਰ ਇਹਨਾਂ ਕਹਾਣੀਆਂ ਦੀ ਖੂਬਸੂਰਤੀ ਉਸ ਲੁਕਵੇਂ ਤੱਥ ਵਿਚ ਹੈ ਜਿਸ ਅਨੁਸਾਰ ਪੂੰਜੀਵਾਦੀ ਕਦਰਾਂ-ਕੀਮਤਾਂ ਉਤੇ ਚੜ੍ਹਤ ਦ੍ਰਿਸ਼ਟਮਾਨ ਹੁੰਦੀ ਹੈ । ਸਭ ਲੇਖਕਾਂ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਦਵੰਦ, ਵਿਰੋਧਾਭਾਸ ਤੇ ਤਣਾਉ ਦਾ ਪਾਠਕ ਨੂੰ ਅਹਿਸਾਸ ਕਰਵਾਉਂਦੇ ਹੋਏ ਹੋਏ ਆਪਣੇ ਵੱਲੋਂ ਕੋਈ ਫਤਵਾ ਨਹੀਂ ਦਿੰਦੇ । ਪ੍ਰਤੀਤ ਇਉਂ ਹੁੰਦਾ ਹੈ ਜਿਵੇਂ ਭੂਪਵਾਦੀ ਪਿਛੋਕੜ ਨਾਲ ਜੁੜੀ ਪੀੜ੍ਹੀ ਅਤੇ ਮਰਦ ਦੀ ਸੋਚ ਵਿਚ ਕੋਈ ਕਾਣ ਅਵੱਸ਼ ਹੈ ਅਤੇ ਇਸ ਕਾਣ ਵਾਲੀ ਸੋਚ ਨੂੰ ਅੰਤਮ ਰੂਪ ਵਿਚ ਮਾਰ ਪੈਣੀ ਨਿਸਚਿਤ ਹੈ ।

ਜਰਨੈਲ ਸਿੰਘ ਦੀ ਕਹਾਣੀ 'ਦੋ ਟਾਪੂ' ਜੇ ਇਸ ਪੁਸਤਕ ਦੀ ਵਧੇਰੇ ਗੌਲਣਯੋਗ ਕਹਾਣੀ ਹੈ ਤਾਂ ਇਸ ਕਾਰਨ ਕਿ ਇਹ ਪਰਵਾਸੀਆ ਦੀਆਂ ਵਿਭਿੰਨ ਪੀੜ੍ਹੀਆਂ ਦੇ ਸਰੋਕਾਰਾਂ ਦੇ ਵੇਰਵੇ ਦੇ ਨਾਲ ਨਾਲ ਔਰਤ ਮਰਦ ਦੇ ਰਿਸ਼ਤੇ ਦੀਆਂ, ਬਦਲਦੀਆਂ ਪਰਿਸੰਥਿਤੀਆਂ ਵਿਚ, ਉਲਝਦੀਆਂ ਤੰਦਾਂ ਦੀ ਵੀ ਕਲਾਤਮਕਤਾ ਸਹਿਤ ਬਾਤ ਪਾਉਂਦੀ ਹੈ । ਇਹਨਾਂ ਕਹਾਣੀਆਂ ਵਿਚ ਸਾਰੇ ਰਿਸ਼ਤੇ ਪਰੰਪਰਾਗਤ ਓਢਣ ਤੋਂ ਮੁਕਤ ਹੋ ਕੇ ਅਸਲੀ ਚਰਿੱਤਰ ਵੀ ਸਾਹਵੇਂ ਆਉਂਦੇ ਹਨ ਅਤੇ ਨਵੇਂ ਪਰਿਵੇਸ਼ ਵਿਚ ਨਵੇਂ ਅਰਥ ਵੀ ਗ੍ਰਹਿਣ ਕਰਦੇ ਹਨ ।

'ਬਰਫ ਦਾ ਗੀਤ' ਅਤੇ 'ਸਰਦ ਰਿਸ਼ਤੇ', ਜਿਵੇਂ ਸਿਰਲੇਖ ਹੀ ਸੁਝਾਉਂਦੇ ਹਨ, ਕਹਾਣੀਆਂ ਬਜ਼ੁਰਗਾਂ ਪ੍ਰਤੀ ਸਤਿਕਾਰ ਤੇ ਨਿੱਘ ਘਟਣ ਦੀ ਹਕੀਕਤ ਨੂੰ ਸਾਹਵੇਂ ਲਿਆਉਂਦੀਆਂ ਹਨ । ਇਹਨਾਂ ਕਹਾਣੀਆਂ ਵਿਚਲੇ ਬਜ਼ੁਰਗ ਪਾਤਰਾਂ ਦੀ ਤ੍ਰਾਸਦਕ ਸਥਿਤੀ ਜੇ ਪੂੰਜੀਵਾਦੀ ਵਿਵਸਥਾ ਵਿਚ ਤੇਜ਼ੀ ਨਾਲ ਅੱਗੇ ਵਧਣ ਦੀ ਦੌੜ ਵਿਚ ਸੰਤਾਨ ਵੱਲੋਂ ਆਪਣੇ ਮਾਪਿਆਂ ਨਾਲ ਅਨੁਚਿਤ ਤੇ ਅਣਮਨੁੱਖੀ ਵਿਹਾਰ ਦੀ ਸੂਹ ਦਿੰਦੀ ਹੈ ਤਾਂ 'ਬਰਫ ਦਾ ਗੀਤ'ਕਹਾਣੀ ਵਿਚਲੇ ਬਜ਼ੁਰਗ ਪਾਤਰ ਦਾ ਆਪਣੇ ਪੁੱਤਰ ਦੇ ਘਰ ਨੂੰ ਅਲਵਿਦਾ ਆਖਣਾ ਇਕ ਨਵੇਂ ਉਭਰ ਰਹੇ ਯਥਾਰਥ ਨਾਲ ਪਰਿਚਯ ਕਰਵਾਉਂਦਾ ਹੈ, ਜਿਸ ਅਨੁਸਾਰ ਨਵੀਂ ਪੀੜ੍ਹੀ ਹੀ ਨਹੀਂ ਬਦਲਦੀ ਕਈ ਹਾਲਤਾਂ ਵਿਚ ਪੁਰਾਣੀ ਪੀੜ੍ਹੀ ਵੀ ਰੁਦਨ ਵਾਲੀ ਸੁਰ ਅਪਨਾਉਣ ਦੀ ਥਾਂ ਆਪਣੀ ਸੋਚ ਤੇ ਵਿਹਾਰ ਵਿਚ ਤਬਦੀਲੀ ਲਿਆਉਂਦੀ ਹੈ ।

'ਮੇਲੋ ਦੀ ਕਹਾਣੀ' ਤੇ ਜੂਠੀ ਪਲੇਟ' ਕਹਾਣੀਆਂ ਵਿਚ ਫੋਕਸ ਔਰਤ ਦੀ ਸਥਿਤੀ ਉਤੇ ਹੈ । ਪੱਛਮੀ ਸਮਾਜ ਦੀ ਖੁੱਲ੍ਹ ਨੂੰ ਪੂਰੀ ਤਰ੍ਹਾਂ ਮਾਣਦੇ ਹੋਏ ਜਗੀਰੂ ਮਾਨਸਿਕਤਾ ਵਾਲੇ ਇਹਨਾਂ ਕਹਾਣੀਆ ਦੇ ਮਰਦ ਪਾਤਰ ਪਹਿਲਾਂ ਵਾਂਗ ਹੀ ਔਰਤ ਨੂੰ ਘਰ ਵਿਚ ਸਾਂਭੀ-ਸਜਾਈ ਭੋਗਣਸ਼ੀਲ ਵਸਤੂ ਵਜੋਂ ਵੇਖਣ ਦੀ ਗਲਤੀ ਕਰਦੇ ਹਨ । ਐਪਰ ਮੇਲੋ ਜਾਂ ਮਿੰਦਰ ਵਰਗੀਆਂ ਹਮੇਸ਼ਾ ਹਮੇਸ਼ਾ ਲਈ ਤ੍ਰਾਸਦਕ ਪਾਤਰ ਬਣੀਆਂ ਨਹੀ ਰਹਿ ਸਕਦੀਆਂ, ਅਵੇਰ ਸਵੇਰ ਉਹਨਾਂ ਵੱਲੋਂ ਵੀ ਹੋਂਦ ਨੂੰ ਪ੍ਰਵਾਨ ਕਰਨਾ ਤੇ ਕਰਵਾਉਣਾ ਨਿਸਚਿਤ ਹੈ । ਹਰਪ੍ਰੀਤ ਸੇਖਾ ਅਤੇ ਸ਼ਮਸ਼ੇਰ ਭੱਟੀ ਦੀਆਂ ਕਹਾਣੀਆਂ ਵਿਚ ਵੀ ਕੁਝ ਫਰਕ ਨਾਲ ਔਰਤ ਮਰਦ ਦੇ ਆਪਸੀ ਰਿਸ਼ਤੇ ਦੀ ਗੱਲ ਹੋਈ ਹੈ । ਜਿੱਤੇ 'ਵਿਚਕਾਰਲੀ ਸੜਕ' ਵਿਚ ਹਰਪ੍ਰੀਤ ਸੇਖਾ ਨੇ ਦਰਸਾਇਆ ਹੈ ਕਿ ਕਨੇਡਾ ਵਰਗੇ ਵਿਕਸਿਤ ਦੇਸ਼ ਵਿਚ ਵੀ ਜ਼ਾਤ-ਪਾਤ ਨਾਲ ਚੰਬੜੇ ਦੇਸੀ ਲੋਕਾਂ ਲਈ ਆਪਣੇ ਧੀਆਂ ਪੁੱਤਾਂ ਦੇ ਦੂਜੀ ਜ਼ਾਤ ਦੇ ਹਾਣੀਆਂ ਨਾਲ ਮੇਲ-ਜੋਲ ਨੂੰ ਪ੍ਰਵਾਨਗੀ ਦੀ ਨਜ਼ਰ ਨਾਲ ਵੇਖਣਾ ਔਖਾ ਹੈ, ਉਥੇ ਸ਼ਮਸ਼ੇਰ ਭੱਟੀ ਨੇ ਆਪਣੀ ਹੋਂਦ ਪਛਾਨਣ ਵਾਲੀ ਪੱਛਮੀ ਔਰਤ ਦੀ ਸਾਰਥਕ ਢੰਗ ਨਾਲ ਬਾਤ ਪਾਈ ਹੈ, ਜੋ ਪਿਆਰ ਦੀ ਇੱਛਾ ਤੇ ਪੂਰਤੀ ਸਹਿਤ ਹਰ ਪੱਧਰ ਉਤੇ ਮਰਦ ਨਾਲ ਸਾਵਾਂ ਤੁਲਨਾ ਲੋਚਦੀ ਹੈ । ਅਮਰਜੀਤ ਚਾਹਲ ਨੇ 'ਮੁਖੜਾ ਚੰਨ ਵਰਗਾ' ਕਹਾਣੀ ਵਿਚ ਮੁੱਢਲੇ ਪੰਜਾਬੀ ਪਰਵਾਸੀਆਂ ਦੇ ਜੀਵਨ-ਯਥਾਰਥ ਦੇ ਪ੍ਰਸੰਗ ਵਿਚ ਔਰਤ ਦੀ ਸਥਿਤੀ ਦੀ ਬਾਤ ਪਾਈ ਹੈ । ਪਰਦੇਸਾਂ ਵਿਚ ਖੱਟੀ ਕਰਨ ਲਈ ਗਏ ਇਹ ਲੋਕ ਆਪਣੀਆਂ ਔਰਤਾਂ ਨੂੰ ਪਿਛੇ ਛੱਡ ਜਾਂਦੇ ਸਨ ਅਤੇ ਪਰਦੇਸਾਂ ਵਿਚਲੀ ਖੱਟੀ ਨਾਲ ਪਿੱਛੇ ਜ਼ਮੀਨਾਂ ਖਰੀਦਦੇ ਰਹਿੰਦੇ ਸਨ, ਜੋ ਬਿਗਾਨੇ ਵਾਹੁੰਦੇ ਸਨ । ਇਸ ਕਹਾਣੀ ਵਿਚਲੀ ਸੁਆਣੀ, ਜਿਸਦੇ ਪਤੀ ਨੇ ਸਾਰੀ ਉਮਰ ਬਾਹਰ ਕੱਢ ਲਈ ਸੀ, ਦੇ ਪਰਦੇਸੋਂ ਪਰਤੇ ਪੁੱਤਰ ਨੂੰ ਆਖੇ ਬੋਲਾਂ 'ਜਦੋਂ ਵਾਹੁਣੀਆਂ ਹੋਣਗੀਆਂ ਉਦੋਂ ਖਰੀਦ ਲਿਉ ਜ਼ਮੀਨਾਂ' ਵਿਚ ਉਸਦੀ ਆਪਣੀ ਉਮਰ ਜਿੰਨੀ ਲੰਮੀ ਸਚਾਈ ਹੈ, ਜੋ ਬਹੁਤ ਸੰਕੇਤਕ ਰੂਪ ਵਿਚ ਦਰਸਾਈ ਗਈ ਹੈ । ਮੇਜਰ ਮਾਂਗਟ ਅਤੇ ਡਾ. ਸਾਧੂ ਸਿੰਘ ਦੀਆਂ ਕਹਾਣੀਆਂ 'ਬੇਗਾਨੀਆਂ ਕੰਧਾਂ' ਅਤੇ 'ਪੁਰਸਲਾਤ'ਦੇ ਪਿਛੋਕੜ ਵਿਚ ਕਨੇਡਾ ਦਾ ਮਾਹੌਲ ਆਵੱਸ਼ ਹੈ ਪਰ ਇਹਨਾਂ ਕਹਾਣੀਆਂ ਦੀ

ਕਲਾਤਮਕਤਾ, ਸੂਖਮਤਾ, ਸੁੱਚਮਤਾ ਤੇ ਸੰਵੇਦਨਸ਼ੀਲਤਾ ਦੇ ਉਸ ਸੁਹਜ ਨੂੰ ਪਕੜਨ ਵਿਚ ਹੈ ਜੋ ਮਾਨਵੀ ਰਿਸ਼ਤਿਆਂ ਦਾ ਸਦੀਵੀ ਸੱਚ ਹੈ । ਜੇ 'ਪੁਰਸਲਾਤ' ਵਿਚ ਪਰਦੇਸ ਵਿਚ ਆਪਣੀ ਮਿੱਟੀ ਨਾ ਰੁਲਣ ਦੇਣ ਲਈ ਫਿਕਰਮੰਦ ਬਜ਼ੁਰਗ ਅਤੇ ਮੋਹ ਦੇ ਰਿਸ਼ਤੇ ਵਿਚ ਬੱਝੀ ਉਸਦੀ ਧੀ ਦੀ ਚਿੰਤਾ ਦੇ ਬਹੁਤ ਨਾਜ਼ਕ ਪਲਾਂ ਨੂੰ ਕਹਾਣੀ ਦੀ ਵਸਤ ਬਣਾਇਆ ਗਿਆ ਹੈ ਤਾਂ 'ਬੇਗਾਨੀਆਂ ਕੰਧਾਂ' ਵਿਚ ਇਕ ਅਜਿਹੀ ਔਰਤ ਦੇ ਮੋਹਵੰਤੇ ਚਰਿੱਤਰ ਉਤੇ ਝਾਤ ਪੁਆਈ ਹੈ ਜੋ ਇਕ ਬੱਚੇ ਦੀ 'ਬੇਬੀ ਸਿਟਿੰਗ' ਦੇ 'ਕੰਮ' ਨੂੰ 'ਮਮਤਾ' ਵਿਚ ਵਟਾ ਲੈਂਦੀ ਹੈ ।

ਰਵਿੰਦਰ ਰਵੀ ਦੀ ਕਹਾਣੀ 'ਇਕ ਹੋਰ ਹੈਮਿੰਗਵੇ' ਇਸ ਸੰਗ੍ਰਹਿ ਵਿਚਲੀ ਇਕੋ ਇਕ ਕਹਾਣੀ ਹੈ ਜਿਸ ਦਾ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ । ਇਹ ਕਹਾਣੀ ਮਨੁੱਖੀ ਹੋਂਦ ਨਿਹੋਂਦ ਦੇ ਦਾਰਸ਼ਨਿਕ ਮਸਲਿਆਂ ਨੂੰ ਛੋਂਹਦੀ ਹੈ । ਕਹਾਣੀ ਵਿਚਲਾ ਪਾਤਰ ਅਤੇ ਇਸਦਾ ਸਮੁੱਚਾ ਵਾਤਾਵਰਣ ਪੂਰੀ ਤਰ੍ਹਾਂ ਕਨੇਡੀਅਨ ਜਾਂ ਪੱਛਮੀ ਜਗਤ ਦਾ ਆਭਾਸ ਕਰਵਾਉਂਦਾ ਹੈ । ਇਹ ਕਹਾਣੀ ਜਿੱਥੇ ਰਵੀ ਦੀ ਪਾਰ-ਸਭਿਆਚਾਰਕ ਚੇਤਨਾ ਦਾ ਸਿੱਟਾ ਹੈ ਉਥੇ ਇਹ ਪਰਵਾਸੀ ਪੰਜਾਬੀਆ ਤੋਂ ਦੂਰ ਮੂਲਵਾਸੀਆਂ ਤੇ ਗੋਰੇ ਕਨੇਡੀਅਨਾਂ ਵਿਚ ਵਿਚਰਨ ਦੇ ਉਸਦੇ ਨਿਵੇਕਲੇ ਅਨੁਭਵ ਦੀ ਵੀ ਦੇਣ ਹੈ । ਵੈਸੇ ਬਾਕੀ ਸਭ ਕਹਾਣੀਆਂ ਵਿਚੋਂ ਵੀ, ਵਿਸ਼ੈ-ਵਸਤ ਪੱਖੋਂ ਪੰਜਾਬੀ ਪਰਵਾਸੀਆਂ ਦੀਆਂ ਸਮੱਸਿਆਵਾਂ ਮੁਖ ਸਰੋਕਾਰ ਹੋਣ ਦੇ ਬਾਵਜੂਦ, ਪਿਛੋਕੜ ਵਜੋਂ ਕੈਨੇਡੀਅਨ ਜੀਵਨ-ਪਧਿਤੀ ਦੇ ਅਨੇਕ ਪਹਿਲੂ ਯਥਾਰਥਕ ਰੂਪ ਵਿਚ ਉਭਰਦੇ ਹਨ ।

ਸਾਰੀਆਂ ਕਹਾਣੀਆਂ ਵਿਚ ਯਥਾਰਥਵਾਦੀ ਸ਼ੈਲੀ.ਦੀ ਵਰਤੋਂ ਕੀਤੀ ਗਈ ਹੈ ਅਤੇ ਲਗਪਗ ਸਭਨਾਂ ਹੀ ਰਚਨਾਕਾਰਾਂ ਨੇ ਇਸ ਸ਼ੈਲੀ ਦੀ ਅੰਤਰਗਤ ਕਹਾਣੀ ਨੂੰ ਪ੍ਰਭਾਵਕਾਰੀ ਬਣਾਉਣ ਦੇ ਵੱਖ ਵੱਖ ਸਾਧਨਾਂ, ਭਾਸ਼ਾਈ ਕੁਸ਼ਲਤਾ, ਵਾਤਾਵਰਣ ਦੀ ਸਿਰਜਣਾ, ਸੰਵਾਦ, ਨਾਟਕੀਅਤਾ ਆਦਿ ਦੀ ਕੁਸ਼ਲ ਵਰਤੋਂ ਕਰ ਸਕਣ ਦੀ ਮੁਹਾਰਤ ਦਾ ਚੋਖਾ ਪ੍ਰਮਾਣ ਦਿੱਤਾ ਹੈ। ਇਹ ਨਿਸਚਿਤ ਮਿਆਰ ਨੂੰ ਛੋਂਹਦੀਆਂ ਹੋਈਆਂ ਇਸ ਪੁਸਤਕ ਵਿਚਲੀਆਂ ਕਹਾਣੀਆਂ, ਯਥਾਰਥਮੁਖ ਹੋਣ ਸਦਕਾ, ਪੰਜਾਬੀ ਕਹਾਣੀ-ਸਾਹਿਤ ਨੂੰ ਵਿਸ਼ੈਗਤ ਪਾਸਾਰ ਦੇ ਨਾਲ ਨਾਲ ਭਾਸ਼ਾਈ ਪਾਸਾਰ ਵੀ ਦਿੰਦੀਆਂ ਹਨ ।

ਪੰਜਾਬੀ ਕਥਾ-ਸਾਹਿਤ ਦੇ ਇਕ ਅਹਿਮ ਦੁਆਰ ਨੂੰ ਖੋਲ੍ਹਣ ਵਾਲੀ ਇਸ ਪੁਸਤਕ 'ਕਥਾ ਕਨੇਡਾ' ਦਾ ਮੈਂ ਭਰਪੂਰ ਸਵਾਗਤ ਕਰਦਾ ਹਾਂ ।

'ਸਿਰਜਣਾ', ਚੰਡੀਗੜ੍ਹ : 1 ਜਨਵਰੀ, 1999 — *ਰਘਬੀਰ ਸਿੰਘ*

## ਤਤਕਰਾ


| | | | |
|---|---|---|---|
| | ਪ੍ਰਵੇਸ਼ | | 1 |
| 1. | ਦੋ ਟਾਪੂ | ਜਰਨੈਲ ਸਿੰਘ | 5 |
| 2. | ਮੇਲੋ ਦੀ ਕਹਾਣੀ | ਸੁਰਜੀਤ ਕਲਸੀ | 28 |
| 3. | ਮੁੱਖੜਾ ਚੰਨ ਵਰਗਾ | ਅਮਰਜੀਤ ਚਾਹਲ | 39 |
| 4. | ਸਰਦ ਰਿਸ਼ਤੇ | ਅਮਨਪਾਲ ਸਾਰਾ | 46 |
| 5. | ਪੁਰਸਲਾਤ | ਸਾਧੂ ਸਿੰਘ | 52 |
| 6. | ਇਕ ਹੋਰ ਹੈਮਿੰਗਵੇ | ਰਵਿੰਦਰ ਰਵੀ | 63 |
| 7. | ਜੂਠੀ ਪਲੇਟ | ਸੁਖਵੰਤ ਹੁੰਦਲ | 70 |
| 8. | ਬੇਗਾਨੀਆਂ ਕੰਧਾਂ | ਮੇਜਰ ਮਾਂਗਟ | 74 |
| 9. | ਵਿਚਕਾਰਲੀ ਸੜਕ | ਹਰਪ੍ਰੀਤ ਸੇਖਾ | 86 |
| 10. | ਸੱਖਣਾ ਦਿਲ | ਸ਼ਮਸ਼ੇਰ ਭੱਟੀ | 91 |
| 11. | ਬਰਫ ਦਾ ਗੀਤ | ਸਾਧੂ | 100 |
| | ਅੰਤਿਕਾ – 1 | | 127 |
| | ਅੰਤਿਕਾ – 2 | | 134 |
| | ਲੇਖਕਾਂ ਦੇ ਪਤੇ | | 135 |

# ਪ੍ਰਵੇਸ਼

ਪੰਜਾਬੀ ਬੋਲੀ ਤੇ ਸਾਹਿਤ ਸਹੀ ਅਰਥਾਂ ਵਿਚ ਅੰਤਰਰਾਸ਼ਟਰੀ ਬਣ ਚੁੱਕਿਆ ਹੈ। ਇਸ ਸਮੇਂ ਪੰਜਾਬੀ ਬੋਲਣ ਵਾਲੇ ਲੋਕ ਦੁਨੀਆਂ ਦੇ 124 ਮੁਲਕਾਂ ਵਿਚ ਵਸਦੇ ਹਨ। ਜਿਨ੍ਹਾਂ ਮੁਲਕਾਂ ਵਿਚ ਪਿਛਲੇ ਚਾਰ ਪੰਜ ਦਹਾਕਿਆਂ ਦੌਰਾਨ ਪੰਜਾਬੀ ਗਏ ਹਨ ਉਥੇ ਵੱਧ ਘੱਟ ਗਿਣਤੀ ਵਿਚ ਪੰਜਾਬੀ ਸਾਹਿਤ ਵੀ ਰਚਿਆ ਜਾ ਰਿਹਾ ਹੈ। ਹੁਣ ਤੱਕ ਗਿਣਤੀ ਪੱਖੋਂ ਸੱਭ ਤੋਂ ਵੱਧ ਸਾਹਿਤ ਇੰਗਲੈਂਡ, ਕਨੇਡਾ ਤੇ ਅਮਰੀਕਾ ਵਿਚ ਰਚਿਆ ਗਿਆ ਜਾਂ ਰਚਿਆ ਜਾ ਰਿਹਾ ਹੈ।

ਪੰਜਾਬ ਤੋਂ ਬਾਹਰ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਇੰਗਲੈਂਡ ਵਿਚ ਸੱਭ ਤੋਂ ਵੱਧ ਸਰਗਰਮੀ ਰਹੀ ਹੈ। ਭਾਵੇਂ ਕਨੇਡਾ ਦੀ ਕਹਾਣੀ ਨੇ ਅਜੇ ਇੰਗਲੈਂਡ ਦੀ ਪੰਜਾਬੀ ਕਹਾਣੀ ਦੇ ਮੁਕਾਬਲੇ ਆਪਣੀ ਵਿਲੱਖਣ ਪਛਾਣ ਕਾਇਮ ਨਹੀਂ ਕੀਤੀ ਤੇ ਨਾ ਹੀ ਕਨੇਡਾ ਦਾ ਕੋਈ ਲੇਖਕ ਵਿਅਕਤੀਗਤ ਪੱਧਰ 'ਤੇ ਉਸ ਹੱਦ ਤੱਕ ਸਥਾਪਤ ਹੋਇਆ ਹੈ ਪਰ ਹੁਣ ਇਹ ਸਥਿਤੀ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਕਨੇਡਾ ਦੇ ਕਈ ਕਹਾਣੀਕਾਰਾਂ ਦੀਆਂ ਕਹਾਣੀਆਂ ਕਾਫੀ ਚਰਚਾ ਦਾ ਵਿਸ਼ਾ ਬਣ ਰਹੀਆਂ ਹਨ। ਇੱਥੇ ਕਹਾਣੀਕਾਰਾਂ ਵਿਚ ਉਹ ਲੇਖਕ ਵੀ ਸ਼ਾਮਲ ਹਨ ਜੋ ਕਨੇਡਾ ਵਿਚ ਕਾਫੀ ਦੇਰ ਤੋਂ ਰਹਿ ਰਹੇ ਹਨ ਜਾਂ ਜਿਹਨਾਂ ਨੇ ਏਥੇ ਆ ਕੇ ਲਿਖਣਾ ਸ਼ੁਰੂ ਕੀਤਾ ਹੈ, ਨਾਲ ਹੀ ਨਿੱਤ ਨਵੇਂ ਕਹਾਣੀਕਾਰ ਪੰਜਾਬ ਤੋਂ ਆ ਕੇ ਇਸ ਸਰਗਰਮੀ ਵਿਚ ਸ਼ਾਮਲ ਹੋ ਰਹੇ ਹਨ।

ਬੇਸ਼ੱਕ ਕਨੇਡਾ ਵਿਚ ਰਚੀ ਜਾ ਰਹੀ ਕਵਿਤਾ ਦੇ ਮੁਕਾਬਲੇ ਕਹਾਣੀ ਦੀ ਤੋਰ ਮੱਧਮ ਹੈ ਪਰ ਫੇਰ ਵੀ ਹੁਣ ਤੱਕ ਗੌਰ ਕਰਨ ਜੋਗੀ ਕਹਾਣੀ ਲਿਖੀ ਜਾ ਚੁੱਕੀ ਹੈ। ਸਾਡੀ ਖੋਜ ਮੁਤਾਬਕ ਇੱਥੋਂ ਛਪਦੇ ਰਹੇ ਜਾਂ ਛਪ ਰਹੇ ਪੰਜਾਬੀ ਦੇ ਰਸਾਲਿਆ ਵਿਚ ਹੀ ਹੁਣ ਤੱਕ ਦੋ ਸੌ ਤੋਂ ਉੱਪਰ ਕਹਾਣੀਆਂ ਛੱਪ ਚੁੱਕੀਆਂ ਹਨ। ਇਸ ਤੋਂ ਬਿਨਾਂ ਇੱਥੋਂ ਨਿਕਲਦੀਆਂ ਅਖਬਾਰਾਂ ਵਿਚ ਅਤੇ ਪੰਜਾਬ ਦੇ ਰਸਾਲਿਆਂ ਅਤੇ ਅਖਬਾਰਾਂ ਵਿਚ ਵੀ ਕਨੇਡਾ ਦੇ ਲੇਖਕਾਂ ਦੀਆਂ ਕਹਾਣੀਆਂ ਆਮ ਛਪਦੀਆਂ ਰਹਿੰਦੀਆਂ ਹਨ। ਵਤਨੋਂ ਦੂਰ ਵਲੋਂ 1978 ਤੇ 1980

ਵਿਚ ਵਿਸ਼ੇਸ਼ ਕਹਾਣੀ ਅੰਕ ਕੱਢੇ ਗਏ ਸਨ ਜਿਨ੍ਹਾਂ ਵਿਚ 33 ਕਹਾਣੀਆਂ ਸ਼ਾਮਲ ਸਨ। ਉਦੋਂ ਤੋਂ ਲੈ ਕੇ ਇਹ ਸਰਗਰਮੀ ਵਧੀ ਹੀ ਹੈ ਘਟੀ ਨਹੀਂ। ਕਨੇਡਾ ਵਿਚ ਰਹਿ ਕੇ ਲਿਖ ਰਹੇ ਪੰਦਰਾਂ ਤੋਂ ਉੱਪਰ ਲੇਖਕਾਂ ਦੇ ਦੋ ਦਰਜਨ ਦੇ ਕਰੀਬ ਕਹਾਣੀ ਸੰਗ੍ਰਹਿ ਵੀ ਛਪ ਚੁੱਕੇ ਹਨ। ਕਈ ਹੋਰ ਲੇਖਕ ਜੋ ਕਾਫੀ ਦੇਰ ਤੋਂ ਲਿਖ ਰਹੇ ਹਨ ਆਪਣੇ ਕਹਾਣੀ ਸੰਗ੍ਰਹਿ ਛਪਵਾਉਣ ਦੇ ਅਮਲ ਵਿਚ ਹਨ।

ਕਨੇਡਾ ਦੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਏਨੀ ਸਰਗਰਮੀ ਹੋਣ ਦੇ ਬਾਵਜੂਦ ਵੀਂ ਅਜੇ ਤੱਕ ਕੋਈ ਵੀ ਸੰਪਾਦਤ-ਸੰਗ੍ਰਹਿ ਨਹੀਂ ਛਪਿਆ। ਚਾਹੀਦਾ ਤਾਂ ਇਹ ਸੀ ਕਿ ਹੁਣ ਤੱਕ ਘੱਟੋ ਘੱਟ ਤਿੰਨ ਚਾਰ ਅਜਿਹੇ ਸੰਗ੍ਰਹਿ ਛਪੇ ਹੁੰਦੇ ਤਾਂਕਿ ਪੰਜਾਬੀ ਪਾਠਕ ਕਨੇਡਾ ਦੀ ਕਹਾਣੀ ਨਾਲ ਠੋਸ ਰੂਪ ਵਿਚ ਆਪਣੀ ਜਾਣ ਪਛਾਣ ਕਾਇਮ ਕਰ ਚੁੱਕਿਆ ਹੁੰਦਾ। ਇਹ ਘਾਟ ਕਾਫੀ ਦੇਰ ਤੋਂ ਰੜਕ ਰਹੀ ਸੀ। ਇਹ ਹਥਲਾ ਸੰਗ੍ਰਹਿ ਇਸੇ ਘਾਟ ਨੂੰ ਪੂਰਾ ਕਰਨ ਦਾ ਯਤਨ ਹੈ।

ਪਹਿਲਾਂ ਕਿਸੇ ਸੰਗ੍ਰਹਿ ਦੀ ਘਾਟ ਕਾਰਨ ਸਾਡੇ ਲਈ ਇਸ ਕਿਤਾਬ ਵਾਸਤੇ ਕਹਾਣੀਆਂ ਦੀ ਚੋਣ ਕਰਨ ਦਾ ਕੰਮ ਕਾਫੀ ਮੁਸ਼ਕਿਲ ਸਾਬਤ ਹੋਇਆ। ਚੁਣੀਆਂ ਕਹਾਣੀਆਂ ਤੋਂ ਬਿਨਾਂ ਸਾਨੂੰ ਕਿੰਨੀਆਂ ਹੀ ਹੋਰ ਕਹਾਣੀਆਂ ਅਜਿਹੀਆਂ ਲੱਗੀਆਂ ਜੋ ਇਸ ਸੰਗ੍ਰਹਿ ਵਿਚ ਸ਼ਾਮਲ ਹੋਣ ਯੋਗ ਸਨ। ਪਰ ਸਾਰੀਆਂ ਕਹਾਣੀਆਂ ਨੂੰ ਸ਼ਾਮਲ ਕਰਨਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ। ਇੱਥੇ ਸ਼ਾਮਲ ਕਹਾਣੀਕਾਰਾਂ ਤੋਂ ਬਿਨਾਂ ਕਿੰਨੇ ਹੋਰ ਲੇਖਕ ਹਨ ਜਿਹਨਾਂ ਦੀਆਂ ਕਹਾਣੀਆਂ ਗੰਭੀਰ ਧਿਆਨ ਦੀ ਮੰਗ ਕਰਦੀਆਂ ਹਨ ਜਿਨ੍ਹਾਂ ਵਿਚੋਂ ਕੁਝ ਨਾਂ ਹਨ: ਅਵਤਾਰ ਗਿੱਲ, ਜਗਦੇਵ ਜਟਾਣਾ, ਯੁਵਰਾਜ ਰਤਨ, ਤੇਜ ਸੰਧੂ ਅਤੇ ਹਰਭਜਨ ਹਾਂਸ ਆਦਿ।

ਇਸ ਸੰਗ੍ਰਹਿ ਦੇ ਅਖੀਰ 'ਤੇ ਅਸੀਂ ਦੋ ਅੰਤਿਕਾ ਦੇ ਰਹੇ ਹਾਂ। ਪਹਿਲੀ ਅੰਤਿਕਾ ਵਿਚ ਉਨ੍ਹਾਂ ਕਹਾਣੀਆਂ ਦੀ ਸੂਚੀ ਦਿੱਤੀ ਗਈ ਹੈ ਜੋ ਹੁਣ ਤੱਕ ਕਨੇਡਾ ਦੇ ਪੰਜਾਬੀ ਰਸਾਲਿਆਂ ਵਿਚ ਛਪੀਆਂ ਹਨ। ਦੂਸਰੀ ਅੰਤਿਕਾ ਵਿਚੰ ਕਨੇਡਾ ਦੇ ਕਹਾਣੀਕਾਰਾਂ ਦੇ ਛਪ ਚੁੱਕੇ ਸੰਗ੍ਰਹਿਆਂ ਦੀ ਸੂਚੀ ਹੈ। ਇਸ ਵਿਚ ਇਨ੍ਹਾਂ ਕਹਾਣੀਕਾਰਾਂ ਦੇ ਉਹ ਸੰਗ੍ਰਹਿ ਦਰਜ ਨਹੀਂ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਸਿਰਫ ਉਹ ਕਹਾਣੀਆਂ ਹੀ ਸ਼ਾਮਲ ਸਨ ਜੋ ਉਨ੍ਹਾਂ ਨੇ ਇੱਥੇ ਆਉਣ ਤੋਂ ਪਹਿਲਾਂ ਲਿਖੀਆਂ



ਸਨ। ਸਾਨੂੰ ਪੂਰਨ ਆਸ ਹੈ ਕਿ ਇਹ ਜਾਣਕਾਰੀ ਉਨ੍ਹਾਂ ਪਾਠਕਾਂ, ਅਲੋਚਕਾਂ ਅਤੇ ਵਿਦਿਆਰਥੀਆਂ ਵਾਸਤੇ ਲਾਹੇਵੰਦ ਸਾਬਤ ਹੋਵੇਗੀ ਜੋ ਕਨੇਡਾ ਦੀ ਕਹਾਣੀ ਬਾਰੇ ਹੋਰ ਜਾਨਣ ਦੇ ਚਾਹਵਾਨ ਹੋਣਗੇ।

ਇਹ ਸੰਗ੍ਰਹਿ ਅਸੀਂ ਗਿਆਨੀ ਕੇਸਰ ਸਿੰਘ ਜੀ ਹੋਰਾਂ ਨੂੰ ਸਮਰਪਤ ਕਰ ਰਹੇ ਹਾਂ। ਸਾਡੀ ਨਜ਼ਰ ਵਿਚ ਉੱਤਰੀ ਅਮਰੀਕਾ ਵਿਚ ਆਏ ਪੰਜਾਬੀ ਪਰਵਾਸੀਆਂ ਦੀ ਕਹਾਣੀ ਦੱਸਣ ਵਿਚ ਉਨ੍ਹਾਂ ਸੱਭ ਤੋਂ ਵੱਧ ਹਿੱਸਾ ਪਾਇਆ ਹੈ ਅਤੇ ਲਗਾਤਾਰ ਪਾ ਰਹੇ ਹਨ।

ਅਸੀਂ ਉਹਨਾਂ ਕਹਾਣੀਕਾਰ ਦੋਸਤਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਸੰਗ੍ਰਹਿ ਵਿਚ ਆਪਣੀਆਂ ਕਹਾਣੀਆਂ ਛਾਪਣ ਦੀ ਸਾਨੂੰ ਇਜਾਜ਼ਤ ਦਿੱਤੀ ਹੈ। ਅਸੀਂ ਭਾ ਜੀ ਗੁਰਸ਼ਰਨ ਸਿੰਘ ਹੋਰਾਂ ਦੇ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਕਨੇਡਾ ਫੇਰੀ ਸਮੇਂ ਸਾਨੂੰ ਇਹ ਸੰਗ੍ਰਹਿ ਤਿਆਰ ਕਰਨ ਵਾਸਤੇ ਪ੍ਰੇਰਿਆ ਅਤੇ ਇਸ ਨੂੰ ਛਾਪਣ ਦੀ ਜ਼ਿੰਮੇਵਾਰੀ ਲਈ।

ਸੁਖਵੰਤ ਹੁੰਦਲ
ਸਾਧੂ ਬਿਨਿੰਗ
(ਵੈਨਕੂਵਰ, ਬੀ. ਸੀ. ਅਕਤੂਬਰ, 1996)

# ਦੋ ਟਾਪੂ

## ਜਰਨੈਲ ਸਿੰਘ

ਪੁਸ਼ਪਿੰਦਰ ਨੂੰ ਬਹੁਤਾ ਕੁਝ ਕਰਨ ਦੀ ਲੋੜ ਨਹੀਂ ਸੀ ਪੈ ਰਹੀ। ਸਵੀ ਤੇ ਨਿੱਕੋ ਆਪਣੇ ਆਪ ਹੀ ਤਿਆਰ ਹੋਈ ਜਾ ਰਹੇ ਸਨ। ਸੋ ਨਿੱਕੋ ਦੇ ਵਾਲ ਸੁਆਰ ਕੇ ਉਹ ਬੈੱਡ-ਰੂਮ 'ਚ ਖਿੱਲਰੀਆਂ ਚੀਜ਼ਾਂ ਸਾਂਭਣ ਲੱਗ ਪਈ।

"ਦੇਖਿਆ ਮੈਂ ਈ ਕਿਹਾ ਸੀ ਡੈਡ ਨੂੰ...।" ਨੌਆਂ ਸਾਲਾਂ ਦਾ ਸਵੀ ਹੁੱਬ ਹੁੱਬ ਕੇ ਨਿੱਕੋ ਨੂੰ ਦੱਸਣ ਲੱਗ ਪਿਆ ਕਿ ਉਸਦੀ ਫਰਮਾਇਸ਼ 'ਤੇ ਹੀ ਉਨ੍ਹਾਂ ਦਾ ਡੈਡ ਉਨ੍ਹਾਂ ਨੂੰ ਨਿਆਗਰਾ ਫਾਲਜ਼ ਘੁਮਾਉਣ ਲਿਜਾ ਰਿਹਾ ਸੀ।

"ਐ ਹੈ ਹੈਅ, ਤੂੰ ਨਾ ਤੂੰ", ਛੇ ਸਾਲਾਂ ਦੀ ਨਿੱਕੋ ਆਪਣੇ ਭਰਾ ਦਾ ਮਜ਼ਾਕ ਜਿਹਾ ਉਡਾਂਦਿਆਂ ਬੋਲੀ, "ਡੈਡ ਨੇ ਕਲ੍ਹ ਮੈਨੂੰ ਫੂਨ 'ਤੇ ਪੁਚਿਆ ਤੀ। ਐਂਡ ਆਈ ਸੈੱਡ ਯੈੱਸ, ਵੀ ਮਸਟ।"

"ਬਟ ਇਟ ਵਾਜ਼ ਮਾਈ ਆਈਡੀਆ।"

"ਦੈੱਨ ਵਹਟ?"

ਤੇ ਫਿਰ ਉਹ ਵਿੰਗੇ ਟੇਢੇ ਮੂੰਹ ਬਣਾ ਬਣਾ ਇੱਕ ਦੂਜੇ ਨੂੰ ਖਿਝਾਉਣ ਲੱਗ ਪਏ।

"ਤਿਆਰ ਤਾਂ ਹੋ ਗਏ ਆਂ, ਹੁਣ ਜਾਂਦੇ ਕਿਉਂ ਨਹੀਂ?" ਸਿਟਿੰਗ ਰੂਮ ਵੱਲ ਨੂੰ ਅੱਖਾਂ ਦਾ ਇਸ਼ਾਰਾ ਕਰਦਿਆਂ ਪੁਸ਼ਪਿੰਦਰ ਨੇ ਕਿਹਾ। ਕਿਰਾਏ 'ਤੇ ਲਏ ਹੋਏ ਇਸ ਬੇਸਮੈਂਟ ਵਿਚ ਬੈੱਡ-ਰੂਮ, ਸਿਟਿੰਗ ਰੂਮ ਤੇ ਰਸੋਈ ਨਾਲ ਨਾਲ ਹੀ ਪੈਂਦੇ ਸਨ।

ਚਾਮਲ੍ਹੇ ਹੋਏ ਨਿਆਣੇ ਆਪਣੀ ਮੰਮੀ ਦੀ ਇਹ ਗੱਲ ਸੁਣ ਕੇ ਸੰਜੀਦਾ ਜਿਹੇ ਹੋ ਗਏ। ਪਾਸ਼ੀ ਪਿਛਲੇ ਕੁਝ ਸਮੇਂ ਤੋਂ ਸਵੀ ਤੇ ਨਿੱਕੋ ਵਿੱਚ ਇਕ ਪਰਿਵਰਤਨ ਮਹਿਸੂਸ ਕਰ ਰਹੀ ਸੀ। ਹਰੇਕ ਤੀਜੇ ਵੀਕ ਐਂਡ 'ਤੇ ਜਦੋਂ ਬਲਰਾਜ ਉਨ੍ਹਾਂ ਨੂੰ ਆਪਣੇ ਕੋਲ ਲਿਜਾਣ ਲਈ ਫ਼ੋਨ 'ਤੇ ਪੁੱਛਦਾ ਤਾਂ ਚਾਅ ਜਿਹੇ ਵਿਚ ਉਹ ਪ੍ਰੋਗਰਾਮ ਬਣਾ ਲੈਂਦੇ, ਖ਼ੁਸ਼ੀ ਖ਼ੁਸ਼ੀ ਤਿਆਰ ਵੀ ਹੋ ਜਾਂਦੇ। ਪਰ ਤੁਰਨ ਲੱਗਿਆਂ ਉਨ੍ਹਾਂ ਬੱਚਿਆਂ ਵਾਂਗ ਸੰਜੀਦਾ ਹੋ ਜਾਂਦੇ

ਜਿਨ੍ਹਾਂ ਨੇ ਆਪ ਤਾਂ ਦੌੜ ਕੇ, ਮੇਲੇ ਨੂੰ ਜਾ ਰਹੀ ਬੱਸ ਫੜ ਲਈ ਹੋਵੇ ਪਰ ਉਨ੍ਹਾਂ ਦੀ ਥੱਕੀ ਹੋਈ ਮਾਂ ਕਿੱਧਰੇ ਪਿਛਾਂਹ ਹੀ ਰਹਿ ਗਈ ਹੋਵੇ।

ਜਦੋਂ ਨਿਆਣੇ ਨਾ ਹੀ ਹਿੱਲੇ ਤਾਂ ਪਾਸ਼ੀ ਆਪ ਉਨ੍ਹਾਂ ਨੂੰ ਸਿਟਿੰਗ-ਰੂਮ 'ਚ ਲੈ ਆਈ। ਉਸ ਨੇ ਦੇਖਿਆ ਕਿ ਬਲਰਾਜ ਟੀ. ਵੀ. ਲਾਈ ਬੈਠਾ ਸੀ। ਪਿਛਲੀ ਵਾਰ ਵੀ ਉਸ ਨੇ ਇੰਝ ਹੀ ਕੀਤਾ ਸੀ। ਪਰ ਉਸ ਤੋਂ ਪਹਿਲਾਂ, ਉਹ ਆ ਕੇ ਚੁੱਪ-ਚਾਪ ਸੋਫੇ 'ਤੇ ਬੈਠ ਰਹਿੰਦਾ। ਸ਼ੁਰੂ ਸ਼ੁਰੂ ਵਿਚ ਤਾਂ ਉਹ ਸਰਦਲ ਵੀ ਨਹੀਂ ਸੀ ਟੱਪਦਾ ਹੁੰਦਾ। ਫੋਨ ਕਰਕੇ ਇਸ ਹਿਸਾਬ ਨਾਲ ਪਹੁੰਚਦਾ ਕਿ ਦੋਨੋਂ ਬੱਚੇ ਤਿਆਰ ਹੁੰਦੇ ਤੇ ਨਾਲ ਲੈ ਕੇ ਟੁਰ ਜਾਂਦਾ। ਤੇ ਜੇ ਕਰ ਕਦੀ ਕਦਾਈਂ ਉਹ ਤਿਆਰ ਨਾ ਹੋਏ ਹੁੰਦੇ ਤਾਂ ਉਹ ਬਾਹਰ ਹੀ ਆਪਣੀ ਕਾਰ 'ਚ ਬੈਠ ਕੇ ਇੰਤਜ਼ਾਰ ਕਰ ਲੈਂਦਾ।

"ਚੱਲੀਏ ਬਈ!" ਨਿਆਣਿਆਂ ਵੱਲ ਵੇਖਦਿਆਂ ਬਲਰਾਜ ਨੇ ਟੀ. ਵੀ. ਬੰਦ ਕਰ ਦਿੱਤਾ ਤੇ ਸੋਫੇ ਤੋਂ ਉੱਠ ਖਲੋਇਆ।

ਪਾਸ਼ੀ ਤੇ ਬਲਰਾਜ ਆਹਮੋ ਸਾਹਮਣੇ ਖੜ੍ਹੇ ਸਨ, ਕੋਲ ਕੋਲ ਖਲੋਤੇ ਦੋ ਟਾਪੂਆਂ ਵਾਂਗ। ਆਪੋ ਆਪਣੀ ਹਸਤੀ ਦੇ ਮਾਲਕ। ਸਮੁੰਦਰ 'ਚ ਗੁਆਚੇ ਹੋਏ ਮਲਾਹ ਵਰਗਾ ਬਲਰਾਜ ਦਾ ਚਿਹਰਾ ਵੇਖਦਿਆਂ ਪਾਸ਼ੀ ਅੰਦਰੋਂ 'ਮੈਨੂੰ ਕੀ' ਦੀ ਆਵਾਜ਼ ਆਈ ਸੀ ਜਾਂ ਕੁਝ ਹੋਰ, ਉਹ ਸਮਝ ਨਹੀਂ ਸੀ ਸਕੀ।

"ਸ਼ਾਮ ਨੂੰ ਮੁੜਦਿਆਂ ਸਾਨੂੰ ਦੇਰ ਹੋ ਜਾਣੀ ਆਂ।" ਏਸ ਕਰਕੇ ਟੈਲੀਫੋਨ ਨਹੀਂ ਕਰ ਹੋਣਾ। ਓਦਾਂ ਕਲ੍ਹ ਨੂੰ ਦਸ ਕੁ ਵਜੇ ਇਨ੍ਹਾਂ ਨੂੰ ਛੱਡ ਜਾਊਂਗਾ।" ਬਲਰਾਜ ਨੂੰ ਇੰਜ ਲੱਗਾ ਜਿਵੇਂ ਉਸ ਦੀ ਆਵਾਜ਼ ਅੱਧ ਵਿਚਕਾਰੋਂ ਟੁੱਟ ਕੇ ਥੱਲੇ ਡਿੱਗ ਪਈ ਹੋਵੇ।

"ਠੀਕ ਆ"। ਪਾਸ਼ੀ ਦੀ ਆਵਾਜ਼ *ਅੰਸਰਿੰਗ ਮਸ਼ੀਨ* ਵਰਗੀ ਸੀ।

ਨਿਆਣਿਆਂ ਦੀ ਨਿਗ੍ਹਾ ਆਪਣੀ ਮੰਮੀ ਵਲੋਂ ਹੁੰਦੀ ਹੋਈ ਡੈਡੀ ਵੱਲ ਚਲੇ ਗਈ। ਉਨ੍ਹਾਂ "ਬਾਇ ਮੌਮ" ਕਿਹਾ ਤੇ ਡੈਡ ਦੇ ਹੱਥਾਂ ਨਾਲ ਲੱਗੇ ਬੂਹਿਓਂ ਬਾਹਰ ਹੋ ਗਏ।

ਭੁੱਖ ਮਹਿਸੂਸ ਕਰਦਿਆਂ ਪਾਸ਼ੀ ਨਾਸ਼ਤਾ ਤਿਆਰ ਕਰਨ ਲੱਗ ਪਈ। ਉਸਨੇ ਨਿਆਣਿਆਂ ਨੂੰ ਤਾਂ ਖੁਆ ਦਿੱਤਾ ਸੀ ਪਰ ਆਪ ਅਜੇ ਤੱਕ ਖਾ ਨਹੀਂ ਸੀ ਸਕੀ... ਪਤਾ ਨਹੀਂ ਇਹ ਬੇਸਮੈਂਟ ਵਿਚਲੀ ਚੁੱਪ ਸੀ ਜਾਂ ਕੋਈ ਹੋਰ ਕਾਰਨ ਕਿ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦੇ ਅੰਦਰਲੀ ਕਾਹਲ ਨੂੰ ਊਂਘ ਆ ਗਈ ਹੋਵੇ... ਕਾਹਲ ਜੋ ਕਨੇਡਾ ਆ





ਕੇ ਉਸਦੇ ਸਿਰ ਨੂੰ ਅਜਿਹੀ ਚੜ੍ਹੀ ਕਿ ਪੋਟੇ ਪੋਟੇ ਵਿਚ ਉੱਤਰ ਗਈ ਸੀ। ਸੋਫੇ 'ਤੇ ਬੈਠਿਆਂ ਮਟਰਾਂ ਵਾਲੇ ਪਰਾਉਂਠੇ ਦਾ ਸਵਾਦ ਮਾਣਦਿਆਂ ਉਸਨੂੰ ਆਪਣੀ ਇਸ ਵਕਤ ਦੀ ਇਕੱਲ ਸ਼ਾਇਦ ਚੰਗੀ ਲੱਗ ਰਹੀ ਸੀ। ਕਿੰਨਾ ਥਕਾ ਦਿੰਦੇ ਸਨ ਨਿਆਣੇ ਉਸਨੂੰ। ਫਿਰ ਜੌਬ ਤੇ ਘਰ ਦੇ ਹੋਰ ਝੰਝਟ। 'ਬੰਦਾ 'ਕੱਲਾ ਹੀ ਹੋਣਾ ਚਾਹੀਦੈ। ਨਾ ਬਹੁਤਾ ਖਲਾਰਾ ਨਾ ਬਹੁਤੀ ਦੌੜ ਭੱਜ।' ਉਹ ਬੁੜਬੁੜਾਈ। 'ਪਰ 'ਕੱਲਾ ਤਾਂ ਕਹਿੰਦੇ ਆ ਪਈ ਦਰੱਖਤ ਵੀ ਨਾ ਹੋਵੇ।' ਉਸਨੇ ਆਪਣੇ ਆਪ 'ਤੇ ਸਵਾਲ ਕੀਤਾ। ਪਰੌਂਠੇ ਵਾਲੀ ਖਾਲੀ ਪਲੇਟ ਕੌਫੀ-ਟੇਬਲ 'ਤੇ ਪਰੇ ਕਰਦਿਆਂ ਉਸਨੇ ਚਾਹ ਦਾ ਕੱਪ ਚੁੱਕਿਆ ਤੇ ਫਿਰ ਟੀ. ਵੀ. ਦਾ ਰਿਮੋਟ ਨੱਪ ਦਿੱਤਾ। ਪੰਜਾਬੀ ਪ੍ਰੋਗਰਾਮ ਵਿੱਚ ਸੁਹਾਗ ਦਾ ਗੀਤ ਚੱਲ ਰਿਹਾ ਸੀ:

ਘਰ ਵੀ ਮੈਂ ਟੋਲਿਆ, ਧੀ ਦਾ ਵਰ ਵੀ ਮੈਂ ਟੋਲਿਆ।
ਇੱਕ ਨਾ ਟੋਲਿਆ, ਧੀ ਆਪਣੀ ਦਾ ਲੇਖ।

ਚਾਹ ਦੇ ਵਿਰਲੇ ਵਿਰਲੇ ਘੁੱਟ ਭਰਦਿਆਂ ਪਾਸ਼ੀ ਉਸ ਟਿਕੀ ਹੋਈ ਰਾਤ ਵਿਚ ਗਵਾਚ ਗਈ ... ਢੋਲਕੀ ਦੀ ਤਾਲ... ਚੰਦ ਦੀ ਮੁਲਾਇਮ ਜਿਹੀ ਚਾਨਣੀ ਹੇਠ ਸੁੱਤਾ ਹੋਇਆ ਪਿੰਡ... ਪਾਸ਼ੀ ਹੁਰਾਂ ਦੇ ਵਿਹੜੇ ਵਿਚ ਉਸ ਦੁਆਲੇ ਇਕੱਠੀਆਂ ਹੋਈਆਂ ਕੁੜੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਵਿਚ ਸੁਹਾਗ ਦੀਆਂ ਸੁਰਾਂ।

ਸਰਕਾਰੀ ਨੌਕਰੀ ਦੇ ਨਾਲ ਨਾਲ ਖੇਤੀ ਨੂੰ ਵੀ ਹੱਥ-ਪੱਲਾ ਮਾਰਦੇ ਪ੍ਰੀਤਮ ਸਿੰਘ ਨੇ ਆਪਣੀ ਧੀ ਦੇ ਵਿਆਹ 'ਤੇ ਖਰਚ ਕਰਨ ਲੱਗਿਆਂ ਸੀ ਨਹੀਂ ਸੀ ਕੀਤੀ। ਮੁੰਡਾ ਆਖਰ ਕਨੇਡਾ ਤੋਂ ਆਇਆ ਹੋਇਆ ਸੀ। ਪਾਸ਼ੀ ਦੇ ਮਾਪਿਆਂ, ਭਰਾ, ਭੈਣ ਤੇ ਰਿਸ਼ਤੇਦਾਰਾਂ ਨੇ ਉਸਨੂੰ 'ਕਰਮਾਂ ਵਾਲੀ ਕੁੜੀ' ਕਿਹਾ ਸੀ... ਕਾਲਿਜ ਦੀਆਂ ਸੁਹਣੀਆਂ ਕੁੜੀਆਂ ਵਿਚ ਗਿਣੀ ਜਾਂਦੀ, ਐਮ. ਐਸ. ਸੀ. ਕਰ ਰਹੀ ਪਾਸ਼ੀ ਖੁਸ਼ ਸੀ। ਆਮ ਮੁੰਡੇ ਕੁੜੀਆਂ ਵਾਂਗ ਉਸਦੇ ਮਨ ਵਿਚ ਵੀ ਕਨੇਡਾ, ਅਮਰੀਕਾ ਵਰਗੇ ਮੁਲਕ ਵਿਚ ਪਹੁੰਚਣ ਦੀ ਇੱਛਾ ਸੀ। ਉਸਦੀ ਖੁਸ਼ੀ ਦੀ ਇਕ ਗੱਲ ਇਹ ਵੀ ਸੀ ਕਿ 'ਬਾਹਰਲੇ ਮੁਲਕ' ਦੇ ਲਾਲਚ ਵਿਚ ਉਸਨੂੰ ਕਿਸੇ ਬੁੱਢੇ-ਠੇਰੇ, ਕਾਣੇ, ਟੀਰੇ ਜਾਂ ਦੁਹਾਜੂ ਨਾਲ ਨਹੀਂ ਸੀ ਨਰੜਿਆ ਗਿਆ।

ਆਪਣੇ ਸੁਪਨਿਆਂ ਦੇ ਦੇਸ਼ ਕਨੇਡਾ ਪਹੁੰਚ ਕੇ ਪਾਸ਼ੀ ਨੂੰ ਪ੍ਰਸੰਨਤਾ ਹੋਈ ਸੀ। ਹਰ ਥਾਂ ਸਫਾਈ ਸੀ। ਘਰਾਂ ਵਿਚ ਗਰਮ ਠੰਡੇ ਪਾਣੀ, ਬਿਜਲੀ ਤੇ ਗੈਸ ਨਾਲ ਚਲਦੇ ਚੁੱਲ੍ਹੇ, ਮਾਈਕਰੋਵੇਵ, ਟੀ. ਵੀ., ਵੀ. ਸੀ. ਆਰ.

ਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਸਹੂਲਤਾਂ ਸਨ। ਪਹਿਨਣ ਲਈ ਚੰਗਾ ਕੱਪੜਾ-ਲੀੜਾ, ਖਾਣ ਲਈ ਚਿਕਨ, ਮੀਟ, ਫਰੂਟ, ਸਬਜ਼ੀਆਂ ਤੇ ਪੀਣ ਲਈ ਦੁੱਧ, ਭਾਂਤ ਸੁਭਾਂਤੇ ਜੂਸ ਤੇ ਪੌਪ ਡਰਿੰਕਸ। ਪਰ ਇਹ ਸਾਰਾ ਕੁਝ ਐਵੇਂ ਨਹੀਂ ਸੀ ਪ੍ਰਾਪਤ ਹੁੰਦਾ। ਪਲਾਸਟਿਕ ਫੈਕਟਰੀ ਵਿਚ ਅੱਠ ਘੰਟੇ ਖੜੀ ਲੱਤੇ ਕੰਮ ਕਰਦਿਆਂ ਪਾਸ਼ੀ ਹੰਭ ਜਾਂਦੀ। ਡਾਲਰਾਂ ਦੇ ਮੋਹ ਵਿਚ ਓਵਰਟਾਈਮ ਛੱਡ ਨਾ ਹੁੰਦਾ ਪਰ ਸਰੀਰ ਦੀ ਬੱਸ ਹੋ ਜਾਂਦੀ। ਰੋਟੀ ਟੁੱਕ ਦਾ ਕੰਮ ਤਾਂ ਕਿਸੇ ਗਿਣਤੀ 'ਚ ਹੀ ਨਹੀਂ ਸੀ। ਉਪਰੋਂ ਬਿਗਾਨੀ ਭਾਸ਼ਾ ਤੇ ਬਿਗਾਨੀ ਕਲਚਰ... ਕਲਚਰ ਵੀ ਕਾਹਦੀ? ਖਪਤ ਦੀ ਇਸ ਚੁੱਪ ਚੁਪੀਤੀ ਮੰਡੀ ਵਿਚ ਮਨੁੱਖ ਵੀ ਇਕ ਖਪਤ ਵਸਤੂ ਬਣ ਕੇ ਰਹਿ ਗਿਆ ਸੀ... ਤੇ ਦਿਨ-ਬ-ਦਿਨ ਕਿਰਦੇ ਜਾ ਰਹੇ ਆਪਣੇ ਉਤਸ਼ਾਹ ਨੂੰ ਬਿਆਨ ਕਰਦਿਆਂ ਜਦੋਂ ਉਸਨੇ ਘਰਦਿਆਂ ਨੂੰ ਚਿੱਠੀ ਲਿਖੀ ਕਿ ਕੁਝ ਨਹੀਂ ਸੀ ਰੱਖਿਆ ਹੋਇਆ ਕਨੇਡਾ 'ਚ, ਉਹ ਇੰਡੀਆ ਹੀ ਰਹੀ ਜਾਣ ਤਾਂ ਘਰਦਿਆਂ ਨੇ ਪਾਸ਼ੀ ਦੀਆਂ ਗੱਲਾਂ 'ਤੇ ਯਕੀਨ ਨਹੀਂ ਸੀ ਕੀਤਾ। ਉਨ੍ਹਾਂ ਨੇ ਉਸਨੂੰ ਜ਼ੋਰ ਪਾ ਕੇ ਲਿਖਿਆ ਸੀ ਕਿ ਉਹ ਛੇਤੀ ਤੋਂ ਛੇਤੀ ਉਨ੍ਹਾਂ ਨੂੰ ਸਪੌਂਸਰ ਕਰ ਦੇਵੇ। ਪਾਸ਼ੀ ਨੇ ਪੇਪਰ ਭਰ ਕੇ ਤੋਰ ਦਿੱਤੇ ਸਨ।

ਬਲਰਾਜ ਦਾ ਆਪਣੇ ਘਰ ਵਾਲਿਆਂ ਨੂੰ ਸਪੌਂਸਰ ਕਰਨ ਦਾ ਕੋਈ ਭਾਵ ਨਹੀਂ ਸੀ ਬਣਦਾ। ਉਸ ਦਾ ਭਰਾ ਵੀ ਤੇ ਭੈਣ ਵੀ ਉਸ ਤੋਂ ਵੱਡੇ ਸਨ। ਭੈਣ, ਜੋ ਕਨੇਡਾ ਵਿਆਹੀ ਹੋਈ ਸੀ, ਆਪਣੇ ਮਾਂ ਪਿਓ ਦੇ ਨਾਲ ਬਲਰਾਜ ਨੂੰ ਹੀ ਕਨੇਡਾ ਸੱਦ ਸਕੀ ਸੀ। ਵੱਡਾ ਭਰਾ ਵਿਆਹਿਆ ਹੋਇਆ ਹੋਣ ਕਰਕੇ ਨਹੀਂ ਸੀ ਆ ਸਕਦਾ। ਧੀ ਜੁਆਈ ਕੋਲ ਆਕੇ ਬਲਰਾਜ ਦੇ ਮਾਂ ਪਿਉ ਆਪਣੀ ਸਿਆਣੀ ਉਮਰੇ ਵੈਨਕੂਵਰ ਦੇ ਫਾਰਮਾਂ ਵਿਚ ਕੁਝ ਸਾਲ ਤਾਂ ਜਾਨ ਹੀਲਦੇ ਰਹੇ ਪਰ ਫਿਰ ਉਨ੍ਹਾਂ ਦਾ ਮਨ ਅਜਿਹਾ ਖੱਟਾ ਹੋਇਆ ਕਿ ਉਹ ਇੰਡੀਆ ਚਲੇ ਗਏ ਤੇ ਮੁੜ ਕਨੇਡਾ ਵੱਲ ਮੂੰਹ ਨਾ ਕੀਤਾ। ਤੇ ਬਲਰਾਜ ਵੈਨਕੂਵਰ ਨੂੰ ਛੱਡ ਕੇ ਕਈ ਹਜ਼ਾਰ ਮੀਲ ਦੂਰ ਟਰਾਂਟੋ ਆ ਟਿਕਿਆ ਸੀ।

ਟਰਾਂਟੋ 'ਚ ਬਲਰਾਜ ਨੇ ਆਪਣੇ ਕੁਝ ਦੋਸਤ ਬਣਾ ਲਏ ਹੋਏ ਸਨ। ਵੀਕ-ਐਂਡ 'ਤੇ ਪਾਸ਼ੀ ਨੂੰ ਕਦੀ ਉਹ ਆਪਣੇ ਰਿਸ਼ਤੇਦਾਰਾਂ ਜਾਂ ਇਨ੍ਹਾਂ ਦੋਸਤਾਂ ਦੇ ਘਰੀਂ ਲੈ ਜਾਂਦਾ ਤੇ ਕਦੀ ਉਹ ਉਨ੍ਹਾਂ ਦੇ ਘਰ ਆ ਜਾਂਦੇ। ਇਕੱਠੀਆਂ ਹੋਈਆਂ ਔਰਤਾਂ ਕੱਪੜਿਆਂ, ਗਹਿਣਿਆਂ ਆਦਿ ਦੇ ਨਵੇਂ ਫੈਸ਼ਨਾਂ ਦੀਆਂ ਗੱਲਾਂ ਛੂਹ ਬਹਿੰਦੀਆਂ ਤੇ ਮਰਦ ਬੀਅਰਾਂ, ਵਿਸਕੀਆਂ





'ਚ ਡੁੱਬੇ, ਪੰਜਾਬ ਤੇ ਕਨੇਡਾ ਦੀ ਸਿਆਸਤ ਬਾਰੇ ਟਿੱਪਣੀਆਂ ਕਰਦੇ ਕਰਦੇ, ਜੌਬਾਂ ਤੇ ਮਕਾਨਾਂ ਦੀ ਮੰਡੀ ਵਿਚ ਚਲ ਰਹੇ ਉਤਰਾਅ-ਚੜ੍ਹਾਅ ਵਿਚ ਵਹਿ ਤੁਰਦੇ।

ਘੜੀ 'ਤੇ ਨਜ਼ਰ ਪੈਂਦਿਆਂ ਹੀ ਉਹ ਕਾਹਲੀ ਨਾਲ ਉੱਠ ਖਲੋਈ। ਦੁਪਹਿਰ ਹੋ ਆਈ ਸੀ। ਘਰ ਦੀ ਸਫਾਈ ਤੇ ਹੋਰ ਕਈ ਕੰਮ ਪਏ ਸਨ ਕਰਨ ਵਾਲੇ... ਸਿਟਿੰਗ-ਰੂਮ 'ਚ ਪਿਆ ਟੀ. ਵੀ. ਤੇ ਵੀ. ਸੀ. ਆਰ. ਵਾਲਾ ਕੈਬਨਿਟ ਸਾਫ ਕਰਦਿਆਂ ਉਸਨੇ ਕੈਬਨਿਟ ਦੇ ਉੱਪਰ ਪਈ ਸਵੀ ਦੀ ਫੋਟੋ ਚੁੱਕੀ ਤੇ ਕੱਪੜੇ ਨਾਲ ਸਾਫ ਕਰਨ ਲੱਗ ਪਈ। ਸੋਚਾਂ ਜਿਹੀਆਂ ਵਿਚ ਉਸਨੂੰ ਇੰਜ ਲੱਗਾ ਜਿਵੇਂ ਉਹ ਨਿੱਕੇ ਜਿਹੇ ਸਵੀ ਨੂੰ ਲੋਰੀਆਂ ਦੇ ਰਹੀ ਹੋਵੇ ਤੇ ਫਿਰ ਜਿਵੇਂ ਬਲਰਾਜ, ਸਵੀ ਨੂੰ ਉਸ ਕੋਲੋਂ ਫੜ ਕੇ ਖਿਡਾਉਣ ਲੱਗ ਪਿਆ ਹੋਵੇ... ਸਵੀ ਨੇ ਹੀ ਤਾਂ ਉਨ੍ਹਾਂ ਦੀਆਂ ਸੋਚਾਂ ਨੂੰ ਭਵਿੱਖ ਵੱਲ ਨੂੰ ਤੋਰਿਆ ਸੀ। ਪਾਸ਼ੀ ਨੇ ਪੜ੍ਹਾਈ ਕਰਨ ਦੀ ਆਪਣੀ ਇੱਛਾ – ਜਿਸਨੂੰ ਦਸਵੀਂ ਪਾਸ ਬਲਰਾਜ ਟਾਲਦਾ ਆ ਰਿਹਾ ਸੀ – ਮੁੜ ਦੁਹਰਾਈ ਸੀ। ਬਲਰਾਜ ਦੀ ਸਹਿਮਤੀ ਲੈਣ ਲਈ ਪਾਸ਼ੀ ਨੇ ਫਿਰ ਦਲੀਲਾਂ ਦਿੱਤੀਆਂ ਸਨ ਕਿ ਕਨੇਡੀਅਨ ਪੜ੍ਹਾਈ ਕਰਕੇ ਉਹ ਚੰਗੀ ਨੌਕਰੀ ਹਾਸਲ ਕਰ ਸਕਦੀ ਸੀ, ਜਿਸ ਨਾਲ ਕਬੀਲਦਾਰੀ ਦੇ ਵੱਧ ਰਹੇ ਖਰਚਿਆਂ ਨਾਲ ਸੌਖਿਆਂ ਭਿੜਿਆ ਜਾ ਸਕਦਾ ਸੀ। ਨਾਲੇ ਉਹ ਆਪਣਾ ਅੰਗ੍ਰੇਜ਼ੀ ਬੋਲਣ ਦਾ ਝਾਕਾ ਖੋਲ੍ਹਣਾ ਚਾਹੁੰਦੀ ਸੀ, ਜਿਹੜਾ ਕਿ ਉਸਦੇ ਇੰਡੀਆ ਤੋਂ ਆਉਂਦਿਆਂ ਹੀ ਫੈਕਟਰੀ ਦੀ ਜੌਬ ਵਿਚ ਖੁੱਭ ਜਾਣ ਕਰਕੇ ਖੁੱਲ੍ਹ ਨਹੀਂ ਸੀ ਸਕਿਆ... ਤੇ ਉਨ੍ਹਾਂ ਫੈਸਲਾ ਕੀਤਾ ਕਿ ਜੇ ਪੜ੍ਹਨਾ ਹੀ ਸੀ ਤਾਂ ਢਿੱਲ ਕਾਹਦੀ? ਮੈਟਰਨਿਟੀ ਲੀਵ 'ਤੇ ਹੋਣ ਕਰਕੇ ਪਾਸ਼ੀ ਵਿਹਲੀ ਸੀ। ਸਵੀ ਦੋ ਕੁ ਮਹੀਨੇ ਦਾ ਹੋ ਚੁੱਕਾ ਸੀ। ਸੋ ਪਾਸ਼ੀ ਨੇ ਕੰਪਿਊਟਰ ਪ੍ਰੋਗਰੈਮਿੰਗ ਦੇ ਡਿਪਲੋਮੇ ਲਈ ਦਾਖਲਾ ਲੈ ਲਿਆ।

ਸਿਟਿੰਗ-ਰੂਮ ਦੀ ਸਫਾਈ ਮੁਕਾ ਕੇ ਪਾਸ਼ੀ ਬੈੱਡ-ਰੂਮ 'ਚ ਆ ਗਈ। ਕੋਨੇ 'ਚ ਪਏ ਬੁੱਕ-ਸ਼ੈਲਫ ਦੀਆਂ ਉਘੜ-ਦੁਘੜ ਹੋਈਆਂ ਕਿਤਾਬਾਂ ਨੂੰ ਚਿਣਦਿਆਂ, ਆਪਣੇ ਕੋਰਸ 'ਚ ਪੜ੍ਹੀਆਂ ਹੋਈਆਂ ਕੁਝ ਕਿਤਾਬਾਂ ਉਸਨੂੰ ਉਸਦੇ ਕਾਲਿਜ ਦੇ ਕੈਂਪਸ ਵਿਚ ਲੈ ਗਈਆਂ... ਕੈਂਪਸ ਜਿੱਥੇ ਕਨੇਡੀਅਨਾਂ, ਖਾਸ ਕਰਕੇ ਗੋਰੇ ਕਨੇਡੀਅਨਾਂ ਦੀ ਜ਼ਿੰਦਗੀ ਦੀ ਛੱਬ ਨੂੰ ਉਸਨੇ ਨੇੜਿਓਂ ਦੇਖਿਆ ਸੀ। ਆਪਣੀ ਨਿਰਖ-ਪੁਰਖ ਕਰਦਿਆਂ ਉਸਨੂੰ ਕਨੇਡੀਅਨਾਂ ਦੀ ਇਸ ਛੱਬ ਦੀਆਂ ਜੜ੍ਹਾਂ ਉਨ੍ਹਾਂ ਦੇ ਵਿਅਕਤੀਵਾਦ ਵਿਚ

ਨਜ਼ਰ ਆਈਆਂ ਸਨ। ਤੇ ਪਾਸਕਲ, ਕੋਬੋਲ, ਆਰ. ਪੀ. ਜੀ. ਆਦਿ ਕੰਪਿਊਟਰ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕਰਦਿਆਂ ਉਸਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਅਜਿਹੀ ਛੱਬ ਦਾ ਪ੍ਰਛਾਵਾਂ ਲੁਕ ਲੁਕ ਕੇ ਉਸਦੀਆਂ ਪੈੜਾਂ ਨਾਲ ਵੀ ਟੁਰਨ ਲੱਗ ਪਿਆ ਸੀ... ਧੁੰਦਲੇ ਜਿਹੇ ਰੂਪ ਵਿਚ ਉਸਨੇ ਮਹਿਸੂਸ ਕੀਤਾ ਸੀ ਜਿਵੇਂ ਕਨੇਡਾ ਆ ਕੇ ਉਸ ਦੀ ਗੁਆਚ ਚੁੱਕੀ ਹੋਂਦ ਉਸਨੂੰ ਮੁੜ ਲੱਭ ਪਈ ਹੋਵੇ... ਇਕ ਨਵਾਂ ਉਤਸ਼ਾਹ ਉਗਮਿਆਂ ਸੀ ਉਸ ਅੰਦਰ। ਸ਼ਾਇਦ ਏਸੇ ਕਰਕੇ ਆਪਣੀ ਪੜ੍ਹਾਈ ਦੇ ਦੋ ਸਾਲਾਂ ਦੇ ਔਖੇ ਸਮੇਂ 'ਚ ਸਵੀ ਨੂੰ ਸਾਂਭਣਾ, ਰਸੋਈ ਅਤੇ ਘਰ ਦੇ ਹੋਰ ਨਿੱਕੇ ਮੋਟੇ ਕੰਮ ਕਰਨੇ ਅਤੇ ਵੀਕ-ਐਂਡ 'ਤੇ ਜੌਬ ਕਰਨੀ, ਇਹ ਸਾਰੇ ਕਾਰਜ ਉਸਦੇ ਮੋਹਰੇ ਮੋਹਰੇ ਤੁਰੇ ਫਿਰਦੇ ਸਨ। ਪਰ ਇਸ ਸਫਰ ਵਿਚ ਬਲਰਾਜ ਵੀ ਉਸਦੇ ਨਾਲ ਸੀ। ਫੈਕਟਰੀ ਵਿਚ ਸ਼ਾਮ ਦੀ ਸ਼ਿਫਟ ਮੁਕਾ ਕੇ ਉਹ ਅੱਧੀ ਰਾਤ ਤੋਂ ਬਾਅਦ ਘਰ ਪਹੁੰਚਦਾ ਤੇ ਸਵੇਰ ਤੋਂ ਲੈ ਕੇ ਪਾਸ਼ੀ ਦੇ ਕਲਿਜੋ ਮੁੜਨ ਤੱਕ ਸਵੀ ਨੂੰ ਸਾਂਭਦਾ। ਸਵੀ ਦੀ ਹਿਫ਼ਾਜ਼ਤ ਬੇਬੀ-ਸਿੱਟਿੰਗ ਕੇਂਦਰ 'ਚ ਵੀ ਹੋ ਸਕਦੀ ਸੀ ਪਰ ਉਸ ਵਿਚ ਚਾਰ ਸੌ ਡਾਲਰ ਪ੍ਰਤੀ ਮਹੀਨਾ ਖਰਚ ਵੀ ਤਾਂ ਹੋਣਾ ਸੀ। ਸੋ ਉਨ੍ਹਾਂ ਨੇ ਆਪਣੀ ਹਿੰਮਤ ਨਾਲ ਨਾਲੇ ਤਾਂ ਪੈਸੇ ਬਚਾ ਲਏ ਸਨ ਤੇ ਨਾਲੇ ਪੁੱਤ ਦੀ ਪਾਲਣਾ-ਪੋਸਣਾ ਆਪਣੇ ਹੱਥੀਂ ਕਰਕੇ ਸੰਤੁਸ਼ਟਤਾ ਮਹਿਸੂਸ ਕੀਤੀ ਸੀ।

... ਤੇ ਫਿਰ ਜਦੋਂ ਡਿਪਲੋਮਾ ਹਾਸਲ ਕਰਨ ਉਪਰੰਤ ਪਾਸ਼ੀ ਨੂੰ ਕੰਪਿਊਟਰ ਦੀ ਵਧੀਆ ਜੌਬ ਮਿਲੀ ਤਾਂ ਉਨ੍ਹਾਂ ਦਾ ਛੋਟਾ ਜਿਹਾ ਅਪਾਰਟਮੈਂਟ ਜਿਵੇਂ ਖਿੜਖਿੜਾ ਕੇ ਹੱਸਿਆ ਸੀ। ਬੈੱਡਾਂ ਦੀਆਂ ਚਾਦਰਾਂ ਬਦਲਦਿਆਂ ਪਾਸ਼ੀ ਨੂੰ ਉਹ ਸਮਾਂ ਅੱਜ ਵੀ ਯਾਦ ਆ ਰਿਹਾ ਸੀ... ਉਸਨੂੰ ਬਾਹਾਂ ਵਿਚ ਚੁੱਕਦਿਆਂ ਬਲਰਾਜ ਨੇ ਮਾਣ ਨਾ ਕਿਹਾ ਸੀ, "ਕਮਾਲ ਕਰ ਦਿੱਤੀ ਆ ਪਾਸ਼ੀਏ! ਅੱਜ ਆਪਾਂ ਲੋਕਾਂ ਨਾਲੋਂ ਮੋਹਰੇ ਨਿਕਲ ਗਏ ਆਂ।"

"ਰਾਜੇ! ਤੁਹਾਡਾ ਸਾਥ ਚਾਹੀਦੈ, ਆਪਾਂ ਐਨਾ ਮੋਹਰੇ ਨਿਕਲ ਜਾਵਾਂਗੇ ਕਿ ਲੋਕੀਂ ਦੇਖਦੇ ਰਹਿ ਜਾਣਗੇ।" ਬਲਰਾਜ ਦੇ ਗਲ ਦੁਆਲੇ ਬਾਹਾਂ ਵਲਦਿਆਂ ਪਾਸ਼ੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਛਲਕ ਆਏ ਸਨ।

ਤੇ ਇਕ ਦੂਜੇ ਦਾ ਸਾਥ ਨਿਭਾਉਂਦਿਆਂ ਜੌਬਾਂ ਅਤੇ ਹੋਰ ਕੰਮ-ਕਾਜਾਂ ਦੀ ਦੌੜ ਵਿਚ ਉਨ੍ਹਾਂ ਬਹੁਤਾ 'ਮਰ ਗਏ' 'ਟੁੱਟ ਗਏ' ਨਹੀਂ ਸੀ ਕੀਤਾ। ਉਂਜ ਕਦੀ ਕਦੀ ਗਿਲੇ ਸ਼ਿਕਵੇ ਹੁੰਦੇ ਰਹੇ ਸਨ, ਜਿਨ੍ਹਾਂ ਰਾਹੀਂ ਦਿਲਾਂ





ਦੀ ਭੜਾਸ ਨਿਕਲ ਜਾਂਦੀ ਸੀ... ਉਹ ਤੁਰਦੇ ਰਹੇ ਸਨ ਇਕ ਦੂਜ਼ੇ ਦੇਂ ਪੂਰਕ ਹੋ ਕੇ। ਪਰ ਕਦੀ ਕਦੀ ਅਚੇਤ ਹੀ ਪਾਸ਼ੀ ਨੂੰ ਆਪਣਾ ਮੋਢਾ ਉੱਚਾ ਮਹਿਸੂਸ ਹੋਣ ਲੱਗ ਪੈਂਦਾ।

... ਤੇ ਸਾਲ ਕੁ ਬਾਅਦ ਜਦੋਂ ਉਨ੍ਹਾਂ ਨੇ ਘਰ ਖਰੀਦਿਆ ਤਾਂ ਰਿਸ਼ਤੇਦਾਰਾਂ ਤੇ ਜਾਣ ਪਛਾਣ ਵਾਲਿਆਂ ਨੇ ਪਾਸ਼ੀ ਨੂੰ 'ਹੁਸ਼ਿਆਰ ਕੁੜੀ' ਕਹਿੰਦਿਆਂ ਸਲਾਹਿਆ ਸੀ। ਪਰ ਜਦੋਂ ਕਦੀ ਬਲਰਾਜ ਨੂੰ ਅਜਿਹਾ ਕੋਈ ਸੰਕੇਤ ਮਿਲਦਾ ਤਾਂ ਉਹ ਗੱਲ ਨੂੰ ਉਨਾ ਚਿਰ ਨਾ ਛੱਡਦਾ ਜਿੰਨਾ ਚਿਰ ਉਹ ਹਾਰ ਕੇ ਕਹਿ ਨਾ ਦੇਂਦੀ, "ਠੀਕ ਐ ਬਾਬਾ! ਮੈਂ ਮੰਨਦੀ ਆਂ... ਤੁਸੀਂ ਮੇਰੇ ਨਾਲੋਂ ਵੱਧ ਕਰਦੇ ਆਂ।" ਪਰ ਅੱਜ ਡਰੈਸਰ ਦਾ ਸ਼ੀਸ਼ਾ ਸਾਫ ਕਰਦਿਆਂ ਉਹ ਮਹਿਸੂਸ ਕਰ ਰਹੀ ਸੀ ਕਿ ਉਨ੍ਹਾਂ ਦੀਆਂ ਇਕ ਦੂਜੇ ਨਾਲ ਕੀਤੀਆਂ ਅਜਿਹੀਆਂ ਗੱਲਾਂ ਅਪਣੱਤ ਵਲੋਂ ਤਿਲ੍ਹਕ ਕੇ ਹਿਸਾਬੀ-ਕਿਤਾਬੀ ਬਣ ਜਾਇਆ ਕਰਦੀਆਂ ਸਨ, ਸਾਂਝੀ ਬਿਜ਼ਨਿਸ ਕਰਦੇ ਦੋ ਹਿੱਸੇਦਾਰਾਂ ਦੀਆਂ ਗੱਲਾਂ ਵਰਗੀਆਂ। ਖੈਰ ਸਵੀ ਇਕ ਅਜਿਹਾ ਤੱਟ ਸੀ ਜਿੱਥੇ ਆ ਕੇ ਉਹ ਇੰਜ ਮਹਿਸੂਸ ਕਰਦੇ ਜਿਵੇਂ ਉਨ੍ਹਾਂ ਦੀ ਕਿਸ਼ਤੀ ਦੇ ਚੱਪੂ ਇਕਸੁਰਤਾ ਵਿਚ ਚਲਦੇ ਆ ਰਹੇ ਸਨ... ਤੇ ਉਹ ਆਪਣੇ ਖਾਲੀ ਖਾਲੀ ਲਗਦੇ ਘਰ ਨੂੰ ਭਰਨ ਲਈ ਲੋੜੀਂਦੀਆਂ ਚੀਜ਼ਾਂ ਦੀਆਂ ਲਿਸਟਾਂ ਬਣਾਉਣ ਲੱਗ ਪੈਂਦੇ। ਪਰ ਉਨ੍ਹਾਂ ਦਾ ਬੈਂਕ ਬੈਲੈਂਸ ਅਜਿਹੀਆਂ ਲਿਸਟਾਂ ਦੇ ਮੇਚ ਨਾ ਆਉਂਦਾ।

ਧੋਣ ਵਾਲੇ ਕੱਪੜੇ ਲਾਂਡਰੀ ਮਸ਼ੀਨ ਵੱਲ ਨੂੰ ਚੁੱਕੀ ਜਾਂਦਿਆਂ ਪਾਸ਼ੀ ਨੂੰ ਯਾਦ ਆ ਰਿਹਾ ਸੀ... ਕਿਰਾਏ ਦੇ ਅਪਾਰਟਮੈਂਟ 'ਚੋਂ ਆਪਣੇ ਘਰ ਆ ਕੇ ਉਨ੍ਹਾਂ ਨੇ ਜਿੰਨਾ ਕੁ ਸੌਖ ਮਹਿਸੂਸ ਕੀਤਾ ਉਨੀਆਂ ਹੀ ਉਨ੍ਹਾਂ ਦੀਆਂ ਪਰੇਸ਼ਾਨੀਆਂ ਵੱਧ ਗਈਆਂ ਸਨ। ਜੋੜੀ ਹੋਈ ਰਕਮ ਡਾਊਨ-ਪੇਮੈਂਟ 'ਚ ਚਲੀ ਗਈ ਸੀ। ਮੌਜੂਦਾ ਕਮਾਈ ਨੂੰ ਮੌਰਟਗੇਜ ਦੀਆਂ ਕਿਸ਼ਤਾਂ ਅਤੇ ਹੋਰ ਅਨੇਕਾਂ ਖਰਚੇ ਨਾਲ ਦੀ ਨਾਲ ਚਟਮ ਕਰੀ ਜਾ ਰਹੇ ਸਨ। ਡਾਲਰਾਂ ਦਾ ਇਹ ਪੂਰ ਚਲਦਾ ਰੱਖਣ ਲਈ, ਇਕ ਨਾ ਮੁੱਕਣ ਵਾਲੀ ਦੌੜ ਲੱਗ ਗਈ ਸੀ ਉਨ੍ਹਾਂ ਦੀ। ਸਵੇਰੇ ਪਾਸ਼ੀ ਕੰਮ 'ਤੇ ਹੁੰਦੀ ਤਾਂ ਰਾਤੀਂ ਬਲਰਾਜ। ਉਨ੍ਹਾਂ ਨੂੰ ਤਾਂ ਚੱਜ ਨਾਲ ਇਕੱਠੇ ਬੈਠਣ ਉਠਣ ਦਾ ਸਮਾਂ ਵੀ ਨਾ ਮਿਲਦਾ। ਵੀਕ-ਐਂਡ 'ਤੇ ਬਲਰਾਜ ਤਾਂ ਗਲਾਸ 'ਚ ਵਿਸਕੀ ਪਾ ਕੇ ਥਕੇਵਾਂ ਲਾਹੁਣ ਬਹਿ ਜਾਂਦਾ ਪਰ ਪਾਸ਼ੀ ਦੇ - ਜਿਸ ਨੂੰ ਕਈ ਵਾਰ ਵੀਕ-ਐਂਡ 'ਤੇ ਵੀ ਜੌਬ ਕਰਨੀ ਪੈਂਦੀ - ਧੰਦੇ ਮੁੱਕਣ 'ਚ ਨਾ

ਆਉਂਦੇ। ਅੱਕ ਥੱਕ ਕੇ ਜੇਕਰ ਕਦੀ ਉਹ "ਐਨਾ ਕੰਮ, ਤੋਬਾ ਤੋਬਾ" ਕਹਿ ਦੇਂਦੀ ਤਾਂ ਬਲਰਾਜ ਮੋਹਰਿਓਂ ਔਖਾ ਜਿਹਾ ਹੋ ਕੇ ਆਖਦਾ, "ਮੇਰੀ ਤਾਂ ਆਪਣੀ ਬੱਸ ਹੋਈ ਪਈ ਆ। ਤੂੰ ਤਾਂ ਮੇਰੀਆਂ ਵੀ ਸੜ੍ਹਾਂ ਕਢਾ ਤੀਆਂ... ਮੈਂ ਤੈਨੂੰ ਉਦੋਂ ਨਹੀਂ ਸੀ ਕਿਹਾ ਹਾਲੇ ਠਹਿਰ ਜਾ ਪਰ ਤੂੰ ਕਹਿੰਦੀ ਸੀ ਅਭੀ ਤੇ ਤਭੀ ਘਰ ਲੈਣੈ।"

"ਤੁਹਾਡੇ ਨਾਲ ਗੱਲ ਕਰਨ ਦਾ ਪਚੰਨਵਿਆਂ ਦਾ ਘਾਟਾ। ਹੋਰ ਮਹੀਨੇ ਤਾਈਂ ਬਾਕੀ ਟੱਬਰ ਨੇ ਆ ਜਾਣੈ... ਆਪਣੇ ਘਰ ਤੋਂ ਬਿਨਾਂ ਕਿੱਦਾਂ ਸਰਦਾ।"

ਪਾਸ਼ੀ ਨੇ ਧੋ ਹੋ ਚੁੱਕੇ ਕੱਪੜੇ ਮਸ਼ੀਨ 'ਚੋਂ ਕੱਢ ਕੇ ਸੁਕਾਉਣ ਵਾਲੀ ਮਸ਼ੀਨ 'ਚ ਪਾ ਦਿੱਤੇ। ਨਹਾ ਕੇ ਉਸ ਨੇ ਰੋਟੀ ਖਾਧੀ ਤੇ ਗਰੋਸਰੀ ਲੈਣ ਤੁਰ ਪਈ। ਬੇਸਮੈਂਟ ਤੋਂ ਬਾਹਰ ਆ ਕੇ ਖੁੱਲ੍ਹੀ ਹਵਾ 'ਚ ਸਾਹ ਲੈਂਦਿਆਂ ਉਸਨੇ ਤਾਜ਼ਗੀ ਮਹਿਸੂਸ ਕੀਤੀ। ਸੁਹਣੇ ਸੁਨੱਖੇ ਦਰੱਖਤਾਂ ਅਤੇ ਰੰਗ ਬਰੰਗੇ ਫੁੱਲਾਂ ਵਿੱਚੋਂ ਡੁਲ੍ਹ ਡੁਲ੍ਹ ਪੈਂਦੀ ਤੇ ਦੌੜੇ ਜਾਂਦੇ ਕਨੇਡੀਅਨਾਂ ਨੂੰ 'ਜ਼ਰਾ ਰੁਕਣ' ਲਈ ਕਹਿੰਦੀ, ਭਰ ਜੋਬਨ ਬਸੰਤ ਉਸ ਦੀਆਂ ਅੱਖਾਂ ਨੂੰ ਸੁਖਾਵੀਂ ਸੁਖਾਵੀਂ ਲੱਗੀ। ਕਾਹਲ ਦੇ ਆਦੀ ਹੋ ਚੁੱਕੇ ਆਪਣੇ ਮਨ ਵਿਚ ਟਿਕਾਅ ਜਿਹਾ ਮਹਿਸੂਸ ਕਰਦਿਆਂ, ਪਤਾ ਨਹੀਂ ਅੱਜ ਕਿੰਨੇ ਅਰਸੇ ਬਾਅਦ ਉਸ ਨੇ ਨਿੱਘੀ ਧੁੱਪ ਨਾਲ ਬਗਲਗੀਰ ਹੋਏ ਨੀਲੇ ਅੰਬਰ ਵੱਲ ਤੱਕਿਆ ਸੀ... ਇਹੋ ਜਿਹੇ ਹੀ ਦਿਨ ਸਨ ਮਈ ਮਹੀਨੇ ਦੇ, ਜਦੋਂ ਪਾਸ਼ੀ ਦੇ ਬੀ ਜੀ, ਡੈਡੀ, ਭਰਾ ਬਖਸ਼ਿੰਦਰ ਤੇ ਭੈਣ ਮਨਿੰਦਰ ਉਨ੍ਹਾਂ ਕੋਲ ਪਹੁੰਚੇ ਸਨ। ਟੱਬਰ ਇਕੱਠਾ ਹੋਣ ਨਾਲ ਘਰ ਦੀ ਰੌਣਕ ਵਧੀ ਸੀ। ਕਾਰ ਚਲਾਈ ਜਾਂਦੀ ਪਾਸ਼ੀ ਲੋਕਾਂ ਵੱਲ ਵੇਖ ਰਹੀ ਸੀ ਜੋ ਆਪਣੇ ਕੰਮਾਂ ਅਤੇ ਹੋਰ ਰੁਝੇਵਿਆਂ ਵਿਚ ਮਗਨ ਕਾਰਾਂ, ਬੱਸਾਂ, ਸਾਇਕਲਾਂ 'ਤੇ ਸਵਾਰ ਤੇ ਜਾਂ ਫਿਰ ਪੈਦਲ ਹੀ ਇਧਰ ਉਧਰ ਆ ਜਾ ਰਹੇ ਸਨ। ਕਨੇਡਾ ਦੇ ਸਿਸਟਮ ਨੇ ਜਿਵੇਂ ਹਰ ਬੰਦਾ ਆਹਰੇ ਲਾਇਆ ਹੋਇਆ ਸੀ... ਉਨ੍ਹਾਂ ਦਾ ਟੱਬਰ ਵੀ ਤਾਂ ਆਉਂਦਾ ਹੀ ਰੁੱਝ ਗਿਆ ਸੀ। ਉਸ ਦੇ ਡੈਡੀ ਨੇ ਜੌਬ ਕਰ ਲਈ ਸੀ। ਬਖਸ਼ਿੰਦਰ ਨੇ ਪਲੰਮਿੰਗ ਦਾ ਕੋਰਸ ਸ਼ੁਰੂ ਕਰ ਲਿਆ ਸੀ ਤੇ ਮਨਿੰਦਰ ਨੇ ਬਾਰਵੀਂ 'ਚ ਦਾਖਲਾ ਲੈ ਲਿਆ ਸੀ। ਸਵੀ ਦੀ ਸੰਭਾਲ ਤੇ ਰੋਟੀ-ਪਾਣੀ ਦਾ ਕੰਮ ਪਾਸ਼ੀ ਦੀ ਬੇ ਜੀ ਨੇ ਸਾਂਭ ਲਿਆ ਸੀ। ਪਾਸ਼ੀ ਤੇ ਬਲਰਾਜ ਨੂੰ ਜੌਬਾਂ ਤੋਂ ਬਿਨਾਂ ਬਾਕੀ ਝਮੇਲਿਆਂ ਤੋਂ ਛੁਟਕਾਰਾ ਮਿਲ ਗਿਆ ਸੀ।





ਤੇ ਜਦੋਂ ਕਦੀ ਸ਼ਾਮ ਨੂੰ ਬਲਰਾਜ ਤੇ ਪ੍ਰੀਤਮ ਸਿੰਘ ਇਕੱਠੇ ਬੈਠ ਕੇ ਪੈੱਗ ਲਾਉਂਦੇ ਤਾਂ ਪ੍ਰੀਤਮ ਸਿੰਘ ਕਹਿ ਉੱਠਦਾ, ਬਲਰਾਜ! ਤੂੰ ਸਾਡਾ ਕਿੰਨਾ ਖਿਆਲ ਰੱਖਦੈਂ... ਸ਼ਾਬਾਸ਼ੇ ਆ ਤੇਰੇ।"

"ਸੱਚ ਕਹਿੰਦੇ ਓ ਜੀ! ਆਪਣੇ ਪ੍ਰਾਹੁਣੇ ਵਰਗਾ ਕਿਤੇ ਆਮ ਨੇ ਹੋ ਲੈਣੇਂ।" ਪਤੀ ਦੀ ਗੱਲ ਦੀ ਪੁਸ਼ਟੀ ਕਰਦਿਆਂ ਗਿਆਨ ਕੌਰ ਆਖਦੀ। ਪਰ ਜਦੋਂ ਕਦੀ ਚਾਰ ਬੰਦਿਆਂ 'ਚ ਗੱਲ ਚਲਦੀ ਤਾਂ ਉਹ ਆਪਣੀ ਧੀ ਦੇ ਪੜ੍ਹਾਈ ਕਰਨ ਤੇ ਚੰਗੀ ਨੌਕਰੀ ਕਰਨ ਦੇ ਮਜ਼ਮੂਨ ਨੂੰ ਲੈ ਕੇ ਉਸਦੀਆਂ ਸਿਫਤਾਂ ਵਿਚ ਏਨਾ ਗੁਆਚਦੇ ਕਿ ਜੁਆਈ ਦਾ ਜ਼ਿਕਰ ਕਰਨਾ ਹੀ ਭੁੱਲ ਜਾਂਦੇ। ਤੇ ਜਦੋਂ ਬਲਰਾਜ, ਪਾਸ਼ੀ ਨੂੰ ਘਰ ਵਿਚ ਮੋਹਤਬਰ ਬਣਾ ਰਹੇ ਇਹ ਸ਼ਬਦ: "ਪਾਸ਼ੀ ਬੇਟੇ! ਐਹ ਕਿੱਦਾਂ ਕਰੀਏ?" ਭੈਣ ਜੀ ਐਹ ਕਿੱਦਾਂ ਕਰੀਏ?"... ਸੁਣਦਾ ਤਾਂ ਉਸ ਨੂੰ ਇੰਜ ਲੱਗਦਾ ਜਿਵੇਂ ਇਸ ਪੁੱਛ-ਪ੍ਰਤੀਤ ਨਾਲ ਪਾਸ਼ੀ ਦੇ ਪੈਰਾਂ ਹੇਠਲੀ ਹਵਾ ਸੰਘਣੀ ਹੁੰਦੀ ਜਾ ਰਹੀ ਹੋਵੇ।

ਕਾਰ ਨੂੰ ਪਾਰਕ ਕਰਕੇ ਪਾਸ਼ੀ ਇਕ ਵੱਡੇ ਸਟੋਰ ਵੱਲ ਨੂੰ ਵਧੀ। ਆਪਣੇ ਆਪ ਹੀ ਖੁਲ੍ਹਦੇ ਦਰਵਾਜ਼ੇ 'ਚੀਂ ਹੋ ਕੇ ਉਸਨੇ ਹੱਥ-ਰੇਹੜੀ ਫੜੀ ਤੇ ਅਨੇਕ ਤਰ੍ਹਾਂ ਦੇ ਸਾਮਾਨ ਨਾਲ ਭਰੇ ਰੈਕਾਂ ਉੱਪਰੋਂ ਗਰੋਸਰੀ ਦੀਆਂ ਲੋੜੀਂਦੀਆਂ ਵਸਤਾਂ ਉਠਾਣ ਲੱਗ ਪਈ। ਕੋਲਡ ਸਟੋਰਾਂ 'ਚੋਂ ਲਿਆ ਕੇ ਟਿਕਾਏ ਹੋਏ ਫਲ ਤੇ ਸਬਜ਼ੀਆਂ ਵੱਲ ਵੇਖਦਿਆਂ ਉਸਦੇ ਕੰਨਾਂ ਵਿਚ ਆਪਣੀ ਬੇ ਜੀ ਦੇ ਸ਼ਬਦ ਗੂੰਜ ਗਏ, "ਬਸ ਲਿਸ਼ਕ ਪੁਸ਼ਕ ਈ ਆ। ਹੈ ਇਹ ਹੈ ਸਾਰਾ ਕੁਛ ਬਿਹਾ। ਇਨ੍ਹਾਂ ਚੀਜ਼ਾਂ ਨੂੰ ਖਾ ਕੇ ਲੋਕਾਂ ਨੂੰ ਬਾਏ ਨਾ ਹੋਊ ਤਾਂ ਹੋਰ ਕੀ ਹੋਊ।"

... ਬੇ ਜੀ ਹੋਰਾਂ ਦੇ ਆਉਣ ਨਾਲ ਉਨ੍ਹਾਂ ਦੀ ਗਰੋਸਰੀ ਦੇ ਨਾਲ ਨਾਲ ਉਨ੍ਹਾਂ ਦੇ ਹੋਰ ਖਰਚੇ ਵੀ ਵਧੇ ਸਨ। ਇਕ ਕਾਰ ਹੋਰ ਖਰੀਦਣੀ ਪੈ ਗਈ ਸੀ। ਸੋ ਦੋ ਕਾਰਾਂ ਦੀ ਇੰਸ਼ੋਰੈਂਸ, ਗੈਸ, ਟੈਲੀਫੂਨ ਤੇ ਹੋਰ ਬਿੱਲਾਂ ਦੇ ਖਰਚੇ ਅਤੇ ਉੱਪਰੋਂ ਹਰੇਕ ਮਹੀਨੇ ਮਕਾਨ ਦੀ ਕਿਸ਼ਤ ਉਹ ਨਜਿੱਠੀ ਤਾਂ ਜਾ ਰਹੇ ਸਨ ਪਰ ਮਸਾਂ ਹੀ।

"ਮੈਂ ਤਾਂ ਲੇਖਾ ਦੇਣ ਡਿਹੈਂ ਤੇਰੇ ਘਰ ਦਿਆਂ ਦਾ। ਪਤਾ ਨਹੀਂ ਕਦੋਂ ਮੁੱਕਣੈਂ ਅਜੇ।" ਕਦੀ ਕਦੀ ਖਿੱਝ 'ਚ ਆਇਆ ਬਲਰਾਜ ਆਖਦਾ।

ਜਵਾਬ 'ਚ ਪਾਸ਼ੀ ਆਪਣੇ ਡੈਡੀ ਦੀ ਤਨਖਾਹ, ਬੇ ਜੀ ਵੱਲੋਂ ਸਵੀ ਤੇ ਘਰ-ਬਾਰ ਨੂੰ ਸੰਭਾਲਣ, ਭੈਣ ਭਰਾ ਵੱਲੋਂ ਪਾਰਟ-ਟਾਇਮ ਜੌਬਾਂ ਕਰਕੇ

ਆਪਣਾ ਖਰਚਾ ਚੁੱਕਣ ਤੇ ਹੋਰ ਹਿਸਾਬ ਕਿਤਾਬ ਲਾ ਕੇ ਬਲਰਾਜ ਨੂੰ ਦੱਸਦੀ ਕਿ ਉਨ੍ਹਾਂ ਰਾਹੀਂ ਆਉਂਦੀ ਕਮਾਈ, ਉਨ੍ਹਾਂ ਦੇ ਖਰਚੇ ਨਾਲੋਂ ਵੱਧ ਸੀ, ਘੱਟ ਨਹੀਂ। ਫਿਰ ਬਲਰਾਜ ਉਨ੍ਹਾਂ ਦੇ ਵਤੀਰੇ 'ਤੇ ਟੀਕਾ-ਟਿੱਪਣੀ ਕਰਨ ਲੱਗ ਪੈਂਦਾ, ਖਾਸ ਕਰਕੇ ਆਪਣੇ ਸਾਲੇ ਸਾਲੀ 'ਤੇ ਜੋ ਪੜ੍ਹਾਈ ਦੇ ਘੁਮੰਡ ਜਿਹੇ ਵਿਚ ਉਸਦੀ ਪ੍ਰਵਾਹ ਨਹੀਂ ਸਨ ਕਰਦੇ ਤੇ ਪਾਸ਼ੀ ਨੂੰ "ਭੈਣ ਜੀ, ਭੈਣ ਜੀ" ਕਰਦੇ ਹਰ ਵੇਲੇ ਚੁੱਕੀ ਫਿਰਦੇ ਸਨ।

"ਤੁਸੀਂ ਐਵੇਂ ਨਾ ਖਿਝੀ ਜਾਇਆ ਕਰੋ... ਘਰ ਦਾ ਸਾਰਾ ਚੁੱਕਣ ਚੁੱਕਿਆ ਹੋਇਆ ਇਨ੍ਹਾਂ ਨੇ ਰਲ ਮਿਲ ਕੇ। ਨਹੀਂ ਤਾਂ ਐਸ ਹਾਲਤ 'ਚ ਮੈਥੋਂ ਏਨਾ ਕੰਮ ਹੋਣਾ ਸੀ।" ਪਾਸ਼ੀ ਆਪਣੀ ਗਰਭਵਤੀ ਅਵਸਥਾ ਦਾ ਅਹਿਸਾਸ ਕਰਵਾ ਕੇ ਬਲਰਾਜ ਦਾ ਗੁੱਸਾ ਠੰਡਾ ਕਰਨ ਦੀ ਕੋਸ਼ਿਸ਼ ਕਰਦੀ।

ਪਾਸ਼ੀ ਨੇ ਕਾਊਂਟਰ 'ਤੇ ਆ ਕੇ ਪੇਮੈਂਟ ਕੀਤੀ ਅਤੇ ਗਰੋਸਰੀ ਨੂੰ ਕਾਰ 'ਚ ਰੱਖ ਕੇ ਇੰਡੀਅਨ ਸਟੋਰ ਜਾ ਪਹੁੰਚੀ। ਦਾਲਾਂ, ਮਸਾਲੇ, ਆਟਾ, ਗੱਲ ਕੀ ਭਾਰਤੀ ਰਸੋਈਆਂ ਵਿਚ ਵਰਤੀ ਜਾਣ ਵਾਲੀ ਹਰ ਨਿੱਕੀ-ਮੋਟੀ ਚੀਜ਼ ਰੈਕਾਂ ਉੱਪਰ ਮੌਜੂਦ ਸੀ। ਪਰ ਗਾਹਕਾਂ ਦੇ ਚੇਹਰਿਆਂ 'ਤੇ ਰੌਣਕ ਗਾਇਬ ਸੀ। ਭਾਰਤੀ ਤੇ ਪਾਕਿਸਤਾਨੀ ਮੂਲ ਦੇ ਇਹ ਲੋਕ ਜਿਵੇਂ ਬਿਨਾਂ ਕਿਸੇ ਉਤਸ਼ਾਹ ਦੇ ਬੱਸ ਆਪਣੀ ਜੂਨ ਹੰਢਾ ਰਹੇ ਹੋਣ। ਪਰ ਅਗਲੇ ਹੀ ਪਲ ਪਾਸ਼ੀ ਨੂੰ ਇਨ੍ਹਾਂ ਲੋਕਾਂ 'ਤੇ ਮਾਣ ਹੋ ਆਇਆ, ਜਿਨ੍ਹਾਂ ਨੇ ਦਿਨ ਰਾਤ ਇਕ ਕਰਕੇ ਆਪਣਾ ਰਹਿਣ-ਸਹਿਣ ਦਾ ਸੁਹਣਾ ਮਿਆਰ ਬਣਾ ਲਿਆ ਸੀ। ਔਰਤਾਂ ਦਾ ਯੋਗਦਾਨ ਤਾਂ ਹੋਰ ਵੀ ਵੱਧ ਸੀ ਜੋ ਜੌਬਾਂ ਅਤੇ ਘਰ-ਬਾਰ ਸਾਂਭਣ ਦਾ ਦੂਹਰਾ ਕੰਮ ਕਰਦੀਆਂ ਸਨ... ਆਪਣੇ ਮਤਲਬ ਦਾ ਸਾਮਾਨ ਲੈ ਕੇ ਪਾਸ਼ੀ ਵਾਪਸ ਚੱਲ ਪਈ।

ਆਪਣੇ ਬੇਸਮੈਂਟ 'ਚ ਪਹੁੰਚ ਕੇ ਉਹ ਗਰੋਸਰੀ ਦੀਆਂ ਚੀਜ਼ਾਂ ਨੂੰ ਫਰਿੱਜ ਅਤੇ ਕਵਰਾਂ ਵਿਚ ਟਿਕਾ ਰਹੀ ਸੀ ਕਿ ਉਪਰੋਂ ਮਕਾਨ-ਮਾਲਕ ਦੇ ਘਰ ਵਿਚੋਂ ਉਭਰ ਰਹੀਆਂ ਤਲਖ ਆਵਾਜ਼ਾਂ ਉਸਦੇ ਕੰਨੀ ਪਈਆਂ, "ਜੇ ਪਤਾ ਹੁੰਦਾ ਤੂੰ ਸਾਨੂੰ ਏਦਾਂ ਸੂਲੀ 'ਤੇ ਟੰਗਣਾ ਆਂ ਤਾਂ ਅਸੀਂ ਮੂੰਹ ਵੀ ਨਾ ਕਰਦੇ ਇਸ ਕਨੇਡਾ ਅਲ ਨੂੰ। ਏਨਾ ਵਧੀਆ ਅੱਡਾ-ਗੱਡਾ ਸੀ ਸਾਡਾ ਉੱਥੇ...।" ਸਤੀ ਹੋਈ ਸੱਸ ਨੂੰਹ ਦੇ ਮਿਹਣਿਆਂ ਦਾ ਜਵਾਬ ਦੇ ਰਹੀ ਸੀ... ਨੂੰਹ ਜੋ ਆਪਣੇ ਸਹੁਰਾ-ਪਰਿਵਾਰ 'ਤੇ ਹਮੇਸ਼ਾਂ ਇਹ ਰੋਅਬ ਛਾਂਟਦੀ ਰਹਿੰਦੀ ਸੀ ਕਿ ਪਹਿਲਾਂ ਉਸ ਨੇ ਆਪਣੇ ਪਤੀ ਯਾਅਨੀ ਉਨ੍ਹਾਂ ਦੇ





ਪੁੱਤ ਅਤੇ ਫੇਰ ਉਨ੍ਹਾਂ ਨੂੰ ਸਪੌਂਸਰ ਕਰਕੇ ਕਨੇਡਾ ਸੱਦਿਆ ਸੀ।

'ਸਾਡੇ ਲੋਕਾਂ ਦੀ ਏਥੇ ਘਰ ਘਰ ਏਹੀ ਲੜਾਈ ਆ।' ਬੁੜਬੁੜਾਉਂਦਿਆਂ ਪਾਸ਼ੀ ਦੇ ਮਨ ਵਿਚ ਆਪਣੇ ਘਰ ਦੀ ਲੜਾਈ ਦ੍ਰਿਸ਼ਟਮਾਨ ਹੋ ਗਈ... ਬਲਰਾਜ, ਮਨਿੰਦਰ ਦਾ ਰਿਸ਼ਤਾ ਆਪਣੇ ਇੰਡੀਆ ਰਹਿੰਦੇ ਭਤੀਜੇ ਨਾਲ ਕਰਵਾਉਣਾ ਚਾਹੁੰਦਾ ਸੀ। ਤੇ ਇਹ ਗੱਲ ਉਹ ਆਪਣੇ ਸਹੁਰੇ, ਸੱਸ ਤੇ ਪਾਸ਼ੀ ਦੇ ਕੰਨੀ ਕੱਢ ਚੁੱਕਾ ਸੀ... ਇਕ ਵੀਕ-ਐਂਡ 'ਤੇ ਬਲਰਾਜ ਪ੍ਰੀਤਮ ਸਿੰਘ ਤੇ ਬਖਸ਼ਿੰਦਰ ਸਿਟਿੰਗ-ਰੂਮ 'ਚ ਬੈਠੇ ਘੁੱਟ ਲਾ ਰਹੇ ਸਨ ਕਿ ਬਲਰਾਜ ਨੇ ਗੱਲ ਛੇੜ ਲਈ, "ਡੈਡੀ ਜੀ! ਮਨਿੰਦਰ ਦੇ ਰਿਸ਼ਤੇ ਦੀ ਗੱਲ ਹੁਣ ਨਿਬੇੜਦੇ ਕਿਉਂ ਨਹੀਂ? ਭਰਾ ਸਾਡੇ ਦੀਆਂ ਬਾਰ ਬਾਰ ਚਿੱਠੀਆਂ ਆਈ ਜਾਂਦੀਐਂ।"

"ਬਲਰਾਜ! ਅਸੀਂ ਤੇਥੋਂ ਬਾਹਰੇ ਨਹੀਂ। ਪਰ ਭਤੀਜਾ ਤੁਹਾਡਾ ਪੜ੍ਹਿਆ ਥੋੜ੍ਹਾ ਆ।" ਪ੍ਰੀਤਮ ਸਿੰਘ ਦੇ ਬੁੱਲਾਂ ਵੱਲ ਨੂੰ ਜਾ ਰਿਹਾ ਵਿਸਕੀ ਦਾ ਗਿਲਾਸ ਮੇਜ਼ 'ਤੇ ਆ ਟਿਕਿਆ।

"ਪੜ੍ਹਾਈ ਪੜ੍ਹੂਈ ਨੂੰ ਉਥੇ ਕੀ ਆ। ਘਰ ਬਾਰ ਚੰਗਾ ਆ, ਮੁੰਡਾ ਵੀ ਸੋਹਣਾ ਆਂ। ਤੁਸੀਂ ਜਾਣਦੇ ਈ ਆਂ।"

"ਪਰ ਭਾ ਜੀ! ਏਥੇ ਪੜ੍ਹਾਈ ਤੋਂ ਬਿਨਾਂ ਉਹ ਗੱਲ ਨਹੀਂ ਬਣਦੀ।" ਬਖਸ਼ਿੰਦਰ ਬੋਲਿਆ।

"ਜਦੋਂ ਮੇਰਾ ਰਿਸ਼ਤਾ ਹੋਇਆ, ਉਦੋਂ ਤੁਸੀਂ ਕਿੱਥੇ ਗਇਓ ਸੀ ਬੜੇ ਪੜ੍ਹਾਕੂ। ਅਰ ਮੈਂ ਤੁਹਾਥੋਂ ਕੋਈ ਲੁਕਾ ਨਹੀਂ ਸੀ ਰੱਖਿਆ।" ਆਪਣੇ ਆਪ ਨੂੰ ਸਿਆਣਾ ਸਮਝਦੇ ਭਣੋਈਏ ਨੂੰ, ਅਜੇ ਕੱਲ੍ਹ ਕਨੇਡਾ ਆਏ ਸਾਲੇ ਦੀ ਗੱਲ ਮਿਰਚਾਂ ਵਾਂਗ ਲੱਗੀ।

"ਆਪਣੀ ਗੱਲ ਹੋਰ ਸੀ ਤੇ ਮਨਿੰਦਰ ਦੀ ਹੋਰ ਆ।" ਸਿਟਿੰਗ-ਰੂਮ ਦੇ ਨਾਲ ਲਗਦੀ ਰਸੋਈ ਵਿਚੋਂ ਪਾਸ਼ੀ ਬੋਲ ਪਈ।

"ਗੱਲ ਹੋਰ ਕੀ ਸੀ? ਏਹੀ ਪਈ ਤੁਹਾਡਾ ਸਾਰਾ ਟੱਬਰ ਕਨੇਡਾ ਆਉਣਾ ਚਾਹੁੰਦਾ ਸੀ। ਹੁਣ ਜਦੋਂ ਮਤਲਬ ਨਿਕਲ ਗਿਆ, ਤੂੰ ਕੌਣ ਤੇ ਮੈਂ ਕੌਣ?" ਬਾਕੀਆਂ ਵਲੋਂ ਹਟ ਕੇ ਉਹ ਪਾਸ਼ੀ ਦੇ ਗਲ ਪੈ ਗਿਆ।

"ਨਾ ਮੇਰਾ ਪੁੱਤ! ਏਦਾਂ ਨਾ ਕਹਿ। ਅਸੀਂ ਤੇਰੀ ਕੀਤੀ ਭੁਲਾਉਣ ਵਾਲੇ ਨਹੀਂ ਪਰ ਤੂੰ ਆਪ ਈ ਦੱਸ ਪਈ ਮਨਿੰਦਰ ਨੂੰ ਅਸੀਂ ਜ਼ਬਰਦਸਤੀ ਕਿੱਦਾਂ...।" ਕੁਝ ਮਹੀਨਿਆਂ ਦੀ ਨਿੱਕੋ ਨੂੰ ਗੋਦ 'ਚ ਲਈ ਬੈਠੀ ਗਿਆਨ ਕੌਰ ਬੋਲੀ।

"ਇਹ ਤੁਹਾਡਾ ਕਸੂਰ ਨਹੀਂ। ਏਥੇ ਕਨੇਡਾ 'ਚ ਆ ਕੇ ਲੋਕਾਂ ਦੇ ਤੌਰ ਈ ਬਦਲ ਜਾਂਦੇ ਆ। ਪਰ ਬੰਦੇ ਨੂੰ ਸਿਰਫ ਆਪਣਾ ਈ ਉੱਲੂ ਸਿੱਧਾ ਨਹੀਂ ਕਰਨਾ ਚਾਹੀਦਾ।"

"ਤੁਹਾਡੇ 'ਚ ਹਾਅ ਈ ਨੁਕਸ ਐ, ਦੂਜੇ ਦੀ ਤੁਸੀਂ ਸੁਣਦੇ ਈ ਨਹੀਂ। ਬੱਸ ਆਪਣੀ ਪੁਗਾਉਣੀ ਚਾਹੁੰਨੇ ਆਂ।" ਪਾਸ਼ੀ ਸਿਟਿੰਗ-ਰੂਮ 'ਚ ਆ ਕੇ ਬੋਲੀ।

"ਲਗਦੈ, ਤੇਰੇ ਹੋਸ਼ ਵੀ ਹੁਣ ਟਿਕਾਣੇ ਨਹੀਂ ਰਹੇ। ਤੁਹਾਨੂੰ ਸਾਰਿਆਂ ਨੂੰ ਕਨੇਡਾ ਸੱਦ ਕੇ ਮੈਂ ਤੁਹਾਡੀ ਪੁਗਾਈ ਆ ਕਿ ਆਪਣੀ।" ਨਸ਼ਾ ਬਲਰਾਜ ਦੇ ਗੁੱਸੇ ਨੂੰ ਤਾਅ ਦੇ ਰਿਹਾ ਸੀ।

"ਕਨੇਡਾ ਕਾਹਦੇ ਸੱਦ ਲਏ, ਤੁਸੀਂ ਤਾਂ ਏਦਾਂ ਕਰਦੇ ਆਂ ਜਿੱਦਾਂ ਖਰੀਦ ਲਏ ਹੁੰਦੇ ਆ।" ਪਾਸ਼ੀ ਦੇ ਬੋਲਾਂ ਵਿਚ ਰੋਹ ਸੀ।

"ਹੁਣ ਸਮਝਿਆ... ਏਹ ਸਾਰੀ ਚਾਲ ਤੇਰੀ ਐ। ਪਰ ਮੇਰੀ ਗੱਲ ਵੀ ਕੰਨ ਖੋਲ੍ਹ ਕੇ ਸੁਣ ਲੈ, ਜੇ ਤੂੰ ਏਦਾਂ ਮੇਰੀ ਪਿੱਠ ਲਾਉਣ ਲੱਗੀ ਤਾਂ ਦੇਖੀ ਫੇ ਬਣਦਾ ਕੀ ਆ।" ਬਲਰਾਜ ਗਰਜਿਆ।

"ਹੈਅ ਤਾਂ ਕਰਨ ਕੀ ਡਹਿਓ ਆ।" ਪਾਸ਼ੀ ਦੀ ਆਵਾਜ਼ ਵਿਚ ਵਿਅੰਗ ਸੀ।

"ਤੇਰਾ ਦਿਮਾਗ ਜਾਦਾ ਈ ਖਰਾਬ ਹੋ ਗਿਆ ਲਗਦਾ ਆ... ਪਰ ਮੈਨੂੰ ਠੀਕ ਵੀ ਕਰਨਾ ਆਉਂਦੈ।" ਕ੍ਰੋਧ 'ਚ ਬਲਦਾ ਬਲਰਾਜ ਪਾਸ਼ੀ ਵੱਲ ਵਧਿਆ।

ਇਸ ਤੋਂ ਪਹਿਲਾਂ ਕਿ ਬਲਰਾਜ ਦਾ ਹੱਥ ਪਾਸ਼ੀ 'ਤੇ ਉੱਠਦਾ, ਬਖਸ਼ਿੰਦਰ ਨੇ ਜੱਫਾ ਮਾਰ ਕੇ ਉਸ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਹ ਉਸ ਦੇ ਕੂਹਣੀਆਂ ਮਾਰਦਾ ਹੋਇਆ ਸਾਰਿਆਂ ਨੂੰ ਅਵਾ ਤਵਾ ਬੋਲਣ ਲੱਗ ਪਿਆ।

ਉਸ ਰਾਤ ਘਰ ਵਿਚ ਕਿਸੇ ਨੇ ਵੀ ਰੋਟੀ ਨਾ ਖਾਧੀ।

ਅਗਲੇ ਦਿਨ ਬਲਰਾਜ ਕੰਮ ਤੋਂ ਘਰ ਨਾ ਪਰਤਿਆ। ਪੁੱਛ-ਗਿੱਛ ਕਰਨ 'ਤੇ ਪਤਾ ਲੱਗਾ ਕਿ ਉਹ ਆਪਣੇ ਦੋਸਤ ਕੋਲ ਸੀ। ਮਹੀਨੇ ਤੋਂ ਵੱਧ ਲੰਘ ਗਿਆ। ਪਰ ਉਹ ਘਰ ਨਾ ਮੁੜਿਆ। ਖੈਰ, ਪ੍ਰੀਤਮ ਿੰਘ ਤੇ ਗਿਆਨ ਕੌਰ ਦੇ ਜ਼ੋਰ ਪਾਉਣ 'ਤੇ ਕੁਝ ਰਿਸ਼ਤੇਦਾਰਾਂ ਨੇ ਵਿਚ ਪੈ ਕੇ ਉਸਨੂੰ ਘਰ ਲੈ ਆਂਦਾ। ਉਨ੍ਹਾਂ ਦਾ ਵਿਚਾਰ ਸੀ ਕਿ ਧੀ ਜੁਆਈ ਦੇ ਗੁੱਸੇ-ਗਿਲੇ, ਹੌਲੀ ਸਹਿਜੇ ਮਿਟ ਜਾਣਗੇ... ਪਰ ਅਜਿਹਾ ਹੋ ਨਹੀਂ





ਸੀ ਰਿਹਾ। ਬਲਰਾਜ ਪਹਿਲਾਂ ਵਾਂਗ ਹੁਣ ਟੱਬਰ 'ਚ ਭਿੱਜਦਾ ਨਹੀਂ ਸੀ। ਪਤਨੀ ਨਾਲ ਤਾਂ ਉਹ ਜ਼ਿਆਦਾ ਹੀ ਕੰਨੀ ਭਾਰ ਰਹਿਣ ਲੱਗ ਪਿਆ ਸੀ। ਕੰਮ ਦੀਆਂ ਸ਼ਿਫਟਾਂ ਅਲੱਗ ਅਲੱਗ ਹੋਣ ਕਾਰਨ ਦਿਨ ਵੇਲੇ ਤਾਂ ਉਨ੍ਹਾਂ ਦੀ ਮੁਲਾਕਾਤ ਉਂਜ ਹੀ ਨਹੀਂ ਸੀ ਹੁੰਦੀ। ਤੇ ਰਾਤ ਨੂੰ ਕੰਮ ਤੋਂ ਪਰਤ ਕੇ ਉਹ ਬੈੱਡ-ਰੂਮ 'ਚ ਜਾਣ ਦੀ ਬਜਾਇ ਸਿਟਿੰਗ-ਰੂਮ 'ਚ ਹੀ ਪੈ ਜਾਂਦਾ। ਵੀਕ-ਐਂਡ 'ਤੇ ਉਹ ਕਿਸੇ ਨਾ ਕਿਸੇ ਬਹਾਨੇ ਕਦੀ ਸਵੀ ਨੂੰ ਨਾਲ ਲੈ ਕੇ ਤੇ ਕਦੀ ਕੱਲਾ ਹੀ ਕੰਨੀ ਖਿਸਕਾ ਜਾਂਦਾ। ਉੱਧਰ ਪਾਸ਼ੀ ਵੀ ਲਿਫਣ ਲਈ ਤਿਆਰ ਨਹੀਂ ਸੀ।

ਉਨ੍ਹਾਂ ਹੀ ਦਿਨਾਂ ਵਿਚ ਉਨ੍ਹਾਂ ਦੇ ਵਿਆਹ ਦੀ ਛੇਵੀਂ ਵਰ੍ਹੇ-ਗੰਢ ਦੇ ਮੌਕੇ 'ਤੇ ਪਾਸ਼ੀ ਦੇ ਮਾਪਿਆਂ ਨੇ ਇਕ ਛੋਟੀ ਜਿਹੀ ਪਾਰਟੀ ਦਾ ਪ੍ਰਬੰਧ ਕਰ ਲਿਆ ਸੀ। ਬਲਰਾਜ ਤੇ ਪਾਸ਼ੀ ਨੇ ਕੇਕ ਕੱਟਿਆ ਤੇ ਇਕ ਦੂਜੇ ਦੇ ਮੂੰਹ 'ਚ ਵੀ ਪਾਇਆ ਸੀ ਪਰ ਰਸਮੀ ਤੌਰ 'ਤੇ। ਉਨ੍ਹਾਂ ਫਿੱਕੇ ਜਿਹੇ ਪਲਾਂ 'ਚੀਂ ਗੁਜ਼ਰਦਿਆਂ ਪਾਸ਼ੀ ਦੀ ਸੋਚ ਬੀਤ ਚੁੱਕੇ ਗੂੜ੍ਹੇ ਪਲਾਂ ਵੱਲ ਨੂੰ ਹੋ ਤੁਰੀ ਸੀ... ਆਪਣੇ ਵਿਆਹ ਦੀ ਪਹਿਲੀ ਵਰ੍ਹੇ-ਗੰਢ ਮਨਾਉਣ ਲਈ ਉਹ ਵੰਡਰਲੈਂਡ ਗਏ ਸਨ। ਕਲਾਬਾਜ਼ੀਆਂ ਖਾਂਦੀ ਇਕ ਤੇਜ਼ ਰਾਈਡ ਦੌਰਾਨ ਪਾਸ਼ੀ ਅਵੇਸਲੀ ਹੋ ਕੇ ਆਪਣੀ ਸੀਟ ਤੋਂ ਬਾਹਰ ਨੂੰ ਉਲਟ ਗਈ ਸੀ। ਨਾਲ ਬੈਠੇ ਬਲਰਾਜ ਨੇ ਫੁਰਤੀ ਨਾਲ ਆਪਣੀ ਸੱਜੀ ਬਾਂਹ ਨਾਲ ਥੱਲੇ ਨੂੰ ਡਿੱਗਦੀ ਜਾ ਰਹੀ ਪਾਸ਼ੀ ਨੂੰ ਫੜ ਲਿਆ ਸੀ ਤੇ ਪੂਰੇ ਤਾਣ ਨਾਲ ਆਪਣੀਆਂ ਲੱਤਾਂ ਸੀਟ-ਬਕਸ 'ਚ ਅੜਾ ਕੇ, ਖੱਬਾ ਹੱਥ ਹੈਂਡਲ ਦੁਆਲੇ ਸ਼ਿਕੰਜੇ ਵਾਂਗ ਕੱਸ ਲਿਆ ਸੀ। ਬੇਹੋਸ਼ ਹੁੰਦੀ ਜਾ ਰਹੀ ਪਾਸ਼ੀ ਨੇ ਮਹਿਸੂਸ ਕੀਤਾ ਸੀ ਕਿ ਉਚਾਈਆਂ 'ਤੇ ਵਲ-ਵਿੰਗ ਖਾ ਰਹੀ ਰਾਈਡ ਉਸਨੂੰ ਹੀ ਨਹੀਂ ਬਲਰਾਜ ਨੂੰ ਵੀ ਚਕਨਾਚੂਰ ਕਰ ਦੇਵੇਗੀ ਕਿਉਂਕਿ ਉਸਦਾ ਭਾਰ ਬਲਰਾਜ ਨੂੰ ਵੀ ਥੱਲੇ ਨੂੰ ਖਿੱਚੀ ਜਾ ਰਿਹਾ ਸੀ... ਪ੍ਰਬੰਧਕਾਂ ਨੇ ਪਲਾਂ ਵਿਚ ਹੀ ਰਾਈਡ ਰੋਕ ਕੇ ਉਨ੍ਹਾਂ ਨੂੰ ਸਾਂਭ ਲਿਆ ਸੀ। ਸਹਿਮੇ ਹੋਏ ਉਹ ਕਈ ਦਿਨ ਇਸ ਘਟਨਾ ਨੂੰ ਯਾਦ ਕਰ ਕਰ, ਰਹੌਂਸਦੇ ਬੁੱਲ੍ਹਾਂ ਤੇ ਛਲਕਦੀਆਂ ਅੱਖਾਂ ਨਾਲ ਇਕ ਦੂਜੇ ਤੋਂ ਵਾਰੇ ਵਾਰੇ ਜਾਂਦੇ ਰਹੇ ਸਨ:

"ਰਾਜੇ! ਤੁਸੀਂ ਬਚਾ ਲਿਆ, ਨਹੀਂ ਤਾਂ ਸ਼ਾਇਦ ਮਰ-ਮੁੱਕ ਗਈ ਹੁੰਦੀ।" ਬਲਰਾਜ ਦੇ ਹੱਥ ਆਪਣੇ ਹੱਥਾਂ 'ਚ ਲੈਂਦਿਆਂ ਪਾਸ਼ੀ ਆਖਦੀ।

"ਪਾਸ਼ੀਏ! ਇਨ੍ਹਾਂ ਹੱਥਾਂ 'ਚ ਤੇਰਾ ਵਾਲ ਵਿੰਗਾ ਨਹੀਂ ਹੋ ਸਕਦਾ।"

ਬਲਰਾਜ ਦੀਆਂ ਉਂਗਲਾਂ ਪਤਨੀ ਦੀਆਂ ਉਂਗਲਾਂ ਵਿਚ ਸਮਾ ਜਾਂਦੀਆਂ। ਆਪਣੇ ਪੰਜਿਆਂ ਨੂੰ ਮਜ਼ਬੂਤ ਹੋ ਗਏ ਮਹਿਸੂਸ ਕਰਦੀ ਉਹ ਸਰੂਰ ਜਿਹੇ ਵਿਚ ਪਤੀ ਦੇ ਹੱਥਾਂ ਨੂੰ ਚੁੰਮ ਲੈਂਦੀ।

... ਤੇ ਉਸ ਦਿਨ ਛੇਵੀਂ ਵਰ੍ਹੇ-ਗੰਢ ਸਮੇਂ ਇਹ ਘਟਨਾ ਯਾਦ ਆਉਣ 'ਤੇ ਬਲਰਾਜ ਨੂੰ ਵੇਖ ਰਹੀਆਂ ਪਾਸ਼ੀ ਦੀਆਂ ਅੱਖਾਂ ਵਿਚ ਪਿਆਰ ਦਾ ਵਲਵਲਾ ਨੱਚਿਆ ਸੀ। ਪਰ ਕੁਝ ਪਲਾਂ ਬਾਅਦ ਹੀ ਗਾਇਬ ਹੋ ਗਿਆ ਸੀ... ਉਸ ਨੂੰ ਉਹ ਸਮਾਂ ਯਾਦ ਆ ਗਿਆ ਸੀ ਜਦੋਂ ਮਨਿੰਦਰ ਦੇ ਰਿਸ਼ਤੇ ਦੀ ਗੱਲ ਨੂੰ ਲੈ ਕੇ ਬਲਰਾਜ ਨੇ ਉਸਦੀ ਤੇ ਉਸਦੇ ਮਾਪਿਆਂ ਦੀ ਲਾਹ-ਪਾਹ ਕੀਤੀ ਸੀ।

ਗਰੋਸਰੀ ਸਾਂਭਣ ਉਪਰੰਤ ਪਾਸ਼ੀ ਰਸੋਈ ਵਿਚਲੇ ਊਣੇ ਹੋ ਚੁੱਕੇ ਡੱਬੇ ਡੱਬੀਆਂ ਨੂੰ ਨਿੱਤ ਵਰਤਣ ਵਾਲੀਆਂ ਚੀਜ਼ਾਂ ਨਾਲ ਭਰਨ ਲੱਗ ਪਈ ਤੇ ਨਾਲ ਹੀ ਉਸਨੇ ਚਾਹ ਰੱਖ ਦਿੱਤੀ। ਉਸਨੇ ਚਾਹ ਪੀਤੀ ਤੇ ਥਕੇਵਾਂ ਜਿਹਾ ਮਹਿਸੂਸ ਕਰਦਿਆਂ ਸ਼ਾਲ ਲੈ ਕੇ ਸੋਫੇ 'ਤੇ ਲੇਟ ਗਈ। ਅੱਧਸੁੱਤੀ ਅਵਸਥਾ ਵਿਚ ਉਸਦੀ ਸੋਚ ਫਿਰ ਰੇਗਿਸਤਾਨੀ ਅਤੀਤ ਵੱਲ ਨੂੰ ਹੋ ਤੁਰੀ... ਇਕ ਸ਼ਨੀਵਾਰ ਨੂੰ ਬਲਰਾਜ ਦੇ ਦੋਸਤ ਉਨ੍ਹਾਂ ਦੇ ਘਰ ਆ ਜੁੜੇ। ਰੋਟੀ ਤਿਆਰ ਕਰਕੇ ਪਾਸ਼ੀ ਆਪਣੇ ਡੈਡੀ ਤੇ ਭੈਣ ਭਰਾ ਨਾਲ ਜਾਣ ਲਈ ਤਿਆਰ ਹੋ ਪਈ।

"ਬਲਰਾਜ! ਅਸੀਂ ਪਾਸ਼ੀ ਦੀ ਭੂਆ ਵੱਲ ਚੱਲੇ ਆਂ।" ਟੁਰਨ ਲੱਗਿਆਂ ਪ੍ਰੀਤਮ ਸਿੰਘ ਨੇ ਕਿਹਾ।

"ਕੋਈ ਐਮਰਜੈਂਸੀ ਪੈ ਗਈ ਆ।" ਦੋਸਤਾਂ ਨੂੰ ਵਿਸਕੀ ਵਰਤਾ ਰਹੇ ਬਲਰਾਜ ਨੇ ਚੋਭ ਮਾਰੀ।

"ਪਾਸ਼ੀ ਦੀ ਭੂਆ ਤੇ ਫੁੱਫੜ ਨੇ ਕਲ੍ਹ ਨੂੰ ਇੰਡੀਆ ਜਾਣੈਂ, ਉਨ੍ਹਾਂ ਨੂੰ ਮਿਲ ਆਈਏ ਜ਼ਰਾ... ਵੈਸੇ ਗਿਆਨ ਕੌਰ ਘਰੇ ਈ ਆ।"

ਕਾਰ 'ਚ ਬੈਠਣ ਲੱਗਿਆਂ ਪਾਸ਼ੀ ਨੂੰ ਚੇਤਾ ਆਇਆ ਕਿ ਨਿੱਕੋ ਦੀ ਦੁੱਧ ਦੀ ਬੋਤਲ ਉਹ ਅੰਦਰ ਹੀ ਭੁੱਲ ਆਈ ਸੀ। ਮੁੜਦੇ ਪੈਰੀਂ ਜਦੋਂ ਉਹ ਬੋਤਲ ਚੁੱਕਣ ਆਈ ਤਾਂ ਬਲਰਾਜ ਦੇ ਆਪਣੇ ਦੋਸਤਾਂ ਨੂੰ ਕਹੇ ਇਹ ਗੁਸੈਲੇ ਬੋਲ ਉਸਦੇ ਕੰਨੀ ਪਏ ਸਨ, "ਏਹੋ ਭੂਆ ਫੁੱਫੜ ਸਾਡੇ ਵਿਚੋਲੇ ਸੀ। ਪਿੱਛੇ ਜਿਹੇ ਜਦੋਂ ਸਾਡਾ ਝਗੜਾ ਹੋਇਆ ਤਾਂ ਉਹ ਸਾਰਾ ਕਸੂਰ ਮੇਰੇ ਸਿਰ ਈ ਮੜ੍ਹੀ ਜਾਂਦੇ ਸੀ ਵੱਡੇ ਪੰਚੈਤੀ...।"

ਜਦੋਂ ਪਾਸ਼ੀ ਹੋਰੀਂ ਮੁੜੇ ਬਲਰਾਜ ਦੇ ਦੋਸਤ ਰੋਟੀ ਖਾ ਕੇ ਜਾ ਚੁੱਕੇ





ਸਨ।

"ਮੇਰੇ ਦੋਸਤ ਘਰ ਆਇਓ ਹੋਣ ਤੇ ਤੁਸੀਂ ਏਦਾਂ ਟਿੱਭ ਜਾਓ, ਤੁਹਾਡੇ ਲਈ ਇਹ ਠੀਕ ਨਹੀਂ।" ਬਲਰਾਜ ਦੇ ਬੋਲਾਂ ਵਿਚ ਹਿਰਖ ਸੀ।

"ਟਿੱਭਣ ਵਾਲੀ ਕੋਈ ਗੱਲ ਨਹੀਂ ਬਲਰਾਜ! ਤੈਨੂੰ ਦੱਸ ਕੇ ਗਏ ਆਂ।" ਪ੍ਰੀਤਮ ਸਿੰਘ ਨੇ ਉੱਤਰ ਦਿੱਤਾ।

"ਇਕ ਡੇਢ ਘੰਟੇ 'ਚ ਮੁੜ ਵੀ ਸਕਦੇ ਸੀ।"

"ਉਨ੍ਹਾਂ ਦਾ ਪ੍ਰੋਗਰਾਮ ਖੜ੍ਹੇ ਪੈਰ ਈ ਬਣਿਐ ਇੰਡੀਆ ਜਾਣ ਦਾ... ਨਿਆਣੇ ਉਨ੍ਹਾਂ ਨਾਲ ਸਾਮਾਨ ਬੰਨ੍ਹਾਉਣ ਲੱਗ ਪਏ।"

"ਤੁਸੀਂ ਆਪਣਾ ਸਾਮਾਨ ਹੁਣ ਕਦੋਂ ਨੂੰ ਬੰਨ੍ਹਣਾਂ ਆਂ?" ਬਲਰਾਜ ਦੀ ਗੱਲ ਸਾਰਿਆਂ 'ਤੇ ਅਸਮਾਨੀ ਬਿਜਲੀ ਵਾਂਗ ਡਿੱਗੀ।

"ਏਥੇ ਲਾਗੇ-ਚਾਗੇ ਕੋਈ ਮਕਾਨ ਲੱਭਦੇ ਆਂ ਪਰ ਮਿਲ ਨਹੀਂ ਰਿਹਾ... ਪਰ ਜੇ ਹਾਅ ਗੱਲ ਆ ਤਾਂ ਸਵੇਰੇ ਈ ਚਲੇ ਜਾਨੇ ਆਂ।" ਪ੍ਰੀਤਮ ਸਿੰਘ ਦੇ ਬੋਲਾਂ ਵਿਚ ਖਰ੍ਹਵਾਪਨ ਆ ਗਿਆ ਸੀ।

"ਸਵੇਰੇ ਨ੍ਹਈਂ ਹੁਣੇ ਈ ਤੁਰਦੇ ਬਣੋ।" ਬਲਰਾਜ ਦੀ ਸ਼ਰਾਬ ਉਹਦੇ ਕ੍ਰੋਧ ਨੂੰ ਸੀਖ ਦੇ ਰਹੀ ਸੀ। "ਹਾਅ ਧੌਂਸ ਕਾਹਦੀ ਆ? ਇਹ ਏਥੇ ਮੁਫਤ ਨਹੀਂ ਰਹਿ ਰਹੇ। ਸਾਰੇ ਖਰਚੇ ਦਾ ਸੈਂਟ ਸੈਂਟ ਵੰਡਾਉਂਦੇ ਆ।" ਚਾਹੁੰਦਿਆਂ ਹੋਇਆਂ ਵੀ ਪਾਸ਼ੀ ਤੋਂ ਚੁੱਪ ਨਾ ਰਿਹਾ ਗਿਆ।

ਬਲਰਾਜ ਨੇ ਪਾਸ਼ੀ ਵੱਲ ਏਦਾਂ ਅੱਖਾਂ ਕੱਢੀਆਂ ਜਿਵੇਂ ਉਸ ਨੂੰ ਖਾ ਜਾਣਾ ਹੋਵੇ। ਪਰ ਉਸ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬਖਸ਼ਿੰਦਰ ਬੋਲ ਪਿਆ, "ਛੱਡ ਪਰੇ ਭੈਣ! ਅਸੀਂ ਚਲੇ ਈ ਜਾਣੈਂ। ਲੋੜ ਕੀ ਪਈ ਐ ਏਦਾਂ ਹਰ ਵੇਲੇ ਬੇਇਜ਼ਤੀ ਕਰਵਾਉਣ ਦੀ।"

"ਤੁਸੀਂ ਹੈ ਈ ਬੇਇਜ਼ਤੀ ਦੇ ਲੈਕ।"

ਪ੍ਰੀਤਮ ਸਿੰਘ ਹੁਰਾਂ ਨੇ ਅਗਾਂਹ ਚੁੱਪ ਰਹਿਣਾ ਹੀ ਠੀਕ ਸਮਝਿਆ। ਫੂਨ ਕਰਕੇ ਉਨ੍ਹਾਂ ਟੈਕਸੀ ਸੱਦੀ ਤੇ ਪਾਸ਼ੀ ਦੀ ਭੂਆ ਦੇ ਘਰ ਚਲੇ ਗਏ।

"ਮੇਰੇ ਘਰ ਰਹਿ ਕੇ ਮੈਨੂੰ ਈਂ ਅੱਖਾਂ ਦਿਖੌਂਦੇ ਆ... ਦੇਖੋ ਜ਼ਰਾ ਨਜ਼ਾਰੇ ਹੁਣ।" ਆਪਣਾ ਉਬਾਲ ਕੱਢਦਿਆਂ ਬਲਰਾਜ ਨੇ ਪਾਸ਼ੀ ਨੂੰ ਸੁਣਾ ਕੇ ਕਿਹਾ।

"ਇਹ ਘਰ ਤੁਹਾਡਾ 'ਕੱਲਿਆ ਦਾ ਨਹੀਂ। ਇਹਦੇ 'ਚ ਮੇਰਾ ਵੀ ਅੱਧ ਐ। ਤੇ ਤੁਸੀਂ ਉਨ੍ਹਾਂ ਨੂੰ ਐਂ ਘਰੋਂ ਕੱਢ ਦਿੱਤੇ ਜਿੱਦਾਂ...।" ਭਰੀ-

ਪੀਤੀ ਪਾਸ਼ੀ ਦਾ ਗਲਾ ਭਰ ਆਇਆ।

"ਜੇ ਏਨਾ ਈ ਦੁੱਖ ਲੱਗਾ ਆ ਤਾਂ ਨਾਲ ਈ ਚਲੇ ਜਾਣਾ ਸੀ।"

"ਜਾਵਾਂ ਜਾਂ ਨਾ ਜਾਵਾਂ, ਇਹ ਤੁਹਾਡੀ ਨਹੀਂ ਮੇਰੀ ਮਰਜ਼ੀ ਆ।"

"ਬਹੁਤਾ ਚਪੜ ਚਪੜ ਨਾ ਕਰੀ ਜਾਹ... ਜੇ ਕਿਸੇ ਭਲੇ ਮਾਣਸ ਦੀ ਧੀ ਆਂ ਤਾਂ ਚੁੱਪ ਕਰਕੇ ਬਹਿ ਜਾ, ਨਹੀਂ ਤਾਂ...।"

"ਧੀ ਤਾਂ ਮੈਂ ਭਲੇ ਮਾਣਸਾਂ ਦੀ ਈ ਆਂ ਪਰ ਏਦਾਂ ਕੁੱਤੇ-ਖਾਣੀ ਕਰਾਉਣ ਆਲੀ ਨਹੀਂ।"

"ਹੈਅ! ਤਰ੍ਹਾਂ ਈ ਤਰ੍ਹਾਂ ਚੜ੍ਹੀ ਜਾਂਦੀ ਆ, ਤੈਨੂੰ ਦੱਸ ਈ ਲਵਾਂ...।" ਤੇ ਉਸ ਨੇ ਪਾਸ਼ੀ ਦੇ ਚਪੇੜ ਮਾਰ ਦਿੱਤੀ।

ਡੌਰ-ਭੌਰ ਹੋਏ ਸਵੀ ਦੀਆਂ ਲੇਰਾਂ ਨਿਕਲ ਗਈਆਂ। ਪਿਉ ਕੋਲੋਂ ਰਹਿਮ ਮੰਗਦਿਆਂ ਉਹ ਨਿੱਕੇ ਨਿੱਕੇ ਹੱਥ ਹਿਲਾ ਹਿਲਾ ਕਹਿ ਰਿਹਾ ਸੀ, "ਡੈਡ ਨਾ ਮਾਰੋ ਮੇਰੀ ਮੌਮ ਨੂੰ।"

"ਹਟ ਪਰੇ।" ਬਲਰਾਜ ਸਵੀ ਨੂੰ ਟੁੱਟ ਕੇ ਪਿਆ।

ਪਤੀ ਦਾ ਧਿਆਨ ਸਵੀ ਵੱਲ ਹੋਇਆ ਦੇਖ, ਪਾਸ਼ੀ ਨੇ ਉਸ ਨੂੰ ਧੱਕਾ ਦੇ ਕੇ ਸੋਫੇ 'ਤੇ ਸੁੱਟ ਦਿੱਤਾ ਤੇ ਦੌੜ ਕੇ ਬੈੱਡ-ਰੂਮ 'ਚ ਜਾ ਵੜੀ ਤੇ ਅੰਦਰੋਂ ਦਰਵਾਜ਼ਾ ਬੰਦ ਕਰਕੇ ਪੁਲਿਸ ਨੂੰ ਫ਼ੂਨ ਕਰ ਦਿੱਤਾ। ਕੌੜਾ-ਫਿੱਕਾ ਬੋਲ ਰਹੇ ਬਲਰਾਜ ਨੇ ਦਰਵਾਜ਼ਾ ਭੰਨਣਾ ਸ਼ੁਰੂ ਕਰ ਦਿੱਤਾ। ਅੰਦਰ ਸੁੱਤੀ ਨਿੱਕੋ ਤ੍ਰਭਕ ਕੇ ਜਾਗ ਪਈ ਤੇ ਰੋਣ ਲੱਗ ਪਈ। ਸਵੀ ਬਾਹਰ ਖੜ੍ਹਾ ਲੇਰਾਂ ਮਾਰੀ ਜਾ ਰਿਹਾ ਸੀ।

ਮਿੰਟਾਂ ਵਿਚ ਹੀ ਪੁਲਿਸ ਆਣ ਪਹੁੰਚੀ। ਸਹਿਮੀ ਹੋਈ ਪਾਸ਼ੀ ਨੂੰ ਬਾਹਰ ਕੱਢ ਕੇ ਹੌਸਲਾ ਦਿੱਤਾ ਤੇ ਬਲਰਾਜ ਨੂੰ ਫੜ ਕੇ ਲੈ ਗਈ।

ਪਾਸ਼ੀ ਦੇ ਬਿਆਨਾਂ ਦੇ ਆਧਾਰ 'ਤੇ ਬਲਰਾਜ ਨੂੰ ਚਾਰਜ ਕੀਤਾ ਗਿਆ।

ਬਲਰਾਜ ਦੇ ਕੁਝ ਦੋਸਤਾਂ ਤੇ ਰਿਸ਼ਤੇਦਾਰਾਂ ਨੇ ਸੁਲਾਹ ਕਰਵਾਉਣ ਦੀ ਕੋਸ਼ਿਸ਼ ਕੀਤੀ। ਪਰ ਪਾਸ਼ੀ ਨੇ ਸਾਫ ਕਹਿ ਦਿੱਤਾ ਕਿ ਜੋ ਸਮਾਂ ਲੰਘ ਗਿਆ ਸੋ ਲੰਘ ਗਿਆ, ਅਗਾਂਹ ਨੂੰ ਉਹ ਆਪਣੀ ਮਰਜ਼ੀ ਮੁਤਾਬਿਕ ਜੀਏਗੀ।

"ਮੈਂ ਤਾਂ ਆਪ ਸੈਪਰੇਟ ਹੋਣ ਲਈ ਸੋਚਿਆ ਹੋਇਐ। ਪਰ ਮੋਹਰੇ ਇਹਨੂੰ ਤੋਰਨਾ ਚਾਹੁੰਦਾ ਸੀ। ਹੁਣ ਤੁਰ ਪਈ ਆ। ਦੇਖੀ ਜਾਵੇ ਜਲਵੇ।" ਬਲਰਾਜ ਦੀ ਆਪਣੇ ਦੋਸਤ ਕੋਲ ਕਹੀ ਹੋਈ ਗੱਲ ਕਿਸੇ ਰਾਹੀਂ ਪਾਸ਼ੀ ਕੋਲ ਆ ਪਹੁੰਚੀ।





ਪਾਟੋਧਾੜ ਪੈ ਜਾਣ ਕਾਰਨ ਸਾਂਝੀ ਜਾਇਦਾਦ ਦੇ ਪੈਰ ਉੱਖੜ ਗਏ। ਘਰ ਦੀਆਂ ਕਿਸ਼ਤਾਂ ਨਾ ਇਕੱਲਾ ਪਤੀ ਦੇ ਸਕਦਾ ਸੀ ਨਾ ਪਤਨੀ। ਸੋ ਘਰ ਸੇਲ 'ਤੇ ਲੱਗ ਗਿਆ।

ਕੋਰਟ ਨੇ ਬਲਰਾਜ ਨੂੰ ਹੁਕਮ ਕੀਤਾ ਕਿ ਉਹ ਇਕ ਸਾਲ ਲਈ ਪਾਸ਼ੀ ਦੇ ਘਰ ਤੇ ਆਲੇ-ਦੁਆਲੇ ਦੇ ਖੇਤਰ ਵਿਚ ਪੈਰ ਨਹੀਂ ਧਰੇਗਾ। ਨਾਲ ਹੀ ਉਸ ਉੱਤੇ ਇਕ ਸਾਲ ਦੀ ਪਰੋਬੇਸ਼ਨ ਲਾ ਦਿੱਤੀ ਗਈ ਕਿ ਜੇਕਰ ਉਸ ਨੇ ਪਾਸ਼ੀ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਇਆ ਤਾਂ ਉਸ ਨੂੰ ਜੇਲ ਵਿੱਚ ਡੱਕ ਦਿੱਤਾ ਜਾਵੇਗਾ... ਉਹ ਟਰਾਂਟੋ ਲਾਗੇ ਪੈਂਦੇ ਇਕ ਸ਼ਹਿਰ ਲੰਡਨ ਚਲੇ ਗਿਆ।

ਘਰ ਦਾ ਸਾਮਾਨ ਚੁਕਵਾ ਕੇ ਪਾਸ਼ੀ ਨੇ ਆਪਣੇ ਮਾਪਿਆਂ-ਜਿਨ੍ਹਾਂ ਨੇ ਕਿਰਾਏ 'ਤੇ ਮਕਾਨ ਲੈ ਲਿਆ ਹੋਇਆ ਸੀ – ਨਾਲ ਰਹਿਣ ਲੱਗ ਪਈ। ਉਸਦੇ ਬੀ ਜੀ, ਡੈਡੀ, ਭੈਣ ਭਰਾ ਉਸਦਾ ਪੂਰਾ ਖਿਆਲ ਰੱਖਦੇ ਸਨ। ਉਸ ਨੂੰ ਖੁਦ ਨੂੰ ਵੀ ਇੰਜ ਲਗਦਾ ਸੀ ਜਿਵੇਂ ਉਹ ਹਰ ਵੇਲੇ ਚੁਭਣ ਵਾਲੀਆਂ ਛਿਲਤਾਂ ਤੋਂ ਮੁਕਤ ਹੋ ਗਈ ਹੋਵੇ... ਪਰ ਜਦੋਂ ਕਦੀ ਸਵੀ ਪੁੱਛਣ ਲੱਗ ਪੈਂਦਾ:

"ਮੌਮ! ਡੈਡ ਸਾਡੇ ਨਾ ਲੜਦੇ ਕਿਉਂ ਤੀ?"

"ਡੈਡ! ਹੁਣ ਘਰ ਕਿਉਂ ਨਹੀਂ ਆਉਂਦੇ?"

ਤਾਂ ਇਕ ਅਜੀਬ ਜਿਹੀ ਪਰੇਸ਼ਾਨੀ ਅੰਦਰ ਖੁੰਬ ਵਾਂਗ ਉੱਠ ਖਲੋਂਦੀ।

"ਉਹ ਸਾਡੇ ਕੁਝ ਨਹੀਂ ਲਗਦੇ।" ਉਹ ਖਿਝ ਕੇ ਆਖਦੀ।

ਘਰ ਦੀ ਵਿਕਰੀ ਵਿਚੋਂ ਲੈ ਦੇ ਕੇ ਮਸਾਂ ਡਾਊਨ-ਪੇਮੈਂਟ ਹੀ ਮੁੜੀ ਸੀ। ਵਕੀਲ ਵਲੋਂ ਭੇਜੇ ਗਏ ਚੈੱਕ ਦੀ ਰਕਮ ਪੜ੍ਹਦਿਆਂ ਹੈਰਾਨ ਜਹੀ ਹੋਈ ਉਹ ਬੁੜਬੁੜਾਈ ਸੀ, 'ਸਿਰਫ ਪੱਚੀ ਹਜ਼ਾਰ, ਬਾਕੀ ਦੀ ਰਕਮ ਕਿੱਥੇ ਗਈ?' ਛੇਤੀ ਹੀ ਉਸ ਨੂੰ ਚੇਤਾ ਆ ਗਿਆ ਕਿ ਅੱਧੀ ਰਕਮ ਬਲਰਾਜ ਨੂੰ ਵੀ ਜਾਣੀ ਸੀ। ਤੇ ਪਲ ਦੀ ਪਲ ਉਸ ਨੂੰ ਇੰਜ ਮਹਿਸੂਸ ਹੋਇਆ ਸੀ ਜਿਵੇਂ ਉਸਦਾ ਵਿਅਕਤਿਤਵ ਵੀ ਸਾਲਮ ਸਬੂਤਾ ਨਾ ਰਹਿ ਕੇ ਅੱਧਾ ਰਹਿ ਗਿਆ ਹੋਵੇ... ਉਸ ਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਮਨ ਨਾਲ ਉਹ ਆਪਣੇ ਪਤੀ ਦੀ ਦਸ਼ਾ – ਆਪਣੇ ਵਾਂਗ ਹੀ ਅੱਧੀ ਰਹਿ ਜਾਣ ਦੀ ਦਸ਼ਾ – ਬਾਰੇ ਸੋਚ ਗਈ ਸੀ। ਏਸੇ ਸੋਚ ਵਿਚ ਗੁਆਚਿਆ ਉਸ ਦੇ ਮਨ ਵਿਚ ਬਲਰਾਜ ਦੀ 'ਜਲਵਾ ਦਿਖਾਉਣ' ਵਾਲੀ ਗੱਲ ਘੁੰਮ ਗਈ ਸੀ। 'ਮੇਰਾ ਲਹੂ-ਬਾਲਣ ਕਰਨ ਵਾਲਿਆ! ਹੁਣ ਦੇਖੀਂ ਜਾਈਂ

ਸੇਕ ਕਿੰਨਾ ਕੁ ਲਗਦੈ।' ਉਹ ਕ੍ਰੋਧ ਵਿਚ ਬੁੜਬੁੜਾਈ।

ਤੇ ਸੈਪਾਰੇਸ਼ਨ ਦਾ ਇਕ ਸਾਲ ਪੂਰਾ ਹੁੰਦਿਆਂ ਹੀ ਪਾਸ਼ੀ ਨੇ ਬਲਰਾਜ ਤੋਂ ਤਲਾਕ ਮੰਗ ਲਿਆ ਸੀ। ਉਸ ਦਾ ਅਨੁਮਾਨ ਸੀ ਕਿ ਬਲਰਾਜ ਟਾਲ-ਮਟੋਲ ਜਾਂ ਸੁਲ੍ਹਾ ਵਰਗੀ ਕੋਈ ਗੱਲ ਕਰੇਗਾ, ਜਿਸ ਨੂੰ ਠੁਕਰਾ ਕੇ ਉਹ ਸੱਚ-ਮੁੱਚ ਹੀ ਉਸ ਨੂੰ ਜਲਵਾ ਦਿਖਾਉਣਾ ਚਾਹੁੰਦੀ ਸੀ। ਪਰ ਬਲਰਾਜ ਵੱਲੋਂ ਕਿਸੇ ਅਜਿਹੀ ਪੇਸ਼ਕਸ਼ ਦੀ ਥਾਂ ਸਾਮਾਨ ਵੰਡਣ ਅਤੇ ਉਸ ਦੀਆਂ ਆਪਣੀਆਂ ਨਿੱਜੀ ਚੀਜ਼ਾਂ ਦੇ ਕਲੇਮ ਦੀ ਲੰਮੀ ਲਿਸਟ ਆ ਗਈ ਸੀ। ਲਿਸਟ ਵਿਚ ਟੀ. ਵੀ., ਵੀ. ਸੀ. ਆਰ., ਪੰਘ, ਸੋਫੇ, ਰਸੋਈ ਦੇ ਵੱਡੇ ਬਰਤਨ ਤੇ ਵਿਆਹ ਸਮੇਂ ਬਲਰਾਜ ਹੁਰਾਂ ਵੱਲੋਂ ਪਾਸ਼ੀ ਨੂੰ ਪਾਏ ਗਏ ਗਹਿਣੇ ਆਦਿ ਤਾਂ ਉਸ ਨੂੰ ਠੀਕ ਜਾਪੇ ਸਨ ਪਰ ਤ੍ਰਿਪਾਈਆਂ, ਕੱਪ-ਪਲੇਟਾਂ, ਚਮਚਿਆਂ ਦੀ ਵੰਡ ਅਤੇ ਵਿਆਹ ਸਮੇਂ ਲਾਗੀਆਂ ਨੂੰ ਦਿੱਤੇ ਲਾਗ ਦੀ ਵਸੂਲੀ ਦੀਆਂ ਗੱਲਾਂ, ਉਸ ਦੇ ਦਿਲ ਵਿਚ ਫਲਾਹ ਦੇ ਕੰਡਿਆਂ ਵਾਂਗ ਚੁੱਭ ਗਈਆਂ ਸਨ। ਤੇ ਜਿਹੜੀ ਗੱਲ ਨੇ ਉਸ ਨੂੰ ਜ਼ਿਆਦਾ ਹੀ ਪਰੇਸ਼ਾਨ ਕੀਤਾ ਉਹ ਤਲਾਕ ਤੋਂ ਬਾਅਦ ਬਲਰਾਜ ਦੀ ਸਵੀ ਤੇ ਨਿੱਕੋ ਨੂੰ ਮਿਲਣ ਦੀ ਮੰਗ, ਜਿਸ ਵਾਸਤੇ ਉਹ ਮੇਨਟੀਨੈਂਸ ਖਰਚਾ ਭਰਨ ਨੂੰ ਤਿਆਰ ਸੀ। ਸਤੇ ਹੋਏ ਮਨ ਨਾ ਉਸ ਨੇ ਵੀ ਆਪਣੇ ਕਲੇਮ ਦੀ ਲਿਸਟ ਬਣਾ ਲਈ, ਜਿਸ ਵਿਚ ਉਸ ਦੇ ਮਾਪਿਆਂ ਵੱਲੋਂ ਬਲਰਾਜ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਪਾਈਆਂ ਟੂੰਬਾਂ, ਲਾਗੀਆਂ ਨੂੰ ਦਿੱਤੇ ਗਏ ਲਾਗ, ਬਲਰਾਜ ਨੂੰ ਸ਼ਗਨ ਸਮੇਂ ਖੁਆਏ ਗਏ ਛੁਹਾਰੇ ਤੇ ਹੋਰ ਪਤਾ ਨਹੀਂ ਕੀ ਕੁਝ ਸ਼ਾਮਲ ਸੀ। ਪਰ ਮਾਂ ਪਿਉ ਦੇ ਸਮਝਾਉਣ 'ਤੇ ਉਸ ਨੇ 'ਹਉ ਪਰੇ' ਕਰ ਦਿੱਤੀ ਸੀ। ਸਿਰਫ ਟੂੰਬਾਂ ਹੀ ਕਲੇਮ ਕੀਤੀਆਂ ਸਨ।

ਤਲਾਕ ਦੇ ਕੇਸ ਦੌਰਾਨ ਪਾਸ਼ੀ ਨੂੰ ਚੰਗੀ ਗੱਲ ਇਹ ਲੱਗੀ ਸੀ ਕਿ ਉਸ ਨੂੰ ਕੋਰਟਾਂ ਦੇ ਗੇੜੇ ਨਹੀਂ ਸਨ ਮਾਰਨੇ ਪਏ। ਸਾਰਾ ਕੰਮ ਉਸ ਦਾ ਵਕੀਲ ਹੀ ਕਰੀ ਜਾਂਦਾ ਸੀ। ਇੰਡੀਆ ਦੀਆਂ ਭੀੜ ਭਰੀਆਂ ਕਚਹਿਰੀਆਂ ਨਾਲੋਂ ਵੱਖਰੀਆਂ ਸਨ ਕਨੇਡਾ ਦੀਆਂ ਇਹ ਕੋਰਟਾਂ। ਤਲਾਕ ਜਾਂ ਹੋਰ ਮਾਮਲਿਆਂ ਵਿਚ ਕੋਈ ਭਾਈਚਾਰਕ ਦਖਲ-ਅੰਦਾਜ਼ੀ ਨਹੀਂ ਸੀ। ਪਰ ਪਾਸ਼ੀ ਇਹ ਵੀ ਜਾਣਦੀ ਸੀ ਕਿ ਚੁੱਪ-ਚਾਪ ਕੰਮ ਕਰਦੀਆਂ ਕਨੇਡੀਅਨ ਕੋਰਟਾਂ ਨੇ ਬੇਸ਼ੁਮਾਰ ਵਕੀਲਾਂ ਨੂੰ ਰੋਜ਼ਗਾਰ ਬਖਸ਼ਿਆ ਹੋਇਆ ਸੀ। ਤਲਾਕ ਦੇ ਕੇਸਾਂ ਨਾਲ ਭਰੀਆਂ ਪਈਆਂ ਸਨ ਫੈਮਿਲੀ ਕੋਰਟਾਂ।





ਕੋਰਟਾਂ ਤੋਂ ਬਾਹਰ ਸੋਸ਼ਲ ਵਰਕਰਜ਼ ਤੇ ਹੋਰ ਕਈ ਤਰ੍ਹਾਂ ਦਾ ਅਮਲਾ ਇਸ ਸਿਸਟਮ ਵਿਚੋਂ ਡਾਲਰ ਕੁੱਟ ਰਿਹਾ ਸੀ। ਤੇ ਕਦੀ ਤਾਂ ਪਾਸ਼ੀ ਨੂੰ ਇੰਜ ਲਗਦਾ ਜਿਵੇਂ ਕਨੇਡਾ ਦੇ ਖਪਤ ਕਲਚਰ ਨੇ ਜੇਬਾਂ ਦੀ ਮੰਡੀ ਚਲਦੀ ਰੱਖਣ ਲਈ ਤਲਾਕ ਨੂੰ ਇਕ ਆਮ ਜਿਹੀ ਗੱਲ ਬਣਾ ਦਿੱਤਾ ਹੋਇਆ ਸੀ।

ਥੋੜ੍ਹਾ ਕੁ ਸੌਂ ਕੇ ਜਦੋਂ ਪਾਸ਼ੀ ਦੀ ਅੱਖ ਖੁੱਲ੍ਹੀ ਤਾਂ ਸ਼ਾਮ ਪੈ ਚੁੱਕੀ ਸੀ। ਵੀਕ-ਐਂਡ ਦੀ ਸ਼ਾਮ... ਪੰਜ ਦਿਨਾਂ ਦੀ ਦੌੜ ਬਾਅਦ ਜਦੋਂ ਕਨੇਡੀਅਨ ਲੋਕਾਂ ਨੂੰ ਆਪਣੇ ਪਰਿਵਾਰਾਂ, ਦੋਸਤਾਂ ਤੇ ਰਿਸ਼ਤੇਦਾਰਾਂ ਨਾਲ ਮਿਲ ਬੈਠਣ ਤੇ ਘੁੰਮਣ ਫਿਰਨ ਦੀ ਫੁਰਸਤ ਮਿਲਦੀ ਹੈ। ਪਰ ਪਾਸ਼ੀ ਵਰਗੀਆਂ ਤਲਾਕ-ਸ਼ੁਦਾ ਲੱਖਾਂ ਔਰਤਾਂ ਨੂੰ ਇਹ ਫੁਰਸਤ ਜਿਵੇਂ ਮਿਲ ਕੇ ਵੀ ਨਹੀਂ ਮਿਲਦੀ... ਸ਼ਾਇਦ ਇਸ ਕਰਕੇ ਕਿ ਉਨ੍ਹਾਂ ਦਾ ਬਹੁਤਾ ਧਿਆਨ ਆਪਣੀ ਚੁੰਨੀ ਵੱਲ ਹੁੰਦੈ, ਭਾਵੇਂ ਇਹ ਚੁੰਨੀ ਲੱਕ ਨਾਲ ਬੰਨ੍ਹੀ ਹੋਈ ਹੋਵੇ ਤੇ ਭਾਵੇਂ ਸਿਰ 'ਤੇ ਹੋਵੇ।

... ਤਲਾਕ ਹੋ ਜਾਣ 'ਤੇ ਪਾਸ਼ੀ ਨੂੰ ਇੰਜ ਲਗਦਾ ਸੀ ਜਿਵੇਂ ਉਸ ਦੇ ਜੀਵਨ ਨੇ ਕਿਸੇ ਰੀਮੋਟ-ਕੰਟਰੋਲ ਤੋਂ ਮੁਕਤ ਹੋ ਕੇ ਆਪਣੀ ਨਵੀਂ ਸਮਰੱਥਾ ਸਿਰਜ ਲਈ ਹੋਵੇ। ਕੋਰਟ ਵੱਲੋਂ ਬਲਰਾਜ ਨੂੰ ਨਿਆਣਿਆਂ ਨੂੰ ਮਿਲਣ ਦੀ ਇਜਾਜ਼ਤ ਉਸਨੂੰ ਰੜਕੀ ਤਾਂ ਸੀ ਪਰ ਇਸ ਤੰਦ-ਮਾਤਰ ਦਖਲ-ਅੰਦਾਜ਼ੀ ਦੀ ਉਸ ਨੇ ਕੋਈ ਪ੍ਰਵਾਹ ਨਹੀਂ ਸੀ ਕੀਤੀ।

... ਫਿਰ ਇਕ ਵੀਕ-ਐਂਡ 'ਤੇ ਜਦੋਂ ਬਲਰਾਜ ਦਾ ਫੂਨ ਆਇਆ, "ਮੈਂ ਦੋ ਕੁ ਘੰਟੇ ਤੱਕ ਸਵੀ ਤੇ ਨਿੱਕੋ ਨੂੰ ਲੈਣ ਆ ਰਿਹਾਂ। ਰਾਤ ਇਹ ਮੇਰੇ ਕੋਲ ਰਹਿਣਗੇ", ਤਾਂ ਪਾਸ਼ੀ ਨੇ ਆਪਣੇ ਆਪ ਨੂੰ ਸੋਚਾਂ ਵਿਚ ਨਹੀਂ ਸੀ ਪੈਣ ਦਿੱਤਾ ਤੇ ਨਿਆਣੇ ਤਿਆਰ ਕਰ ਦਿੱਤੇ ਸਨ। ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਬਾਹਰ ਕਾਰ 'ਚ ਬੈਠੇ ਬਲਰਾਜ ਕੋਲ ਛੱਡ ਆਈ ਸੀ। ਬੱਧੇ-ਰੁੱਧੇ ਨਿਆਣੇ ਤੁਰ ਗਏ ਸਨ। ਪਾਸ਼ੀ ਦਾ ਅੰਦਾਜ਼ਾ ਸੀ ਕਿ ਨਿਆਣੇ ਮੁੜ ਕੇ ਆਪਣੇ ਡੈਡ ਦੀ ਕੋਈ ਸ਼ਿਕਾਇਤ ਲਾਉਣਗੇ। ਅਜਿਹਾ ਨੁਕਤਾ ਆਪਣੇ ਵਕੀਲ ਕੋਲ ਉਠਾ ਕੇ ਉਹ ਬਲਰਾਜ ਦੇ ਨਿਆਣਿਆਂ ਨੂੰ ਮਿਲਣ ਦੇ ਹੱਕ 'ਤੇ ਕਿੰਤੂ ਖੜ੍ਹਾ ਕਰ ਸਕਦੀ ਸੀ। ਪਰ ਨਿਆਣਿਆਂ ਨੇ ਅਜਿਹੀ ਕੋਈ ਗੱਲ ਨਹੀਂ ਸੀ ਕੀਤੀ।

ਟੈਲੀਫੋਨ ਦੀ ਘੰਟੀ ਨੇ ਪਾਸ਼ੀ ਨੂੰ ਸੋਚਾਂ ਵਿਚੋਂ ਬਾਹਰ ਖਿੱਚ ਲਿਆ, "ਅਸੀਂ ਤੇਰੇ ਵੱਲ ਨੂੰ ਆਉਣ ਲੱਗੇ ਆਂ।" ਪਾਸ਼ੀ ਦੀ ਬੇ ਜੀ ਬੋਲ

ਰਹੀ ਸੀ।

ਜਿਸ ਵੀਕ-ਐਂਡ 'ਤੇ ਨਿਆਣੇ ਬਲਰਾਜ ਨਾਲ ਗਏ ਹੁੰਦੇ, ਪ੍ਰੀਤਮ ਸਿੰਘ ਤੇ ਗਿਆਨ ਕੌਰ ਧੀ ਨੂੰ ਮਿਲਣ ਆ ਜਾਂਦੇ। ਤੇ ਜਿਸ ਵੀਕ-ਐਂਡ 'ਤੇ ਉਹ ਘਰ ਹੁੰਦੇ, ਪਾਸ਼ੀ ਉਨ੍ਹਾਂ ਨੂੰ ਲੈ ਕੇ ਮਾਪਿਆਂ ਵੱਲ ਚਲੇ ਜਾਂਦੀ। ਉਨ੍ਹਾਂ ਦੇ ਮੋਹ ਪਿਆਰ ਦੀਆਂ ਤੰਦਾਂ ਜੁੜੀਆਂ ਚਲੀਆਂ ਆ ਰਹੀਆਂ ਸਨ। ਤੇ ਹੁਣ ਰਸੋਈ ਵਿਚ ਪੀਜ਼ੇ ਦੀ ਤਿਆਰੀ ਕਰਦੀ ਪਾਸ਼ੀ ਨੂੰ ਯਾਦ ਆ ਰਿਹਾ ਸੀ ਉਹ ਸਮਾਂ, ਜਦੋਂ ਇਨ੍ਹਾਂ ਤੰਦਾਂ 'ਚ ਖਿਚਾਅ ਪੈਦਾ ਹੋਇਆ ਸੀ... ਬਖਸ਼ਿੰਦਰ ਕਿਤਿਓਂ ਖਬਰ ਲਿਆਇਆ ਸੀ ਕਿ ਬਲਰਾਜ ਦੀ ਐਲਰਜੀ ਠੀਕ ਨਹੀਂ ਸੀ ਹੋ ਰਹੀ। ਉਂਜ ਇਹ ਗੱਲ ਉਨ੍ਹਾਂ ਲਈ ਕੋਈ ਨਵੀਂ ਨਹੀਂ ਸੀ। ਸਾਰੇ ਟੱਬਰ ਨੂੰ ਪਤਾ ਹੀ ਸੀ ਕਿ ਇਸ ਐਲਰਜੀ ਕਾਰਨ ਬਲਰਾਜ ਨੂੰ ਛਿੱਕਾਂ ਲੱਗ ਜਾਂਦੀਆਂ ਸਨ, ਖਾਸ ਕਰਕੇ ਬਦਲਦੇ ਮੌਸਮ ਦੌਰਾਨ। "ਛੱਡੋ ਆਪਾਂ ਕੀ ਲੈਣੈ।" ਪਾਸ਼ੀ ਦੇ ਇਨ੍ਹਾਂ ਬੋਲਾਂ ਨਾਲ ਗੱਲ ਠੱਪ ਹੋ ਗਈ ਸੀ। ਪਰ ਕੁਝ ਦੇਰ ਬਾਅਦ ਪ੍ਰੀਤਮ ਸਿੰਘ ਨੇ ਗੱਲ ਫਿਰ ਤੋਰ ਲਈ, "ਪਾਸ਼ੀ ਬੇਟੇ! ਹੌਂਸਲਾ ਤਾਂ ਨਹੀਂ ਪੈਂਦਾ ਕਹਿਣ ਨੂੰ... ਪਰ ਤੂੰ ਕਿੰਨਾ ਕੁ ਚਿਰ ਏਦਾਂ 'ਕੱਲੀ... ਆਪਾਂ ਕੋਈ ਹੋਰ ਮੁੰਡਾ ਲੱਭ ਲੈਨੇ ਆਂ ਤੇਰੇ ਲਈ।"

"ਲੈ ਮੁੰਡਿਆਂ ਦਾ ਕੋਈ ਘਾਟੈ, ਸੋਨੇ ਵਰਗੀ ਕੁੜੀ ਆ ਸਾਡੀ?" ਪਤੀ ਦੀ ਗੱਲ ਬੋਚਦਿਆਂ ਗਿਆਨ ਕੌਰ ਬੋਲੀ।

"ਭਜਨੋ ਦੇ ਦੇਰ ਬਾਰੇ ਤੇਰਾ ਕੀ ਖਿਆਲ ਐ?" ਭਜਨੋ ਪ੍ਰੀਤਮ ਸਿੰਘ ਦੀ ਭਤੀਜੀ ਸੀ।

"ਸਵਾਲ ਈ ਪੈਦਾ ਨਹੀਂ ਹੁੰਦਾ।" ਪਾਸ਼ੀ ਬੋਲੀ।

"ਚਲ ਫੇ ਉਦਾਂ ਈਂ ਸਪੌਂਸਰ ਕਰ ਦੇ ਉਹਨੂੰ ਏਧਰ ਸੱਦ ਦੇ। ਤੇਰੇ ਜ਼ਰੀਏ ਉਹ ਵੀ ਕਨੇਡਾ ਆ ਜਾਏਗਾ।" ਉਸਨੇ ਪੈਂਤੜਾ ਬਦਲਿਆ।

"ਹੱਦ ਕਰ ਤੀ ਆ ਡੈਡੀ! ਕੀ ਤੁਸੀਂ ਮੈਨੂੰ ਕੋਈ ਵਪਾਰੂ ਚੀਜ਼ ਸਮਝਿਆ ਹੋਇਐ... ਮੈਂ ਠੇਕਾ ਨਹੀਂ ਲਿਆ ਹੋਇਆ ਲੋਕਾਂ ਨੂੰ ਕਨੇਡਾ ਲਿਆਉਣ ਦਾ।" ਪਾਸ਼ੀ ਦਾ ਗੁੱਸਾ ਵਧਦਾ ਜਾ ਰਿਹਾ ਸੀ।

"ਡੈਡੀ ਨੇ ਤਾਂ ਉਂ ਈਂ ਗੱਲ ਕੀਤੀ ਆ ਭੈਣ! ਤੂੰ ਏਨਾ ਗੁੱਸਾ ਕਾਹਤੋਂ ਕਰਨ ਡਹੀਓਂ ਆਂ।" ਬਖਸ਼ਿੰਦਰ ਬੋਲਿਆ।

ਪਰ ਪਾਸ਼ੀ ਦੇ ਦਿਲ ਨੂੰ ਠੇਸ ਵੱਜ ਚੁੱਕੀ ਸੀ। ਉਸ ਨੂੰ ਇੰਜ ਲੱਗਾ ਸੀ ਜਿਵੇਂ ਉਸ ਦੀ ਜੀਵਨ ਨਦੀ ਉੱਪਰ ਕੋਈ ਮਿੱਲ ਉਸਾਰਨੀ ਚਾਹੁੰਦਾ





ਹੋਵੇ। ਤੇ ਉਸ ਨੇ ਆਪਣੇ ਨਵੇਂ ਕਿਨਾਰੇ ਸਿਰਜ ਲਏ ਸਨ। ਇਕ ਬੇਸਮੈਂਟ ਕਿਰਾਏ 'ਤੇ ਲੈ ਕੇ ਉਹ ਮਾਪਿਆਂ ਕੋਲੋਂ ਮੂਵ ਹੋ ਗਈ ਸੀ।

ਬਲਰਾਜ ਲੰਡਨ ਤੋਂ ਮੂਵ ਹੋ ਕੇ ਟਰਾਂਟੋ ਆ ਚੁੱਕਾ ਸੀ। ਹਰੇਕ ਤੀਜੇ ਵੀਕ-ਐਂਡ 'ਤੇ ਸਵੀ ਅਤੇ ਨਿੱਕੋ ਉਸ ਦੇ ਕੋਲ ਹੁੰਦੇ। ਉਸ ਨਾਲ ਘੁੰਮਦੇ ਫਿਰਦੇ, ਖਾਂਦੇ ਪੀਂਦੇ ਅਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ... ਉਸ ਉੱਤੇ ਮੋਹ ਛਿੜਕਦੇ... ਤੇ ਫਿਰ ਇਕ ਦਿਨ ਉਨ੍ਹਾਂ ਨੇ ਸਰਦਲ 'ਤੇ ਖੜ੍ਹੇ ਬਲਰਾਜ ਨੂੰ ਸਿਟਿੰਗ-ਰੂਮ 'ਚ ਖਿੱਚ ਲਿਆ ਸੀ। ਇਸ ਤੋਂ ਬਾਅਦ ਜਦੋਂ ਉਹ ਉਨ੍ਹਾਂ ਨੂੰ ਲੈਣ ਆਉਂਦਾ ਤਾਂ ਆਪਣੇ ਆਪ ਹੀ ਸੋਫੇ 'ਤੇ ਆ ਬੈਠਦਾ।

ਪਾਸ਼ੀ ਕੋਲ ਆ ਕੇ ਉਸ ਦੇ ਮਾਂ ਪਿਉ ਨੇ ਉਸ ਨੂੰ ਪਹਿਲੀ ਖਬਰ ਸੁਣਾਈ ਕਿ ਇੰਡੀਆ ਤੋਂ ਆ ਰਹੀ ਬਖਸ਼ਿੰਦਰ ਦੀ ਮੰਗੇਤਰ ਨੂੰ ਜਲਦੀ ਹੀ ਵੀਜ਼ਾ ਮਿਲਣ ਵਾਲਾ ਸੀ। ਫਿਰ ਉਹ ਬਖਸ਼ਿੰਦਰ ਦੇ ਵਿਆਹ ਤੋਂ ਪਹਿਲਾਂ ਆਪਣਾ ਘਰ ਖਰੀਦਣ ਅਤੇ ਵਿਆਹ ਨਾਲ ਸੰਬੰਧਤ ਹੋਰ ਕੰਮਾਂ ਬਾਰੇ ਪਾਸ਼ੀ ਦੀਆਂ ਸਲਾਹਾਂ ਪੁੱਛਣ ਲੱਗ ਪਏ। ਘਰ ਦਿਆਂ ਵੱਲੋਂ ਦਿੱਤਾ ਜਾ ਰਿਹਾ ਇਹ ਮਾਣ ਉਸਨੂੰ ਕਾਫੀ ਸੁਖਾਵਾਂ ਜਿਹਾ ਲੱਗਾ ਸੀ।

ਫਿਰ ਗੱਲਾਂ ਛਿੜ ਪਈਆਂ ਸਨ ਸਵੀ ਤੇ ਨਿੱਕੋ ਦੀਆਂ, ਉਨ੍ਹਾਂ ਦੀਆਂ ਆਦਤਾਂ ਦੀਆਂ।

"ਹੁਣ ਤਾਂ ਬਲਰਾਜ ਵੀ ਨਿਆਣਿਆਂ ਨਾਲ ਬਹੁਤਾ ਹੀ ਹੇਜ ਕਰਨ ਲੱਗ ਪਿਐ।" ਪ੍ਰੀਤਮ ਸਿੰਘ ਆਪਣੀ ਆਵਾਜ਼ ਦਾ ਕਾਂਬਾ ਲੁਕਾ ਨਹੀਂ ਸੀ ਸਕਿਆ। ਆਪਣੀ ਭਤੀਜੀ ਦੇ ਦਿਉਰ ਨੂੰ ਸਪੌਂਸਰ ਕਰਨ ਵਾਲੀ ਗੱਲ ਤੋਂ ਬਾਅਦ ਅੱਜ ਪਹਿਲੀ ਵਾਰ ਉਸਨੇ ਧੀ ਦੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਇਹ ਮਜ਼ਮੂਨ ਛੇੜਿਆ ਸੀ।

"ਬੌਹਤ, ਏਹ ਨਿਆਣੇ ਕਿਹੜਾ ਘੱਟ ਕਰਦੇ ਆ। ਜਦੋਂ ਗੱਲ ਛੇੜੋ, ਡੈਡ ਐਦਾਂ ਕਹਿੰਦੈ, ਡੈਡ ਔਦਾਂ ਕਹਿੰਦੈ।" ਕਹਿੰਦਿਆਂ ਗਿਆਨ ਕੌਰ ਨੇ ਧੀ ਦੇ ਚਿਹਰੇ ਨੂੰ ਘੋਖਿਆ ਸੀ।

ਕੋਈ ਵਿਸ਼ੇਸ਼ ਹਾਵ-ਭਾਵ ਦਿਖਾਏ ਬਿਨਾਂ, ਪਾਸ਼ੀ ਉੱਠ ਕੇ ਪੀਜ਼ਾ ਬਣਾਉਣ ਲੱਗ ਪਈ ਸੀ।

ਖਾਣਾ ਖਾਣ ਉਪਰੰਤ ਪਾਸ਼ੀ ਆਪਣੇ ਮਾਂ ਪਿਓ ਨੂੰ ਤੋਰ ਕੇ ਬੈਠੀ ਹੀ ਸੀ ਕਿ ਫੂਨ ਖੜਕ ਗਿਆ। ਆਵਾਜ਼ ਕੰਨ 'ਚ ਪੈਂਦਿਆਂ ਹੀ ਉਸ ਦੇ ਮੱਥੇ ਤਿਊੜੀ ਉੱਭਰ ਆਈ। ਜੇਕਰ ਫੂਨ ਕਰਨ ਵਾਲਾ ਉਸਦੇ ਸਾਹਮਣੇ

ਹੁੰਦਾ ਤਾਂ ਉਹ ਸ਼ਾਇਦ ਰਸੀਵਰ ਵਗਾਹ ਕੇ ਉਸ ਦੇ ਸਿਰ 'ਚ ਮਾਰ ਦੇਂਦੀ। "ਮੈਨੂੰ ਤੁਹਾਡਾ ਦਿਮਾਗ ਜ਼ਰਾ ਜ਼ਿਆਦਾ ਹੀ ਖਰਾਬ ਲਗਦੈ... ਖੈਰ ਇਲਾਜ ਕਰਨਾ ਵੀ ਮੈਂ ਜਾਣਦੀ ਆਂ।" ਉਹ ਲਾਲ ਪੀਲੀ ਹੋਈ ਬੋਲੀ... ਉਸਦੀ ਕੰਪਨੀ 'ਚ ਕੰਮ ਕਰਦਾ ਸੀ ਮਨੋਹਰ। ਆਪਣਾ ਦੁੱਖ ਸੁੱਖ ਕਰਦਿਆਂ ਪਾਸ਼ੀ ਨੇ ਸੁਭਾਵਕ ਹੀ ਆਪਣੀ ਜ਼ਿੰਦਗੀ ਦੇ ਵਰਕੇ ਉਸ ਕੋਲ ਫੋਲ ਦਿੱਤੇ ਸਨ। ਮਨੋਹਰ ਵੱਲੋਂ ਦਿਖਾਈ ਹਮਦਰਦੀ ਉਸ ਨੂੰ ਚੰਗੀ ਲੱਗੀ ਸੀ। ਦੋ ਕੁ ਵਾਰ ਉਹ ਉਸਦੇ ਬੇਸਮੈਂਟ 'ਚ ਵੀ ਗੇੜਾ ਮਾਰ ਗਿਆ ਸੀ। ਪਰ ਜਦੋਂ ਪਾਸ਼ੀ ਨੂੰ ਉਸਦੀ ਨੀਅਤ ਦਾ ਪਤਾ ਲੱਗਾ ਤਾਂ ਉਸ ਨੇ ਸਾਫ ਕਹਿ ਦਿੱਤਾ ਸੀ ਕਿ ਉਹ ਆਪਣਾ ਰਾਹ ਫੜੇ। ਪਰ ਉਹ ਪਿੱਛਿਓਂ ਲੱਥ ਨਹੀਂ ਸੀ ਰਿਹਾ। ਏਸੇ ਕਰਕੇ ਅੱਜ ਫੂਨ 'ਤੇ ਪਾਸ਼ੀ ਨੂੰ ਉਸ ਦੀ ਲਾਹ-ਪਾਹ ਕਰਨੀ ਪਈ ਸੀ।

ਪਾਸ਼ੀ ਕੁਝ ਦੇਰ ਟੀ. ਵੀ. ਦੇਖਦੀ ਰਹੀ ਤੇ ਫਿਰ ਅੱਖਾਂ 'ਚ ਨੀਂਦ ਮਹਿਸੂਸਦੀ ਹੋਈ ਸੌਂ ਗਈ ਐਤਵਾਰ ਉਹ ਦੇਰ ਨਾਲ ਉੱਠੀ। ਨਹਾ ਧੋ ਕੇ ਰਸੋਈ 'ਚ ਵੜੀ ਹੀ ਸੀ ਕਿ ਨਿਆਣਿਆਂ ਦਾ ਫੂਨ ਆ ਗਿਆ। ਖੁਸ਼ੀ 'ਚ ਖਿੜਿਆ ਸਵੀ ਦੱਸ ਰਿਹਾ ਸੀ ਕਿ ਕਲ੍ਹ ਨਿਆਗਰਾ ਫਾਲਜ਼ ਵਿਖੇ ਉਨ੍ਹਾਂ ਨੇ ਹਰੇ ਹਰੇ ਘਾਹ ਵਾਲੇ ਪਾਰਕਾਂ 'ਚ ਦੁੜਕੀਆਂ ਲਾਈਆਂ। ਫਾਲਜ਼ ਦੇ ਪਾਣੀਆਂ ਦੀ ਉੱਡ ਰਹੀ ਧੂੜ ਵਿਚੋਂ ਰੂਪਮਾਨ ਹੁੰਦੀ ਵਿਸ਼ਾਲ ਸਤਰੰਗੀ ਪੀਂਘ ਦੇਖੀ। ਆਈਸਕਰੀਮ ਤੇ ਮੈਕਡੌਨਲ ਖਾਧੇ। ਰਾਤ ਨੂੰ ਪਾਣੀਆਂ ਦੀ ਫੁਹਾਰ ਅਤੇ ਰੰਗ ਬਰੰਗੀਆਂ ਲਾਈਟਾਂ ਦੀ ਲੁਕਣਮੀਚੀ ਦੇਖੀ... ਤੇ ਫਿਰ ਸਵੀ ਨੇ ਫੂਨ ਨਿੱਕੋ ਨੂੰ ਫੜਾ ਦਿੱਤਾ ਸੀ। "ਮੌਮ! ਡੈਡ ਨੇ ਮੈਨੂੰ ਬਹੁਤ ਹੀ ਚੋਹਣਾ ਬਰਥ-ਡੇਅ ਪਰੈਜ਼ੇਂਟ ਦਿੱਤੈ।" ਨਿੱਕੋ ਆਪਣੀ ਤੋਤਲੀ ਆਵਾਜ਼ 'ਚ ਬੋਲੀ ਸੀ।

"ਪਰ ਬਰਥ-ਡੇਅ ਤਾਂ ਅਜੇ ਤੇਰਾ ਅਗਲੇ ਮਹੀਨੇ ਆਂ।"

"ਡੈਡ ਨੇ ਅੱਜ ਵੈਨਕੂਵਰ ਚਲੇ ਜਾਣੈ, ਸਪੈਸ਼ਲਿਸਟ ਕਹਿੰਦੇ ਉੱਥੇ ਐਲਰਜੀ ਠੀਕ ਹੋ ਜਾਊ।"

ਪਾਸ਼ੀ ਚਾਹ ਪੀ ਕੇ ਭਾਂਡੇ ਧੋ ਰਹੀ ਸੀ ਕਿ ਉਹ ਆ ਗਏ। ਆਮ ਤੌਰ 'ਤੇ ਬਲਰਾਜ ਕਾਰ 'ਚ ਬੈਠਾ ਹੀ ਨਿਆਣਿਆਂ ਤੋਂ ਵਿਦਾ ਲੈ ਲੈਂਦਾ ਹੁੰਦਾ ਸੀ। ਪਰ ਅੱਜ ਉਹ ਦਰਾਂ ਤੱਕ ਆਇਆ ਸੀ। ਨਿਆਣਿਆਂ ਦੇ ਸਾਮਾਨ ਵਾਲੇ ਪਲਾਸਟਿਕ ਦੇ ਬੈਗ ਉਸਨੇ ਸਰਦਲ ਕੋਲ ਰੱਖ ਦਿੱਤੇ ਤੇ ਆਪਣੀਆਂ ਨਜ਼ਰਾਂ ਨਿਆਣਿਆਂ 'ਤੇ ਘੁੰਮਾਉਂਦਾ ਬੋਲਿਆ, "ਅੱਜ





ਵੈਨਕੂਵਰ ਜਾ ਰਿਹਾਂ। ਇਨ੍ਹਾਂ ਨੂੰ ਮੈਂ ਬੜਾ ਮਿੱਸ ਕਰਾਂਗਾ... ਕਦੀ ਕਦੀ ਫੂਨ ਕਰ ਲਿਆ ਕਰਾਂਗਾ।"

ਸਵੀ ਅਤੇ ਨਿੱਕੋ ਦੇ ਮੱਥੇ ਚੁੰਮ ਕੇ ਜਦੋਂ ਬਲਰਾਜ ਟੁਰਨ ਲੱਗਾ ਤਾਂ ਉਸ ਦੀਆਂ ਅੱਖਾਂ ਤੱਕ ਅੱਖਾਂ ਪਹੁੰਚਾਉਂਦਿਆਂ ਪਾਸ਼ੀ ਬੋਲੀ, "ਆਪਣਾ ਖਿਆਲ ਰੱਖਿਓ।"

ਪਾਸ਼ੀ ਦੇ ਹੱਥਾਂ ਨਾਲ ਲੱਗੇ ਸਵੀ ਤੇ ਨਿੱਕੋ ਹੱਥ ਹਿਲਾ ਹਿਲਾ ਬਲਰਾਜ ਨੂੰ 'ਬਾਇ' ਕਰ ਰਹੇ ਸਨ। ●○●

# ਮੇਲੋ ਦੀ ਕਹਾਣੀ

## ਸੁਰਜੀਤ ਕਲਸੀ

"ਇਹ ਕੋਈ ਕਹਾਣੀ ਨਹੀਂ!"

ਇਹ ਮੇਰੀ ਜ਼ਿੰਦਗੀ ਹੈ। ਸੁਆਸ ਸੁਆਸ ਹੰਢਾਏ ਪਲਾਂ ਦੀ ਦਾਸਤਾਂ... ਮੇਰਾ ਜੀ ਕਰਦੈ ਤੂੰ ਇਸੇ ਤਰ੍ਹਾਂ ਹੀ ਮੇਰੇ ਕੋਲ ਬੈਠੀ ਰਹੇਂ ਤੇ ਮੈਂ ਤੈਨੂੰ ਇਸ ਤਰ੍ਹਾਂ ਹੀ ਦਸਦੀ ਰਵ੍ਹਾਂ... ਤੇ ਇਹ ਕਹਾਣੀ ਕਦੀ ਖਤਮ ਨਾ ਹੋਵੇ..." ਇਹ ਕਹਿੰਦਿਆਂ ਉਸਨੇ ਆਪਣੇ ਆਪਣੇ ਝੁਕੇ ਹੋਏ ਚਿਹਰੇ ਨੂੰ ਥੋੜਾ ਉਤਾਂਹ ਚੁੱਕਿਆ, ਉਸ ਦੀਆਂ ਅੱਖਾਂ ਵਿਚੋਂ ਸਿੰਮ ਕੇ ਆਇਆ ਅੱਥਰੂ ਨੱਕ ਦੇ ਕੋਕੇ ਕੋਲ ਆ ਕੇ ਰੁਕਿਆ ਸੀ। ਇਕ ਵਾਰ ਹੀ ਕੋਕਾ ਤੇ ਅੱਥਰੂ ਲਿਸ਼ਕ ਉੱਠੇ... ਹੀਰੇ ਦੀ ਕਣੀ ਦੀ ਲਿਸ਼ਕ ਮੇਰੇ ਦਿਲ ਵਿਚ ਵੱਜੀ। ਇਕ ਹੂਕ ਉੱਠੀ- ਏਹੋ ਜਿਹੀ ਔਰਤ ਨੂੰ ਕੋਈ ਦਿਲ ਵਾਲਾ ਮਰਦ ਭਲਾ ਕਿਵੇਂ ਛੱਡ ਸਕਦੈ?

"ਹੁਣ ਮੈਂ ਸੋਚਦੀ ਹਾਂ, ਮੈਂ ਹੀ ਉਸਨੂੰ ਛੱਡਿਆ ਸੀ ਸ਼ਾਇਦ। ਉਹ ਕੇਹੀ ਚੰਦਰੀ ਘੜੀ ਸੀ ਜਦੋਂ ਮੇਰੇ ਦਿਲ ਦਿਮਾਗ ਨੇ ਸਦਾ ਸਦਾ ਲਈ ਉਸ ਵਾਸਤੇ ਦਰਵਾਜ਼ੇ ਭੇੜ ਦਿੱਤੇ ਸਨ। ਹੁਣ ਉਸ ਘੜੀ ਦੀ ਚੋਭ ਹੋਰ ਤਿੱਖੀ ਹੋ ਕੇ ਚੁਭੀ ਹੈ... ਆ ਜੋ ਗਈ ਐ ਅੱਜ ਉਹ ਇੰਡੀਆ ਤੋਂ..." ਹਉਕਾ ਭਰਕੇ ਮੇਲੋ ਬੋਲੀ, "ਮੇਰੇ ਪਤੀ ਦੀ ਨਵ ਵਿਆਂਦੜ"... ਤੇ ਮੇਲੋ ਦੇ ਪਰਲ ਪਰਲ ਅੱਥਰੂ ਵਹਿ ਤੁਰੇ। ਸ਼ਾਇਦ ਦਿਲ ਦੀ ਕਿਸੇ ਨੁੱਕਰ ਵਿਚ ਅਜੇ ਵੀ ਉਸ ਨਾਲ ਆਪਣਾ ਕੋਈ ਰਿਸ਼ਤਾ ਸਮਝਦੀ ਸੀ। ਉਂਜ ਉਸਨੂੰ ਪਤੀ ਗੁਰਵੰਤ ਤੋਂ ਅੱਡ ਹੋਈ ਨੂੰ ਅੱਠ ਸਾਲ ਹੋ ਚੱਲੇ ਸਨ... ਤੇ ਉਸਨੇ ਕਦੀ ਪਰਤ ਕੇ ਨਹੀਂ ਸੀ ਵੇਖਿਆ... ਪਰ ਅੱਜ ਉਹਦਾ ਦਿਲ ਸਬਰ ਹੀ ਨਹੀਂ ਸੀ ਕਰ ਰਿਹਾ। ਲੱਗਾ ਮਰੇ ਹੋਏ ਰਿਸ਼ਤੇ ਵਿਚ ਕਿਧਰੇ ਕੋਈ ਇਕ ਅੱਧ ਸਾਹ ਬਾਕੀ ਰਹਿ ਗਿਆ ਸੀ... ਕੋਸਦੀ ਰਹੀ ਆਪਣੇ ਆਪ ਨੂੰ, ਆਪਣੇ ਗੁੱਸੇ ਨੂੰ। ਆਇਆ ਸੀ ਅੱਜ ਸ਼ਾਂਤ ਪਾਣੀਆਂ 'ਚ ਫੇਰ ਚਲਾਵਾਂ ਪੱਥਰ ਸੁੱਟ ਗਿਆ ਸੀ।

ਮੇਰੀ ਨਿਗਾਹ ਉਸ ਦੇ ਤਿੱਖੇ ਨੱਕ ਤੇ ਪਈ ਜਿੱਥੇ ਅੱਜ ਵੀ ਕੋਕਾ ਲਿਸ਼ਕ ਰਿਹਾ ਸੀ ਅਤੇ ਪੁਰਾਣੇ ਜ਼ਖਮ ਦਾ ਇਕ ਨਿਸ਼ਾਨ ਠਹਿਰ ਗਿਆ





ਹੋਇਆ ਸੀ। ਨਿੱਤ ਪੈਂਦੀ ਮਾਰ 'ਚੋਂ ਇਕ ਇਹ ਵੀ ਮਾਰ ਸੀ ਜਦੋਂ ਮੇਲੋ ਦੇ ਪਤੀ ਨੇ ਇਕ ਵਾਰ ਉਹਦਾ ਨੱਕ ਹੀ ਤੋੜ ਦਿੱਤਾ ਸੀ। ਇਹੀ ਸ਼ਾਇਦ ਆਖਰੀ ਵਾਰ ਸੀ ਤੇ ਉਹ ਉਹਨੂੰ ਛੱਡ ਆਈ ਸੀ... ਮੇਲੋ ਦਸਦੀ ਸੀ... "ਗੱਲ ਕੁਝ ਵੀ ਨਹੀਂ ਹੋਈ ਸੀ, ਘਰੇ ਦੁੱਧ ਹੈ ਨਾ, ਨਿੱਕਾ ਸ਼ਾਮ ਦਾ ਰੋਈ ਜਾਂਦਾ ਸੀ। ਗੁਰਵੰਤ ਆ ਵੜਿਆ ਸ਼ਰਾਬੀ ਹੋਇਆ। ਨਿੱਕੇ ਨੂੰ ਰੋਂਦਾ ਸੁਣ ਕੇ ਮੇਰੇ ਤੇ ਵਰ੍ਹ ਪਿਆ... ਕਹਿਣ ਲੱਗਾ... ਬਣ ਸੰਵਰ ਕੇ ਸਾਰਾ ਦਿਨ ਬਹਿ ਰਹਿਨੀ ਐਂ। ਚੁੱਪ ਨਹੀਂ ਕਰਾਈਦਾ ਆਪਣੇ ਪਤੰਦਰ ਨੂੰ... ਮੈਂ ਕਿਹਾ ਦੁੱਧ ਨੂੰ ਰੋਂਦੈ... ਕਹਿੰਦਾ ਮਾਪਿਆਂ ਕੰਜਰਾਂ ਤੋਂ ਲੈ ਆਉਣਾ ਸੀ... ਬਸ ਫਿਰ ਉਸਦੀਆਂ ਗਾਲ੍ਹਾਂ ਤੇ ਮੁੱਕੀਆਂ... ਕਹੇ, ਤੂੰ ਆਪਣੇ ਆਪ ਨੂੰ ਸਮਝਦੀ ਕੀ ਐਂ? ਹੂਰਾਂ ਪਰੀ? ਹਰ ਜਣਾ ਖਣਾ ਤੇਰੇ ਮੂੰਹ ਵੱਲ ਝਾਕਦੈ। ਦੇਖਦਾਂ ਹੁਣ ਕਿਵੇਂ ਝਾਕਦਾ ਕੋਈ ਤੇਰੇ ਵਲੀਂ... ਤੇ ਕਾੜ ਕਰਦਾ ਮੁੱਕਾ ਦੇ ਮਾਰਿਆ ਨੱਕ ਤੇ... ਦੇਖਦਾਂ ਕਿਵੇਂ ਕੋਈ ਝਾਕਦਾ। ਮੈਂ ਤਾਂ ਤੇਰੀਆਂ ਅੱਖਾਂ ਵੀ ਕੱਢ ਦਊਂ"... ਪਰ ਨੱਕ ਤੋੜ ਕੇ ਹੀ ਦਹਿਲ ਗਿਆ ਸੀ ਇਕ ਵਾਰ ਜਦੋਂ ਦੇਖਿਆ ਲਹੂ ਦਾ ਪਨਾਲਾ। ਚਾਰਾਂ ਨਿਆਣਿਆਂ ਡਰਦਿਆਂ ਮਾਰਿਆਂ ਚੀਕ ਚਿਹਾੜਾ ਪਾ ਦਿੱਤਾ... ਗੁਆਂਢੀ ਗੋਰਾ ਭੱਜਾ ਭੱਜਾ ਆਇਆ, ਲਹੂ ਵੇਖ ਕੇ ਉਸ ਪੁਲੀਸ ਨੂੰ ਫੋਨ ਕਰਤਾ। ਮਿੰਟਾਂ ਸਕਿੰਟਾਂ ਵਿਚ ਪੁਲੀਸ ਦੀ ਗੱਡੀ ਆ ਗਈ ਚੀਕਦੀ ਤੇ ਨਾਲ ਹੀ ਐਂਬੂਲੈਂਸ। ਮੈਨੂੰ ਤਾਂ ਕੋਈ ਹੋਸ਼ ਨਾ ਰਹੀ ਕਦੋਂ ਮੈਨੂੰ ਹਸਪਤਾਲ ਲੈ ਗਏ ਤੇ ਫਿਰ ਉੱਥੋਂ ਮੈਨੂੰ ਤੇ ਮੇਰੇ ਬੱਚਿਆਂ ਨੂੰ ਸੁਰੱਖਿਆ ਘਰ 'ਚ ਪਹੁੰਚਾ ਦਿੱਤਾ ਗਿਆ। ਉਥੇ ਮੈਂ ਕੋਈ ਦੋ ਮਹੀਨੇ ਰਹੀ ਹੋਵਾਂਗੀ। ਨਾ ਬੋਲੀ ਆਉਂਦੀ ਸੀ, ਨਾ ਹੀ ਪਤਾ ਸੀ ਅੱਗੋਂ ਕੀ ਹੋਏਗਾ। ਗੁਰਵੰਤ ਨੂੰ ਪੁਲੀਸ ਫੜ ਕੇ ਲੈ ਗਈ ਸੀ। ਇਕ ਰਾਤ ਜੇਲ੍ਹ 'ਚ ਰੱਖ ਕੇ ਛਡਤਾ ਸੀ ਵਾਰਨਿੰਗ ਦੇ ਕੇ ਕਿ ਉਹ ਮੇਰੇ ਤੇ ਬੱਚਿਆਂ ਦੇ ਨੇੜੇ ਨਹੀਂ ਜਾ ਸਕਦਾ। ਦੋ ਮਹੀਨੇ ਸੁਰੱਖਿਆ ਘਰ 'ਚ ਰਹਿ ਕੇ ਫਿਰ ਮੈਨੂੰ ਗੌਰਮਿੰਟ ਦਾ ਇਹ ਸਸਤੇ ਕਿਰਾਏ ਦਾ ਘਰ ਮਿਲ ਗਿਆ... ਪਤੀ ਤੋਂ ਵਖਰੀ ਚਾਰਾਂ ਬੱਚਿਆਂ ਨਾਲ ਇਥੇ ਰਹਿਣ ਲਗ ਪਈ। ਵੈਲਫੇਅਰ ਲਗ ਗਿਆ, ਤੇ ਉਹ ਖਰਚਾ ਸਿਰਫ ਦੋ ਸੋ ਡਾਲਰ ਮਹੀਨਾ ਹੀ ਦੇਣਾ ਮੰਨਿਆ ਸੀ।

ਇਕ ਵਾਰ ਲੱਗਾ ਮੈਂ ਨਰਕ ਵਿਚੋਂ ਨਿਕਲ ਆਈ ਸਾਂ। ਨਾ ਹੁਣ ਰੋਜ਼ ਰੋਜ਼ ਦਾ ਕਲੇਸ਼ ਸੀ, ਨਾ ਗਾਲ੍ਹਾਂ ਦੁੱਪੜ। ਆਰਾਮ ਸੀ। ਬੱਚੇ ਸਨ, ਮੈਂ ਸਾਂ। ਮੇਰਾ ਸਾਰਾ ਸਮਾਂ ਤੇ ਧਿਆਨ ਬੱਚਿਆਂ ਦੀ ਦੇਖਭਾਲ ਤੇ ਪੜ੍ਹਾਈ

ਤੇ ਖਰਚ ਹੋਣ ਲੱਗਾ। ਸੌਖੀ ਸਾਂ।

ਅਜੇ ਦੋ ਕੁ ਮਹੀਨੇ ਬੀਤੇ ਸਨ ਇਸ ਘਟਨਾ ਨੂੰ, ਮੇਰੀ ਬੀਬੀ ਇੰਡੀਆ ਤੋਂ ਆ ਗਈ ਤੇ ਮੇਰੇ ਨਾਲ ਰਹਿਣ ਲੱਗ ਪਈ। ਮੈਨੰ ਆਸਰਾ ਹੋ ਗਿਆ। ਪਰ ਬੀਬੀ ਮੈਨੂੰ ਇਸ ਤਰ੍ਹਾਂ ਵੇਖ ਕੇ ਬਹੁਤ ਦੁਖੀ ਹੁੰਦੀ। ਕੋਸਦੀ ਮੈਨੂੰ ਤੇ ਮੇਰੇ ਆਦਮੀ ਦੋਹਾਂ ਨੂੰ। ਕਹਿੰਦੀ:

"ਤੁਹਾਨੂੰ ਅੱਜ ਕਲ੍ਹ ਦਿਆਂ ਨੂੰ ਰਹਿਣਾ ਨਹੀਂ ਆਉਂਦਾ... ਅਸਾਂ ਜ਼ਿੰਦਗੀ ਲੰਘਾ ਤੀ... ਇਕ ਅੱਧ ਵਾਰ ਮਾਰੂ ਬੰਦਾ... ਆਪੇ ਸਮਝ ਜਾਂਦੈ।"

ਪਰ ਬੀਬੀ ਨੂੰ ਇਹ ਨਹੀਂ ਸੀ ਪਤਾ ਕਿ ਉਹ ਜ਼ਮਾਨਾ ਪੰਜਾਬ ਦੇ ਪਿੰਡਾਂ ਦਾ ਸੀ। ਜਿਥੇ ਬੰਦਾ ਔਰਤ ਨੂੰ ਆਪਣੀ ਇੱਜ਼ਤ ਸਮਝਦਾ ਹੁੰਦਾ ਸੀ ਤੇ ਘਰ ਦੀ ਮਾਲਕਣ। ਇਥੇ ਇਹ ਜ਼ਮਾਨਾ ਕਨੇਡਾ ਦਾ ਹੈ ਜਿਥੇ ਡਾਲਰਾਂ ਦੇ ਰਿਸ਼ਤੇ ਹਨ, ਔਰਤ ਜੇ ਡਾਲਰ ਕਮਾਂਦੀ ਹੈ ਤਾਂ ਰਿਸ਼ਤਾ ਹੈ, ਨਹੀਂ ਤਾਂ ਰਿਸ਼ਤਾ ਕੱਚ ਦੇ ਗਲਾਸ ਵਾਂਗ ਟੁੱਟ ਜਾਂਦੈ। ਨਾ ਹੀ ਔਰਤ ਘਰ ਦੀ ਮਾਲਕਣ ਹੈ ਨਾ ਘਰ ਵਾਲੀ, ਜਦੋਂ ਚਾਹੇ ਬੰਦਾ ਕਹਿ ਦੇਂਦਾ ਹੈ "ਨਿਕਲ ਜਾ ਮੇਰੇ ਘਰੋਂ।"

ਗੁਰਵੰਤ ਦੀ ਲੜਾਈ ਦਾ ਕਾਰਣ ਹੀ ਇਹੀ ਸੀ। ਮੇਲੋ ਚਾਰ ਨਿਆਣਿਆਂ ਨੂੰ ਛੱਡ ਕੇ ਘਰ ਤੋਂ ਬਾਹਰ ਜਾ ਕੇ ਕੰਮ ਨਹੀਂ ਸੀ ਕਰ ਸਕਦੀ। ਕਹਿੰਦਾ: "ਲੋਕਾਂ ਦੀਆਂ ਤੀਵੀਂਆਂ ਕਿੱਦਾਂ ਕਨੇਡਾ ਆਉਂਦੇ ਸਾਰ ਡਾਲਰ ਕਮਾਉਣ ਲਗ ਪੈਂਦੀਐਂ, ਅਜੇ ਤੇਰਾ ਨਾਜ਼ ਨਖਰਾ ਨੀ ਸੂਤ ਆਉਂਦਾ... ਹਮਾਂ ਤਾਂ ਜੀ ਫਾਰਮਾਂ 'ਚ ਕੰਮ ਨੀ ਕਰ ਸਕਦੀ..." ਗੱਲ ਕੀ, ਬਸ ਝੱਲੀ ਨਹੀਂ ਸੀ ਜਾਂਦੀ ਉਸ ਤੋਂ ਘਰ 'ਚ ਤੁਰੀ ਫਿਰਦੀ। ਉਹ ਸਮਝਦਾ ਸੀ ਮੈਂ ਵਿਹਲੀ ਰਹਿੰਦੀ ਹਾਂ। ਪਰ ਚਾਰ ਨਿਆਣਿਆਂ ਨੂੰ ਸਾਂਭਣਾਂ, ਘਰ ਦਾ ਸਾਰਾ ਕੰਮ, ਇਕ ਮਿੰਟ ਦਾ ਵਿਹਲ ਨਹੀਂ ਸੀ ਲਗਦਾ। ਪਰ ਉਹ ਸਮਝਦਾ ਸੀ ਮੈਂ ਬਣ ਸੰਵਰ ਕੇ ਬੈਠੀ ਰਹਿਨੀ ਆਂ।

ਬੀਬੀ ਨੂੰ ਦੱਸੀ ਸੀ ਸਾਰੀ ਗੱਲ, ਪਰ ਉਹੀ ਉਹਦੇ ਵਿਚਾਰ, ਬਈ ਤਾਂ ਕੀ ਹੋ ਗਿਆ ਜੇ ਬੰਦੇ ਨੇ ਦੋ ਮਾਰ ਲਈਆਂ। ਬੀਬੀ ਸਾਨੂੰ ਕੋਸ ਕੂਸ ਕੇ ਹਟ ਜਾਂਦੀ। ਹੌਲੀ ਹੌਲੀ ਉਹਨੂੰ ਵੀ ਖਬਰ ਪਹੁੰਚ ਗਈ ਕਿ ਉਹਦੀ ਸੱਸ, ਬੀਬੀ, ਇੰਡੀਆ ਤੋਂ ਆਈ ਹੋਈ ਐ। ਇਕ ਦਿਨ ਆ ਨਾ ਧਮਕਿਆ। ਮੈਂ ਰੌਲਾ ਪਾਈ ਜਾਵਾਂ:

"ਬੀਬੀ, ਇਹਨੂੰ ਕਹਿ ਦੇ ਚਲਾ ਜਾਏ ਇਥੋਂ, ਮੇਰੇ ਕੋਲ ਰੋਕ ਦੇ ਆਰਡਰ ਨੇ, ਜੇ ਪੁਲਿਸ ਨੂੰ ਪਤਾ ਲੱਗ ਗਿਆ, ਉਨ੍ਹਾਂ ਲੈ ਜਾਣੈ ਚੱਕ





ਕੇ-" ਉਸ ਇਕ ਨਾ ਸੁਣੀ, ਚੁਗਾਠ ਫੜ ਕੇ ਖੜੋ ਗਿਆ।

ਕਹੀ ਜਾਏ, "ਨ ਬੀਬੀ, ਤੂੰ ਹੀ ਕਰੀਂ ਇਕ ਵਾਰ ਇਨਸਾਫ। ਇਹਦੀ ਗਿੱਠ ਦੀ ਜ਼ਬਾਨ ਲੱਗੀ ਹੋਈ ਐ, ਮਾਰਦਾ ਨਾ ਤਾਂ ਕੀ ਕਰਦਾ..." ਉਹ ਅਜੇ ਵੀ ਕਸੂਰ ਮੇਰਾ ਹੀ ਕੱਢ ਰਿਹਾ ਸੀ।

ਬੀਬੀ ਸ਼ਸ਼ੋਪੰਜ 'ਚ ਪੈ ਗਈ, ਬੋਲੀ "ਵੇ ਭਾਈ, ਮੈਂ ਹੁਣ ਕੀ ਅਨਸਾਫ ਕਰਨੈ, ਅੱਡੋ ਪਾਟੀ ਹੋ ਗਏ..."

"ਅੱਡੋ ਪਾਟੀ ਕੀ ਐ, ਅਜੇ ਵੀ ਕੁੱਝ ਨਹੀਂ ਗੁਆਚਾ..." ਮੇਲੋ ਵੱਲ ਵੇਖ ਕੇ ਗੁਰਵੰਤ ਨੇ ਸੁਲਾਹ ਜਿਹੀ ਕਰਨੀ ਚਾਹੀ, ਬੋਲਿਆ "ਜਿੱਦਾਂ ਤੂੰ ਕਹੇਂਗੀ, ਮੈਂ ਕਰਨ ਨੂੰ ਤਿਆਰ ਆਂ ਬਾਬਾ।" ਫਿਰ ਕੁਝ ਦੇਰ ਚੁੱਪ ਮਗਰੋਂ ਬੀਬੀ ਨੂੰ ਕਿਹਾ, "ਇਹਨੂੰ ਕਹਿ, ਛੱਡ ਦੇਵੇ ਅੜੀ, ਵਾਪਸ ਆ ਜਾਏ ਘਰ, ਜਾਂ ਮੈਂ ਇਥੇ ਆ ਰਹਿਨਾ।"

ਮੇਲੋ ਭਜ ਕੇ ਅਗਾਂਹ ਨੂੰ ਹੋ ਕੇ ਦੋਵੇਂ ਹੱਥ ਜੋੜਦੀ ਹੋਈ ਬੋਲੀ, "ਬੀਬੀ, ਇਹਨੂੰ ਕਹਿ ਬਸ ਇਥੋਂ ਚਲਿਆ ਜਾਏ, ਮੇਰੇ ਤਾਂ ਨੱਕ 'ਚੋਂ ਅਜੇ ਟਾਂਕੇ ਵੀ ਨਹੀਂ ਖੁਲ੍ਹੇ। ਮੈਨੂੰ ਪਤੈ, ਨਾ ਇਹਨੇ ਸ਼ਰਾਬ ਛੱਡਣੀ ਐ, ਨਾ ਕਸਾਈਆਂ ਵਾਂਗ ਹੱਡ ਭੰਨਣੋਂ ਰੁਕਣੈ।"

ਮੇਲੋ ਦਾ ਗੁਸੈਲਾ ਰੁੱਖ ਵੇਖ ਕੇ ਗੁਰਵੰਤ ਚੁਗਾਠ ਛੱਡ ਕੇ ਥੋੜ੍ਹੇ ਫਰਕ ਨਾਲ ਖਲੋ ਗਿਆ... ਕਹਿਣ ਲੱਗਾ "ਅੱਛਾ ਤੇਰੀ ਮਰਜ਼ੀ, ਫੇਰ ਆਊਂਗਾ, ਜਦੋਂ ਲਹਿ ਗਿਆ ਤੇਰਾ ਗੁੱਸਾ..." ਕਹਿੰਦਾ ਹੋਇਆ ਤੁਰ ਗਿਆ।

ਗੁਰਵੰਤ ਦੇ ਪਿੱਠ ਮੋੜਨ ਦੀ ਦੇਰ ਸੀ ਮੇਲੋ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਵਹਿ ਤੁਰੇ... ਰੋਂਦੀ ਰੋਂਦੀ ਨੇ ਬੀਬੀ ਨੂੰ ਕਿਹਾ, "ਇਹਨੂੰ ਕਹਿ ਦੇ, ਮੇਰੇ ਘਰ ਨਾ ਵੜਿਆ ਕਰੇ। ਤੈਨੂੰ ਕੀ ਪਤਾ ਕਿੰਨੀ ਖਜਲ ਖ਼ੁਆਰੀ ਪਿੱਛੋਂ ਮੈਂ ਤੇ ਮੇਰੇ ਬੱਚੇ ਹੁਣ ਰੋਟੀ ਖਾਣ ਲੱਗੇ ਆਂ, ਉਂਜ ਵੀ ਜੇ ਪੁਲਿਸ ਫੜ ਕੇ ਲੈ ਗਈ, ਫਿਰ ਸਾਨੂੰ ਸਾਰਿਆਂ ਨੂੰ ਗਾਲ੍ਹਾਂ ਕੱਢਦਾ ਫਿਰੂਗਾ।" ਮੇਲੋ ਨੂੰ ਸਮਝ ਨਾ ਪਈ ਉਹਦੇ ਅੱਥਰੂਆਂ ਵਿਚੋਂ ਗੁੱਸਾ ਵਹਿ ਰਿਹਾ ਸੀ ਜਾਂ ਤਰਸ... ਜਾਂ ਉਹ ਅਤੀਤ ਦਾ ਦੁੱਖ ਜੋ ਉਸਨੇ ਪਿਛਲੇ ਦਸ ਸਾਲਾਂ ਵਿਚ ਗੁਰਵੰਤ ਨਾਲ ਰਹਿ ਕੇ ਭੋਗਿਆ ਸੀ।

ਕੁਝ ਮਹੀਨਿਆਂ ਬਾਅਦ ਰਿਸ਼ਤੇਦਾਰੀ 'ਚੋਂ ਕਿਸੇ ਦਾ ਵਿਆਹ ਸੀ। ਮੇਲੋ ਤੋਂ ਜਾ ਨਾ ਹੋਇਆ, ਨਿੱਕਾ ਬਿਮਾਰ ਸੀ। ਬੀਬੀ ਗਈ ਸੀ। ਆ ਕੇ ਦੱਸੇ, "ਗੁਰਵੰਤ ਫਿਰਦਾ ਸੀ ਉਥੇ ਬਣਿਆ ਤਣਿਆ, ਕਿਸੇ ਪੁੱਛਿਆ,

ਬਹੂ ਨੀ ਆਈ ਨਾਲ? ਕਹਿੰਦਾ: ਬਿਮਾਰ ਸੀ। ਉਹ ਤਾਂ ਅਜੇ ਵੀ ਸਮਝਦੈ ਕਿ ਕੁਝ ਨੀ ਵਿਗੜਿਆ, ਐਵੇਂ ਤੂੰ ਹੀ ਜ਼ਿਆਦਾ ਵੱਟ ਖਾਧੀ ਬੈਠੀ ਐਂ।"

ਇਹ ਗੱਲ ਸੁਣ ਕੇ ਮੇਲੋ ਤਮਕ ਪਈ, "ਹਾਂ ਤੇਰੇ ਭਾਣੇ ਕੁਝ ਨੀ ਵਿਗੜਿਆ। ਤੂੰ ਤਾਂ ਲੰਘਾ ਤੀ ਸਾਰੀ ਬਾਪੂ ਦੀਆਂ ਜੁੱਤੀਆਂ ਖਾਂਦਿਆਂ, ਹੁਣ ਤੂੰ ਚਾਹੁੰਨੀ ਆਂ ਮੈਂ ਵੀ ਸਾਰੀ ਉਮਰ ਹੱਡ ਕੁਟਾਈ ਚੱਲਾਂ। ਬਾਪੂ ਤਾਂ ਕਮਾਈ ਘਰੇ ਲਿਆਉਂਦਾ ਹੁੰਦਾ ਸੀ, ਇਹਦੇ ਵਾਂਗ ਸ਼ਰਾਬਾਂ ਤੇ ਘੋੜਿਆਂ 'ਤੇ ਤਾਂ ਨੀ ਸੀ ਉਜਾੜਦਾ। ਮੈਂ ਇਕ ਵਾਰ ਫੈਸਲਾ ਕਰ ਲਿਐ, ਹੁਣ ਤੂੰ ਕਿਉਂ ਰੋਜ਼ ਰੋਜ਼ ਤਾਉਨੀ ਐਂ ਮੈਨੂੰ।" ਕਹਿੰਦੀ ਕਹਿੰਦੀ ਦਾ ਗੱਚ ਭਰ ਆਇਆ, ਅੱਖਾਂ ਤਰਲ ਹੋ ਆਈਆਂ। ਮੇਲੋ ਦੀ ਘੁਰਕੀ ਸੁਣ ਕੇ ਬੀਬੀ ਝੇਂਪ ਜਿਹੀ ਗਈ ਤੇ ਬੁੜਬੜਾਈ, "ਨੀ ਆਹੋ ਧੀਏ... ਕਾਹਨੂੰ ਨੇ ਹੁਣ ਉਹ ਵੇਲੇ..."

ਲਗਦਾ ਸੀ, ਬੀਬੀ ਗੁਰਵੰਤ ਨੂੰ ਉਸ ਵਿਆਹ 'ਚ ਬੜੇ ਤਪਾਕ ਨਾਂਲ ਮਿਲੀ ਹੋਊ ਤਾਂ ਹੀ ਦੂਜੇ ਦਿਨ ਮਗਰੇ ਹੀ ਆ ਗਿਆ। ਕਹਿੰਦਾ "ਬੀਬੀ ਨੂੰ ਮਿਲਣ ਆਇਆਂ।"

"ਜਾ ਲੈ ਜਾ ਆਪਣੇ ਕੋਲ ਬੀਬੀ ਨੂੰ ਜੇ ਬੜਾ ਤਿਓ ਆਉਂਦੈ ਤਾਂ..." ਮੇਲੋ ਨੇ ਤਨਜ਼ ਮਾਰੀ।

ਕੁੜਤਾ ਪਜਾਮਾ ਪਾਇਆ ਹੋਇਆ ਸੀ। ਦਾਹੜੀ ਲਗਦਾ ਸੀ ਸਵੇਰੇ ਕੱਟੀ ਨਹੀਂ। ਮੁੱਛਾ 'ਚ ਹਸਦਾ ਅਗਾਂਹ ਹੋ ਕੇ ਭੁੰਜੇ ਬਹਿ ਗਿਆ। ਬੀਬੀ ਭਜ ਕੇ ਅੱਗੇ ਹੋਈ, "ਹਾਏ ਹਾਏ ਵੇ ਗੁਰਵੰਤ, ਸੋਫੇ ਤੇ ਬੈਠ, ਭੁੰਜੇ ਬੈਠਣ ਤੇਰੇ ਦੁਸ਼ਮਨ।"

"ਨਹੀਂ ਬੀਬੀ, ਉਹਦਾ ਸੋਫਾ ਮੈਲਾ ਹੋ ਜਾਊ।" ਬੋਲਿਆ...

"ਲੈ ਬਹਿ ਜਾ ਬੀਬੀ ਦੇ ਗੋਡੇ ਨਾਲ, " ਦੰਦ ਕਰੀਚਦੀ ਮੇਲੋ ਪੌੜੀਆਂ ਚੜ੍ਹ ਗਈ। ਪਰ ਅਜੇ ਅੱਧ ਵਿਚਕਾਰ ਹੀ ਪਹੁੰਚੀ ਸੀ ਕਿ ਜੀ ਕੀਤਾ ਸੁਣੇ ਉਹ ਕੀ ਗੱਲਾਂ ਕਰਨ ਆਇਆ ਸੀ। ਉੱਥੇ ਹੀ ਪੌੜੀਆਂ 'ਚ ਬਹਿ ਗਈ।

ਬੀਬੀ ਪੁੱਛ ਰਹੀ ਸੀ, "ਵੇ ਗੁਰਵੰਤ ਰੋਟੀ ਖਾ ਲੈ..."

"ਕਾਹਦੀਆਂ ਰੋਟੀਆਂ ਖਾਣੀਆਂ ਹੁਣ ਬੀਬੀ, ਕੋਈ ਹੋਵੇ ਪਕਾਣ ਵਾਲੀ ਨਾ?"

"ਵੇ ਰੋਟੀ ਦਾ ਕੀ ਐ ਮੈਂ ਪਕਾ ਦੇਨੀ ਆਂ।"





"ਬੀਬੀ ਮੇਲੋ ਨੂੰ ਕਹੀਂ, ਭੋਰਾ ਕੁ ਦਾਲ ਸਬਜ਼ੀ ਬਣਾ ਦਿਆ ਕਰੇ, ਰੋਟੀ ਮੈਂ ਆਪੇ ਔਖਾ ਸੌਖਾ ਲਾਹ ਲਿਆ ਕਰੂੰ।"

"ਲੈ ਅੱਜ ਤਾਂ ਲੈ ਜਾ ਬਣੀ ਹੋਈ ਐ, ਅੱਗੋਂ ਤੋ ਕਹਿ ਦਿਆਂਗੀ ਉਹਨੂੰ," ਕਹਿੰਦੀ ਬੀਬੀ ਨੇ ਦਾਲ ਤੇ ਸਬਜ਼ੀ ਦੀਆਂ ਡੱਬੀਆਂ ਭਰਕੇ ਉਹਨੂੰ ਫੜਾ ਦਿੱਤੀਆਂ ਤੇ ਉਹ ਚਲਾ ਗਿਆ।

ਮੇਲੋ ਦਾ ਦਿਲ ਕਹੇ ਦਾਲ ਸਬਜ਼ੀ ਦਾ ਤਾਂ ਬਹਾਨਾ ਹੀ ਹੋਣੈਂ, ਗੱਲ ਤਾਂ ਹੋਰ ਹੀ ਕਰਨ ਆਇਆ ਹੋਣੈ।

ਤੀਜੇ ਚੌਥੇ ਦਿਨ ਸਵੇਰਿਓਂ ਮੇਲੋ ਜਦੋਂ ਬਾਰੀਆਂ ਦੇ ਸ਼ੀਸ਼ੇ ਸਾਫ ਕਰ ਰਹੀ ਸੀ ਤਾਂ ਗਲੀ ਦੇ ਸਾਹਮਣਿਓਂ ਗੁਰਵੰਤ ਤੁਰਿਆ ਆਉਂਦਾ ਦਿਸਿਆ। ਸਿੱਧਾ ਉਸ ਵਲ ਹੀ ਵੇਖ ਰਿਹਾ ਸੀ। ਘਰ ਦੇ ਕੋਲ ਆ ਕੇ ਰਤਾ ਕੁ ਰੁਕ ਗਿਆ। ਮੇਲੋ ਦਾ ਹੱਥ ਬਾਰੀ ਤੇ ਰੁਕ ਗਿਆ। ਫਿਰ ਉਹ ਅੱਗੇ ਲੰਘ ਗਿਆ। ਦਸ ਕੁ ਕਦਮਾਂ ਜਾ ਕੇ ਫਿਰ ਪਿਛਾਂਹ ਪਰਤ ਆਇਆ। ਮੇਲੋ ਦਾ ਕਲੇਜਾ ਧੱਕ ਧੱਕ ਕਰਨ ਲਗ ਪਿਆ... "ਲੈ ਭੈਣੇ ਉਸ ਤਾਂ ਆ ਬੂਹਾ ਖੜਕਾਇਆ, ਬੀਬੀ ਘਰ ਹੈ ਨਹੀਂ ਸੀ, ਗੁਰਦੁਆਰੇ ਗਈ ਹੋਈ ਸੀ।" ਮੇਲੋ ਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਾ। ਲਏ ਆਰਡਰਾਂ ਮੁਤਾਬਕ ਦਰਵਾਜ਼ਾ ਖੋਹਲ ਕੇ ਗੁਰਵੰਤ ਨੂੰ ਘਰ ਦੇ ਅੰਦਰ ਨਹੀਂ ਸੀ ਵਾੜ ਸਕਦੀ। ਹੁਣ ਉਹ ਬੈਲ ਖੜਕਾਈ ਜਾਂਦਾ ਸੀ। ਮੇਲੋ ਨੇ ਮਨ ਨੂੰ ਕਰੜਾ ਕੀਤਾ ਤੇ ਥੱਲੇ ਆ ਗਈ। ਫੜੱਕ ਦੇਣੇ ਬੂਹਾ ਖੋਹਲ ਕੇ ਕਾਹਲੀ ਨਾਲ ਬੋਲੀ, "ਜਾ ਚਲਿਆ ਜਾ ਇਥੋਂ। ਕਿਉਂ ਰੋਜ਼ ਸਤਾਉਣ ਆ ਜਾਨੈਂ? ਜਾ, ਨਹੀਂ ਤਾਂ ਮੈਂ ਪੁਲਿਸ ਨੂੰ ਲੱਗੀ ਆਂ ਮਾਰਨ ਫੋਨ!"

"ਓ ਤੱਤੀਏ, ਮਾਰ ਲਈਂ ਪੁਲਿਸ ਨੂੰ ਫੋਨ ਵੀ, ਪਹਿਲਾਂ ਮੇਰੀ ਗੱਲ ਤਾਂ ਸੁਣ ਲੈ..."

"ਮੈਂ ਨਹੀਂ ਸੁਣਨੀ ਤੇਰੀ ਕੋਈ ਗੱਲ ਗੁਲ, ਤੇਰੀ ਮੇਰੀ ਬੱਸ, ਤੂੰ ਜਾਹ ਇਥੋਂ..."

"ਜਿੰਦਾਂ ਕਹੇਂਗੀ ਕਰਾਂਗਾ, ਛੱਡ ਦੇ ਗੁੱਸਾ ਹੁਣ... ਦੇਖ, ਦੋ ਸਾਲ ਕੋਈ ਕੁੱਤਾ ਪਾਲ ਲਏ ਉਹਦੇ ਨਾਲ ਹੀ ਤਿਓ ਆਉਣ ਲਗ ਜਾਂਦੈ, ਤੂੰ ਬੋਲਦੀ ਤੱਕ ਨਹੀਂ।"

"ਚੰਗਾ ਕਲ੍ਹ ਨੂੰ ਬੀਬੀ ਤੋਂ ਲੈ ਜਾਈਂ ਜੁਆਬ ਏਸ ਗੱਲ ਦਾ, ਹੁਣ ਜਾ।"

ਮੇਲੋ ਨੇ ਛੇਤੀ ਦੇਣੇ ਬੂਹਾ ਭੇੜ ਲਿਆ, ਮਤਾਂ ਕੋਈ ਦੇਖ ਨਾ ਲਵੇ।

ਐਵੇਂ ਕੋਈ ਵੈਲਫੇਅਰ ਦੇ ਸ਼ਿਕਾਇਤ ਕਰ ਦਊ। ਮੇਲੋ ਦਾ ਮਨ ਭਰ ਆਇਆ। ਮਨ ਨੇ ਫਿਟਕਾਰ ਪਾਈ... ਚੰਦਰੀਏ ਜੇ ਸਵੇਰ ਦਾ ਭੁਲਿਆ, ਸ਼ਾਮ ਨੂੰ ਮੁੜ ਆਏ ਤਾਂ ਭੁਲਿਆ ਨਹੀਂ ਹੁੰਦਾ। ਉਸ ਨੂੰ ਲੱਗਾ ਗੁਰਵੰਤ ਉਸ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ। ਉਸ ਆਪਣੇ ਦਿਲ ਨੂੰ ਟੋਹਿਆ, ਕੀ ਉਹ ਆਪ ਉਹਨੂੰ ਵੇਖੇ ਬਿਨਾਂ ਰਹਿ ਸਕਦੀ ਸੀ? ਇਹ ਸੋਚਦੀ ਉਹ ਉਥੇ ਹੀ ਭੁੰਜੇ ਬਹਿ ਗਈ ਜਿੱਥੇ ਇਕ ਦਿਨ ਗੁਰਵੰਤ ਆ ਕੇ ਬੈਠਾ ਸੀ। ਸੋਚੀਂ ਪੈ ਗਈ। ਆਪਣੇ ਆਪ ਨੂੰ ਦੋਸ਼ੀ ਸਮਝਣ ਲਗੀ। ਇਕ ਪਲ ਲੱਗਾ ਜਿਵੇਂ ਸਾਰਾ ਕਸੂਰ ਉਸਦਾ ਆਪਣਾ ਹੀ ਸੀ... ਪਰ ਫੇਰ ਬੀਤੇ ਸਮੇਂ ਦੀ ਘਟਨਾ ਦਰ ਘਟਨਾ ਉਹਦੇ ਦਿਮਾਗ 'ਚ ਰੀਲ ਵਾਂਗ ਚੱਲਣ ਲੱਗੀ।

ਗੁਰਵੰਤ ਹਰ ਰੋਜ਼ ਹੀ ਮੁੱਕੀ ਦੁੱਪੜ ਕਰਦਾ ਹੁੰਦਾ ਸੀ, ਹਰ ਰੋਜ਼ ਕਿਸੇ ਨਾ ਕਿਸੇ ਗੱਲੋਂ ਕਲੇਸ਼। ਰੋਜ਼ ਪੀ ਕੇ ਆਉਂਦਾ, ਗਾਲ੍ਹਾਂ ਕੱਢਦਾ। ਤੌਬਾ ਸੁਣੀਆਂ ਹੀ ਨਹੀਂ ਸਨ ਜਾਂਦੀਆਂ। ਗਾਲ੍ਹਾਂ ਵਿਚ ਮਾਂ ਨੂੰ ਤੇਰਾ ਚੌਂਦਾਂ ਵਾਰੀ ਵਲ ਵਲ ਲਿਆਉਂਦਾ, ਦੰਦ ਕਰੀਚਦਾ। ਡਰ ਲਗਦਾ ਉਸਤੋਂ। ਸ਼ਰਾਬੀ ਹੋਏ ਨੇ ਹਰ ਦੋਸ਼ ਮੇਲੋ ਸਿਰ ਮੜ੍ਹ ਦੇਣਾ। ਕੋਈ ਗੱਲ ਹੋਣੀ, ਕਹਿ ਦੇਣਾ ਫਲਾਣਾ ਕਿਉਂ ਝਾਕਦਾ ਸੀ ਤੇਰੇ ਵਲ, ਖ਼ਬਰਦਾਰ ਬਾਹਰ ਨਹੀਂ ਜਾ ਸਕਦੀ ਕਿਤੇ, ਕਿਉਂ ਗਈ ਸੈਂ ਗੁਆਂਢੀਆਂ ਦੇ... ਗੁਰਦੁਆਰੇ ਉਹ ਜ਼ਨਾਨੀ ਤੇਰੇ ਨਾਲ ਕੀ ਘੁਸਰ ਮੁਸਰ ਕਰਦੀ ਸੀ...। ਇਸ ਤਰ੍ਹਾਂ ਦੀ ਕੋਈ ਨਾ ਕੋਈ ਗੱਲ ਫੜੀ ਰੱਖਦਾ। ਇਸ ਤੋਂ ਵੀ ਬੁਰੀ 'ਲਤ ਸੀ ਜਿੰਨੇ ਪੈਸੇ ਕਮਾਉਣੇ ਉਸ ਤੋਂ ਵੱਧ ਘੋੜਿਆਂ ਤੇ ਲਾ ਦੇਣੇ। ਅਖੀਰ ਤੇ ਤਾਂ ਮੇਲੋ ਦੇ ਗਹਿਣੇ ਵੀ ਇਕ ਇਕ ਕਰਕੇ ਜੂਏ ਤੇ ਲੱਗ ਗਏ ਸਨ। ਹਰ ਵਾਰ ਕਹਿੰਦਾ, ਅਗਲੀ ਤਨਖਾਹ 'ਚੋਂ ਬਣਾ ਦਊਂਗਾ... ਹਰ ਵਾਰ ਹਾਰ ਜਾਂਦਾ। ਫੇਰ ਦਬੱਲ ਕੇ ਪੀਂਦਾ, ਦਬੱਲ ਕੇ ਖਰੂਦ ਕਰਦਾ। ਘਰ ਦੀਆਂ ਚੀਜ਼ਾਂ ਭੰਨ ਦੇਂਦਾ, ਨਿਆਣੇ ਡਰ ਦੇ ਮਾਰੇ ਕਮਰੇ 'ਚ ਵੜ ਜਾਂਦੇ... ਚੀਕਾਂ ਮਾਰਦਾ, ਵਾਲ ਖਿਲਾਰ ਲੈਂਦਾ, ਮੇਲੋ ਨੂੰ ਗਾਲ੍ਹ ਤੇ ਗਾਲ੍ਹ... ਲਗਦਾ ਜ਼ਿਹਨੀ ਬਿਮਾਰ ਸੀ... ਗੁੱਸੇ ਨੂੰ ਕੰਟਰੋਲ ਨਾ ਕਰ ਸਕਦਾ। ਸੋਚਦਿਆਂ ਹੀ ਮੇਲੋ ਦੇ ਰੌਂਗਟੇ ਖੜੇ ਹੋ ਜਾਂਦੇ। ਜੇ ਕਦੀ ਦੋਹਾਂ ਹੱਥਾਂ ਨਾਲ ਉਹਦਾ ਗਲਾ ਦਬੋਚ ਲੈਂਦਾ ਤਾਂ ਮੇਲੋ ਦੀਆਂ ਅੱਖਾਂ ਬਾਹਰ ਨੂੰ ਆ ਜਾਂਦੀਆਂ, ਉਂਗਲਾਂ ਦੇ ਨਿਸ਼ਾਨ ਗਰਦਣ 'ਤੇ ਖੁਭ ਜਾਂਦੇ।... ਮੇਲੋ ਦੇ ਮਾਪਿਆਂ ਨੂੰ ਗਾਲ੍ਹਾਂ ਕੱਢਦਾ, ਭੁੱਖਿਆਂ ਨੰਗਿਆਂ ਕੰਜਰਾਂ ਨੇ ਕੁੱਝ





ਨਹੀਂ ਦਿੱਤਾ। ਮੇਲੋ ਰੋਂਦੀ, ਜਾਨ ਬਚਾਂਦੀ, ਕਿਸਮਤ ਨੂੰ ਕੋਸਦੀ...। ਸੋਚਦੀ ਦੀਆਂ ਅੱਖਾਂ ਭਰ ਆਈਆਂ, ਮੇਲੋ ਨੂੰ ਲੱਗਾ, ਬੀਤੇ ਸਮੇਂ ਦਾ ਇਹ ਅਸਹਿ ਦਰਦ ਉਹਦੇ ਹੱਡਾਂ ਵਿਚ ਰਚਿਆ ਹੋਇਆ ਸੀ। ਉਸ ਸਮੇਂ ਦੀ ਯਾਦ ਵੀ ਉਨੀ ਹੀ ਦੁਖਦਾਈ ਸੀ ਜਿੰਨੀ ਉਸ ਸਮੇਂ ਮਾਰ ਪੈਣ ਤੇ ਹੁੰਦੀ ਸੀ।

ਗੁਰਵੰਤ ਨੇ ਕਦੇ ਵੀ ਮੇਲੋ ਨੂੰ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਉਹ ਹੱਡ ਮਾਸ ਦੀ ਜਿਉਂਦੀ ਜਾਗਦੀ ਔਰਤ ਹੈ। ਹਮੇਸ਼ਾਂ ਹੀ ਉਹ ਉਸਦੀ ਹਰ ਗੱਲ ਨੂੰ ਮਿੱਟੀ ਵਿਚ ਸੁੱਟ ਦੇਂਦਾ। ਉਹ ਬਥੇਰਾ ਕਹਿੰਦੀ: ਨਾ ਪੀ ਸ਼ਰਾਬ, ਨਾ ਉਜਾੜ ਪੈਸੇ ਜੂਏ ਤੇ। ਉਹ ਜਿੰਨਾ ਕਹਿੰਦੀ ਉਹਨੂੰ ਉਨੀ ਚਹਿ ਚੜ੍ਹ ਜਾਂਦੀ। ਆਪਣੀ ਮਨ ਆਈ ਕਰਦਾ, ਦੋ ਹਫਤਿਆਂ ਦੀ ਤਨਖਾਹ ਦੋ ਦਿਨਾਂ 'ਚ ਰੋੜ੍ਹ ਛੱਡਦਾ... ਅੱਧੀ ਅੱਧੀ ਰਾਤ ਤਕ ਘਰ ਨਾ ਵੜਦਾ... ਹੁਣ, ਤੇ ਹੁਣ ਇੰਜ ਕਰਨ ਲਗੈ ਜਿਵੇਂ ਬੜਾ ਸਾਊ ਹੁੰਦੈ, ਜਿਵੇਂ ਮੇਲੋ ਦਾ ਹੀ ਸੀ ਸਾਰਾ ਕਸੂਰ, ਜਿਵੇਂ ਘਰ ਟੁੱਟਣ ਦੀ ਜ਼ਿੰਮੇਵਾਰ ਮੇਲੋ ਹੀ ਸੀ, ਕਿਉਂਕਿ ਉਹ ਬੱਚੇ ਲੈ ਕੇ ਅੱਡ ਜੋ ਰਹਿਣ ਲੱਗ ਪਈ ਸੀ। ਅਤੇ ਉਹ ਬੱਚੇ ਮਹੀਨੇ 'ਚ ਸਿਰਫ ਇਕ ਦਿਨ ਹੀ ਵੇਖ ਸਕਦਾ ਸੀ।

ਇਹ ਕੋਈ ਪਹਿਲੀ ਵਾਰ ਤਾਂ ਇੰਜ ਨਹੀਂ ਸੀ ਹੋਈ। ਮੇਲੋ ਨੇ ਕਈ ਮੌਕੇ ਦੇ ਕੇ ਵੇਖ ਲਏ ਸਨ, ਹਰ ਵਾਰ ਮਾਫੀ ਮੰਗ ਲੈਂਦਾ, ਕਹਿੰਦਾ ਅੱਗੋਂ ਤੋਂ ਨਹੀਂ ਮਾਰਦਾ, ਪਰ ਸ਼ਰਾਬ ਦੇ ਨਸ਼ੇ 'ਚ ਫਿਰ ਭੁੱਲ ਜਾਂਦਾ। ਮੇਲੋ ਨੇ ਦਿਲ ਕਰੜਾ ਕਰ ਲਿਆ। ਹੁਣ ਟੁੱਟ ਜਾਣਾ ਮਨਜ਼ੂਰ, ਉਹਦੀ ਮਾਰ ਨਹੀਂ ਖਾਣੀ। ਉਹ ਹਉਕਾ ਭਰ ਕੇ ਭੁੰਜਿਓਂ ਉਠ ਗਈ, ਕੰਮ ਧੰਦੇ 'ਚ ਰੁਝ ਗਈ।

ਇਕ ਦਿਨ ਛੱਡ ਕੇ ਗੁਰਵੰਤ ਫਿਰ ਆ ਗਿਆ। ਬੀਬੀ ਕੋਲ ਬੈਠ ਕੇ ਢੇਰ ਚਿਰ ਗੱਲਾਂ ਕਰਦਾ ਰਿਹਾ। ਬੀਬੀ ਨੇ ਮੇਲੋ ਦਾ ਫੈਸਲਾ ਸੁਣਾ ਦਿੱਤਾ, ਬਈ ਉਹਨੂੰ ਜੂਆ ਤੇ ਸ਼ਰਾਬ ਛੱਡਣੀ ਪੈਣੀ ਐ। ਬੁੜ ਬੁੜ ਕਰਦਾ ਕਹਿੰਦਾ, "ਨਾ ਸਮਝਦੀ ਕੀ ਐ ਆਪਣੇ ਆਪ ਨੂੰ, ਇਹਨੂੰ ਛੱਡ ਦਊਂ, ਘੋੜੇ ਨਹੀਂ... ਇਸ ਤੋਂ ਵਧ ਸੋਹਣੀਆਂ ਪਿੱਛੇ ਪਿੱਛੇ ਫਿਰਨਗੀਆਂ, ਵੇਖੀਂ ਤਾਂ ਸਹੀ..." ਤੇ ਉਹ ਭਬੂਕੇ ਵਾਂਗ ਭਜ ਗਿਆ। ਮੇਲੋ ਦੀਆਂ ਅੱਖਾਂ ਭਰ ਆਈਆਂ, ਪਰ ਪੱਕੀ ਰਹੀ, ਰਤਾ ਵੀ ਨਾ ਥਿੜਕੀ। ਉਸਨੂੰ ਪਤਾ ਸੀ ਕਿ ਇਹ ਬੰਦਾ ਨਾ ਸ਼ਰਾਬ ਛੱਡ ਸਕਦੈ ਨਾ ਘੋੜੇ।

ਇਸ ਘਟਨਾ ਤੋਂ ਪਿੱਛੋਂ ਤਿੰਨ ਚਾਰ ਮਹੀਨੇ ਤੱਕ ਦਿਖਾਈ ਨਾ ਦਿੱਤਾ। ਇਕ ਦਿਨ ਛੋਟੇ ਨੇ ਆ ਕੇ ਦੱਸਿਆ ਕਿ ਉਹ ਜਦੋਂ ਵਾਲੀਵਾਲ ਖੇਡਦਾ ਸੀ ਗਰਾਊਂਡ ਵਿਚ ਤਾਂ ਗੁਰਵੰਤ ਉਸਨੂੰ ਕਿਨਾਰੇ ਤੇ ਖੜੋਤਾ ਵੇਖਦਾ ਰਿਹਾ ਸੀ। ਉਂਜ ਤਾਂ ਮੇਲੋ ਨੂੰ ਪਤਾ ਸੀ ਕਿ ਬੱਚਿਆਂ ਦਾ ਤਿਓ ਤਾਂ ਹੁਣ ਵੀ ਆਉਂਦਾ ਹੋਊ ਉਸਨੂੰ।

ਇਸੇ ਤਰ੍ਹਾਂ ਕਈ ਸਾਲ ਲੰਘ ਗਏ। ਕਦੀ ਕਦੀ ਘਰ ਅੱਗੋਂ ਲੰਘ ਜਾਂਦਾ, ਕਦੀ ਬੀਬੀ ਨਾਲ ਗੱਲ ਕਰ ਜਾਂਦਾ, ਪਰ ਮੇਲੋ ਨਾਲ ਗੱਲ ਕਰਨ ਦਾ ਹੁਣ ਹੌਸਲਾ ਨਾ ਕਰਦਾ। ਫਿਰ ਪਤਾ ਲੱਗਾ ਇੰਡੀਆ ਚਲਾ ਗਿਆ ਸੀ। ਚਾਰ ਮਹੀਨੇ ਪਿੱਛੋਂ ਇੰਡੀਆ ਤੋਂ ਪਰਤਿਆ ਤਾਂ ਸਾਰੇ ਖ਼ਬਰ ਸੀ ਕਿ ਗੁਰਵੰਤ ਦੂਜਾ ਵਿਆਹ ਕਰਵਾ ਆਇਆ ਸੀ।

ਮੇਲੋ ਨੇ ਸੁਣਿਆ, ਇਕ ਵਾਰ ਤਾਂ ਦਿਲ ਧੱਕ ਕਰ ਕਰ ਕੇ ਰਹਿ ਗਿਆ... ਝੂਠ... ਸੁਧਾ ਝੂਠ... ਉਹ ਏਦਾਂ ਕਰ ਹੀ ਨਹੀਂ ਸਕਦਾ, ਉਹਦੇ ਮਨ ਨੇ ਕਿਹਾ, ਪਰ ਲੋਕਾਂ ਕੋਲ ਪਹੁੰਚੀ ਖ਼ਬਰ ਵੀ ਤਾਂ ਝੂਠ ਨਹੀਂ ਸੀ। ਬੱਚਿਆਂ, ਜੋ ਹੁਣ ਤੱਕ ਟੀਨ ਏਜਰ ਹੋ ਚੁੱਕੇ ਸਨ, ਨੇ ਜਦੋਂ ਸੁਣਿਆ ਕਿ ਉਨ੍ਹਾਂ ਦਾ ਡੈਡੀ ਦੂਜੀ ਮਾਂ ਲਿਆਇਆ ਹੈ ਤਾਂ ਉਨ੍ਹਾਂ ਮੇਲੋ ਨੂੰ ਕਿਹਾ... ਮਾਂ ਤੂੰ ਵੀ ਵੇਖ ਲੈਣਾ ਸੀ ਕੋਈ ਬੰਦਾ... ਜੇ ਉਹ ਏਦਾਂ ਕਰਦਾ ਤਾਂ ਤੂੰ ਵੀ ਉਹਨਾਂ ਨੂੰ ਸਾੜ। ਨਿਆਣੇ ਐਵੇਂ ਰੋਜ਼ ਹੀ ਖੱਪ ਖੁਪ ਪਾ ਕੇ ਹੱਟ ਜਾਂਦੇ। ਮੇਲੋ ਸੋਚਦੀ ਬੱਚੇ ਪਾਲਦੀ ਨੇ ਸਾਰੀ ਜਵਾਨੀ ਕੱਢ ਤੀ। ਬੰਦਾ ਤਾਂ ਇਸ ਜ਼ੁੰਮੇਵਾਰੀ ਤੋਂ ਸਾਫ ਬਰੀ ਹੋ ਜਾਂਦੈ, ਝਟ ਪਟ ਜਾ ਕੇ ਦੂਜਾ ਵਿਆਹ ਕਰਵਾ ਲਿਆ। ਜੇ ਅਣਖ ਹੁੰਦੀ ਤਾਂ ਤੁਰਦਾ ਖਾਂ ਕੱਲਾ ਨੰਗੇ ਪੈਰੀਂ ਜਵਾਨੀ ਦੇ ਤਪਦੇ ਮਾਰੂਥਲ ਵਿਚ। ਉਸਨੂੰ ਲੱਗਾ, ਗੁਰਵੰਤ ਜਿਵੇਂ ਫਿਰ ਘੋੜਿਆਂ ਦੀ ਰੇਸ ਹਾਰ ਗਿਆ ਸੀ।

ਫਿਰ ਵੀ ਆ ਗਿਆ ਇਕ ਦਿਨ। ਸ਼ਾਇਦ ਇਹ ਹੀ ਦੇਖਣ ਆਇਆ ਹੋਣੈ ਕਿ ਇਸ ਖ਼ਬਰ ਦਾ ਮੇਲੋ ਤੇ ਕੀ ਅਸਰ ਹੋਇਆ ਹੋਊ। ਮੇਲੋ ਦੀਆਂ ਅੱਖਾਂ ਵਿਚ ਗੁੱਸੇ ਤੇ ਰੋਹ ਦੀ ਲਾਲੀ ਭਰ ਆਈ, ਚਿਹਰਾ ਭੱਖ ਰਿਹਾ ਸੀ। ਭਜ ਕੇ ਥੱਲੇ ਆਈ ਤੇ ਬੂਹਾ ਖੋਹਲਦਿਆਂ ਸਾਰ ਹੀ ਕਾੜ ਕਰਦੇ ਦੋਹੱਥੜ ਉਹਦੀ ਛਾਤੀ ਵਿਚ ਦੇ ਮਾਰੇ... ਤੂੰ ਤਾਂ ਕਹਿੰਦਾ ਸੀ... ਤੂੰ ਤਾਂ ਕਹਿੰਦਾ ਸੀ... ਤੇ ਅੱਗੇ ਬੋਲ ਮੇਲੋ ਦੇ ਗਲੇ ਵਿਚ ਅੜ੍ਹ ਗਏ। ਉਹਨੂੰ ਲੱਗਾ ਉਹਦੇ ਹੱਥ ਗਰਮ ਗਰਮ ਭੁਬਲ ਤੇ ਵੱਜੇ ਸਨ ਤੇ ਸੜੂ ਸੜੂ ਕਰਨ ਲੱਗ ਪਏ ਸਨ। ਤਪਸ਼ ਤੇ ਗੁੱਸੇ ਨਾਲ ਉਹਦਾ ਸਰੀਰ ਕੰਬ





ਰਿਹਾ ਸੀ। ਉਹ ਉਥੇ ਹੀ ਥਾਂਏ ਬਹਿ ਗਈ...

"ਹਾਂ, ਕਹਿੰਦਾ ਸਾਂ, ਹੁਣ ਵੀ ਕਹਿਨਾ... ਤੂੰ ਹਾਂ ਕਰ ਇਕ ਵਾਰੀ, ਲੈ ਮੈਂ ਹੁਣੇ ਮੁੜਾ ਦੇਨਾਂ ਕਾਗਜ਼, ਧਰਮ ਨਾਲ ਸਹੁੰ ਨਿੱਕੇ ਦੀ... ਅਜੇ ਵੀ ਕੁੱਝ ਨਹੀਂ ਵਿਗੜਿਆ... ਉਹ ਤਾਂ ਇੰਡੀਆ ਗਏ ਦਾ ਮਾਂ ਤੇ ਰਿਸ਼ਤੇਦਾਰਾਂ ਨੇ ਚੱਕ ਚਕਾ ਕੇ ਮੱਲੋ-ਮੱਲੀ ਕਰਤਾ, ਮੈਂ ਕਿਹੜਾ ਚਾਹੁੰਨਾ ਸਾਂ... ਰਹਿਣਾ ਤਾਂ ਤੂੰ ਮੇਰੀ ਹੀ ਹੈ, ਦੂਜਾ ਵਿਆਹ ਕਰਾ ਲਿਆ, ਤਾਂ ਕੀ ਹੋ ਗਿਆ... ਉਹ ਤੇਰਾ ਪਾਣੀ ਭਰੂ। ਤੈਨੂੰ ਰਾਣੀ ਬਣਾ ਕੇ ਰੱਖੂ।"

"ਨਹੀਂ... ਨਹੀਂ..." ਮੇਲੋ ਲਗਭਗ ਚੀਖ ਕੇ ਬੋਲੀ। "ਤੂੰ ਬਸ ਇਥੋਂ ਚਲਿਆ ਜਾ ਤੇ ਮੁੜ ਕੇ ਕਦੀ ਮੇਰੇ ਘਰ ਅੱਗੋਂ ਨਾ ਲੰਘੀਂ..." ਗੁਰਵੰਤ ਮੇਲੋ ਦਾ ਰੁਖ਼ ਵੇਖ ਕੇ ਥੋੜਾ ਪਿੱਛੇ ਹੱਟ ਕੇ ਦਰਵਾਜ਼ਿਓਂ ਬਾਹਰ ਹੋ ਕੇ ਖੜੋ ਗਿਆ, "ਚੰਗਾ ਸੋਚ ਲਈਂ ਮੈਂ ਫੇਰ ਆਊਂਗਾ..." ਕਹਿੰਦਾ ਹੋਇਆ ਉਹ ਚਲਾ ਗਿਆ।

ਮੇਲੋ ਨੂੰ ਲੱਗਾ, ਗੁਰਵੰਤ ਦੂਜਾ ਵਿਆਹ ਕਰਵਾ ਆਇਆ ਸੀ ਸਿਰਫ ਉਹਨੂੰ ਸਬਕ ਸਿਖਾਉਣ ਲਈ। ਉਸ ਜੂਏ ਦੀ ਬਾਜ਼ੀ ਵਾਂਗ ਇਹ ਚਾਲ ਸੁੱਟੀ ਸੀ ਤਾਂ ਜੋ ਇਕ ਔਰਤ ਨੂੰ ਦੂਸਰੀ ਔਰਤ ਦੇ ਖ਼ਿਲਾਫ਼ ਵਰਤ ਸਕੇ... ਮੇਲੋ ਨੇ ਸਾਰੇ ਅੱਥਰੂ ਸੁਕਾ ਲਏ, ਭੋਏ ਤੋਂ ਉਠ ਖਲੋਤੀ...

ਇਹ ਕਿਹੋ ਜਿਹਾ ਬੰਦਾ ਸੀ ਜੋ ਦੂਸਰੀ ਔਰਤ ਦੀ ਜ਼ਿੰਦਗੀ ਨੂੰ ਦਾਅ ਤੇ ਲਾ ਆਇਆ ਸੀ। ਤੇ ਮੇਲੋ ਦਾ ਦਿਲ ਜਿੱਤਣ ਲਈ ਹੁਣ ਕਹਿੰਦਾ ਸੀ... ਅਜੇ ਵੀ ਕੁਝ ਨਹੀਂ ਵਿਗੜਿਆ... ਉਹਨੂੰ ਮੱਲੋ-ਮੱਲੀ ਦਾ ਹਾਸਾ ਆ ਗਿਆ... ਇਸ ਬੰਦੇ ਨੂੰ ਘੋੜਿਆਂ ਤੇ ਔਰਤਾਂ 'ਚ ਕੋਈ ਫਰਕ ਨਹੀਂ ਦਿਖਾਈ ਦੇਂਦਾ ਸੀ ਸ਼ਾਇਦ। ਇਕ ਅਜੀਬ ਜਿਹੀ ਸੋਝੀ ਮੇਲੋ ਨੂੰ ਮਹਿਸੂਸ ਹੋਈ। ਲੱਗਾ, ਘੋੜਿਆ ਤੇ ਪੈਸੇ ਲਾਂਦਾ ਲਾਂਦਾ ਅੱਜ ਉਸ ਤੇ ਆਪਣੀ ਦੂਸਰੀ ਔਰਤ ਬਾਜ਼ੀ ਤੇ ਲਾ ਗਿਆ ਸੀ, ਪਰ ਉਹ ਉਹਨੂੰ ਜਿੱਤਣ ਨਹੀਂ ਦੇਵੇਗੀ... ਨਾ ਹੀ ਦੂਸਰੀ ਔਰਤ ਨਾਲ ਬੇਇਨਸਾਫੀ ਹੋਣ ਦੇਵੇਗੀ। ਹਾਲਾਂਕਿ ਉਹਨੂੰ ਪਤਾ ਸੀ, ਹਾਲ ਉਸ ਦਾ ਵੀ ਉਹੀ ਹੋਣਾ ਹੈ ਜੋ ਉਹਦਾ ਹੋਇਆ ਸੀ। ਉਸ ਦਿਲ ਹੋਰ ਤਕੜਾ ਕਰ ਕੇ ਮਹਿਸੂਸ ਕੀਤਾ - ਚੰਗਾ ਹੋਇਆ ਉਸ ਹੋਰ ਵਿਆਹ ਕਰਵਾ ਲਿਆ। ਉਹ ਆਪਣੇ ਆਪ ਨੂੰ ਬੰਧਨ ਮੁਕਤ ਮਹਿਸੂਸ ਕਰਨ ਲੱਗੀ... ਬਿਲਕੁਲ ਹੌਲੀ... ਜਿਵੇਂ ਮਣਾਂ ਮੂੰਹੀ ਭਾਰ ਸਿਰ ਤੋਂ ਉਤਰ ਗਿਆ ਹੋਵੇ। ਫਿਰ ਗੁਰਵੰਤ ਨੇ ਐਵੇਂ ਹੀ ਸਾਲ ਦੋ ਸਾਲ ਲੰਘਾ ਤੇ, ਚਿੱਠੀ ਨਾ ਭਰੀ ਉਸ

ਦੂਸਰੀ ਦੁਲਹਨ ਦੀ, ਫਿਰ ਤੀਸਰੇ ਸਾਲ ਪਤਾ ਲੱਗਾ ਕਿ ਉਹ ਆ ਰਹੀ ਹੈ। ਇਸ ਦੌਰਾਨ ਗੁਰਵੰਤ ਨੇ ਕਈ ਗੇੜੇ ਮਾਰੇ, ਕਈ ਵਾਰ ਬੀਬੀ ਨਾਲ ਸਲਾਹੀਂ ਪਿਆ, ਕਈਆਂ ਤੋਂ ਸੁਨੇਹੇ ਭਜਵਾਏ। ਮੇਲੋ ਸੀ ਕਿ ਟੱਸ ਤੋਂ ਮੱਸ ਨਾ ਹੋਈ। ਉਹ ਮੋਮ ਦੀ ਗੁੱਡੀ ਨਹੀਂ ਸੀ ਜੋ ਪੰਘਰ ਜਾਂਦੀ... ਪਰ ਅੱਜ ਅੱਜ... ਉਹ ਸੱਚ ਮੁੱਚ ਇੰਡੀਆਂ ਤੋਂ ਆ ਰਹੀ ਸੀ... ਉਹਦੀ ਸੌਂਕਣ, ਨਹੀਂ ਨਹੀਂ, ਕਿਸੇ ਗੁਰਵੰਤ ਦੀ ਬੀਵੀ... ਉਹ ਕਿਉਂ ਸੋਚ ਰਹੀ ਸੀ? ਉਸ ਦਾ ਨਾ ਉਸ ਨਾਲ ਕੋਈ ਵਾਸਤਾ ਹੈ ਨਾ ਰਿਸ਼ਤਾ... ਉਹ ਅਧੂਰੇ ਰਿਸ਼ਤੇ ਨੂੰ ਨਹੀਂ ਸੀ ਜਿਉਂ ਸਕਦੀ। ਸੋਚ ਹੀ ਰਹੀ ਸੀ ਕਿ ਏਨੇ ਨੂੰ ਗੁਰਵੰਤ ਸਾਹਮਣਿਉਂ ਆਉਂਦਾ ਦਿਖਾਈ ਦਿੱਤਾ... ਸਜਿਆ ਧਜਿਆ, ਸ਼ਾਇਦ ਏਅਰਪੋਰਟ ਨੂੰ ਜਾਣ ਲਈ ਤਿਆਰ ਹੋਇਆ ਸੀ। ਸਿੱਧਾ ਉਸੇ ਵਲ ਹੀ ਆ ਰਿਹਾ ਜਾਪਦਾ ਸੀ। ਆ ਗਿਆ, ਆ ਬੂਹਾ ਖੜਕਾਇਆ। ਮੇਲੋ ਭਜ ਕੇ ਪੌੜੀਆਂ ਚੜ੍ਹ ਗਈ। ਬੀਬੀ ਨੇ ਬੂਹਾ ਖੋਹਲਿਆ... ਕਾਹਲੀ ਨਾਲ ਬੋਲਿਆ, "ਬੀਬੀ ਮੇਲੋ ਨੂੰ ਸਮਝਾ, ਅਜੇ ਵੀ ਕੁਝ ਨੀ ਵਿਗੜਿਆ... ਇਕ ਵਾਰ ਹਾਂ ਕਹਿ ਦੇਵੇ ਸਹੀ, ਏਅਰਪੋਰਟ ਤੋਂ ਹੀ ਉਹਨੂੰ ਮੁੜਵਾ ਦੇਨਾਂ..." ਮੇਲੋ ਪੌੜੀਆਂ 'ਚ ਉਹਲੇ ਲੁਕੀ ਚੁਪਚਾਪ ਖੜੋਤੀ ਰਹੀ... ਮਨ ਵਿਚ ਇਕ ਖਲਬਲੀ ਹੋਈ। ਲੱਗਾ ਸ਼ਾਂਤ ਪਾਣੀਆਂ 'ਚ ਉਸ ਫੇਰ ਇਕ ਪੱਥਰ ਵਗਾਹ ਮਾਰਿਆ ਸੀ।

ਬੀਬੀ ਕੁਝ ਨਾ ਬੋਲੀ, ਅੱਖਾਂ ਭਰ ਆਈ। ਇਕ ਵਾਰ ਮਾਤਮ ਵਰਗੀ ਚੁੱਪ ਛਾ ਗਈ। ਕੁੱਝ ਦੇਰ ਹੁੰਗਾਰੇ ਦੀ ਉਡੀਕ ਵਿਚ ਗੁਰਵੰਤ ਖੜੋਤਾ ਰਿਹਾ, ਫਿਰ ਭਾਰੇ ਕਦਮੀਂ ਤੁਰ ਗਿਆ ਜਿਵੇਂ ਘੋੜਿਆਂ ਦੀ ਬਾਜ਼ੀ ਹਾਰ ਕੇ ਤੁਰਿਆ ਹੋਵੇ। ●○●



# ਮੁੱਖੜਾ ਚੰਨ ਵਰਗਾ

ਅਮਰਜੀਤ ਚਾਹਲ

ਤੀਵੀਂ – ਆਦਮੀ ਮਹੀਨਾ ਭਰ ਇਕ ਦੂਏ ਦੇ ਮੱਥੇ ਨਾ ਲੱਗਣ ਤਾਂ ਗੱਲ ਮੁਕਲਾਵੇ ਵਰਗੀ ਹੋ ਜਾਂਦੀ ਹੈ।

ਜਸਜੀਤ ਛੇਆਂ ਵਰ੍ਹਿਆਂ ਪਿਛੋਂ ਗਿਣਤੀ ਦੇ ਦਿਨਾਂ ਲਈ ਘਰ ਪਰਤਿਆ ਸੀ।

ਪਹਿਲਾਂ ਹਰ ਸਾਲ ਤਿਆਰ ਹੁੰਦੇ ਨੇ, ਉਸ ਤਿੰਨ–ਚਾਰ ਸਾਲ ਲੰਘਾ ਲਏ ਸੀ। ਇਸ ਵਰ੍ਹੇ ਵੀ ਉਹ ਸ਼ਾਇਦ ਆਇਆ ਨਾ ਹੁੰਦਾ ਜੇ ਕਰ ਪਿੰਡੋਂ ਉਹਨਾਂ ਦੇ ਲਹਿਣੇਦਾਰ ਦੀ ਚਿੱਠੀ ਨਾ ਜਾਂਦੀ। ਚਿੱਠੀ ਵਿਚ ਉਸ ਸਾਫ ਲਿਖਿਆ ਸੀ – "ਜਾਂ ਤੇ ਵਾਧਾ ਦੇ ਕੇ ਜ਼ਮੀਨ ਆਪ ਖਰੀਦ ਲਉ – ਨਹੀਂ ਤੇ ਵਲੈਤੀਏ ਬੰਤਾ ਸਿੰਹੁ ਨੂੰ ਬੈਅ ਕਰ ਦੇਣੀ ਹੈ। ਤੁਹਾਡੇ ਕੋਲ ਜਿੰਨੇ 'ਚ ਗਹਿਣੇ ਧਰੀ ਸੀ – ਪੈਸੇ ਚੁਕਦੇ ਕਰ ਦੂੰ ...।"

ਜ਼ਮੀਨ ਦੇ ਟੋਟੇ ਵਿਚ ਬੱਜ਼ ਪੈ ਜਾਣੀ ਸੀ। ਉਸ ਸੋਚਿਆ, "ਚਲੋ, ਨਾਲੇ ਨਿਆਣੇ – ਨਿੱਕਿਆਂ ਦਾ ਮੂੰਹ ਦੇਖ ਆਵਾਂਗਾ– ਨਾਲੇ ਜ਼ਮੀਨ ਦਾ ਕੰਮ ਹੋ ਜੂ...।"

ਸਵੇਰੇ ਉਸ ਜ਼ਮੀਨ ਦੀ ਰਜਿਸਟਰੀ ਕਰਾਉਣ ਜਾਣਾ ਸੀ।

ਤੇ ਹੁਣ ਤੱਕ ਰਾਤ ਦਾ ਪਹਿਲਾ ਪਹਿਰ ਬੀਤ ਚੁੱਕਿਆ ਸੀ।

ਤਿੱਖੇ ਨਕਸ਼ਾਂ ਵਾਲੀ ਨੀਲੀ ਲਾਟ ਨੇ ਉਸ ਨੂੰ ਸੇਕ ਕੇ ਗੱਲ ਤੋਰੀ...।

ਉਸ ਜਵਾਬ ਵਿਚ ਕਿਹਾ, "ਤੈਨੂੰ ਯਕੀਨ ਨਹੀਂ ਆਉਂਦਾ?"

"ਨਹੀਂ, ਮੈਨੂੰ ਨਹੀਂ ਆਉਂਦਾ – ਸੁਣਿਆ ਉਹ ਆਪ ਬੰਦਿਆਂ ਮਗਰ ਫਿਰਦੀਆਂ – ਨਾਲੇ ਸੌ ਸੌ ਖਾਤਰਾਂ ਕਰਦੀਆਂ।"

"ਦੁਨੀਆਂ ਦੇ ਇਸ ਸਿਰੇ ਤੋਂ ਲੈ ਕੇ ਉਸ ਸਿਰੇ ਤਕ ਤੀਵੀਂ ਤੀਵੀਂ ਹੈ ਤੇ ਆਦਮੀ ਆਦਮੀ। ਸੁਣਿਆਂ ਬੋਲੀ ਬਾਰ੍ਹਾਂ ਕੋਹਾਂ ਤੇ ਬਦਲ ਜਾਂਦੀ ਹੈ ਅਤੇ ਰਸਮ ਰਿਵਾਜ਼ ਪੈਸੇ ਦੇ ਉਤਰਾ–ਚੜ੍ਹਾਅ ਨਾਲ ਹੋਰ ਫਰਕ ਕੋਈ ਨਹੀਂ। ਜੋ ਇਥੇ ਹੈ ਸੋ ਉਥੇ।" ਗੱਲ ਉਸ ਆਪਣੇ ਕੰਨੀਉਂ ਗੋਲ ਮੋਲ ਕਰ ਦਿੱਤੀ।

"ਇਹ ਤਾਂ ਮੈਨੂੰ ਪਤਾ ਨਹੀਂ – ਊਂ ਮੇਰਾ ਮਨ ਕਹਿੰਦਾ ਸੀ, ਤੁਸੀਂ

ਇਹੋ ਜਿਹੇ ਨਹੀਂਗੇ। ਫਿਰ ਸੋਚੀਦਾ ਸੀ, ਬੰਦੇ ਦਾ ਕੀ ਪਤਾ, ਅੱਜ ਹੋਰ ਕੱਲ ਹੋਰ।"

"ਤੇਰੇ ਸਾਹਵੇਂ ਤਾਂ ਹਜ਼ਾਰ ਗੋਰੀ ਹੇਚ ਐ।" ਸੁਰਿੰਦਰ ਨੂੰ ਖੁਸ਼ ਕਰਨ ਲਈ – ਉਸ ਨੂੰ ਹੋਰ ਮੋਹ ਨਾਲ ਘੁੱਟਦਿਆਂ ਜਸਜੀਤ ਨੇ ਕਿਹਾ, "ਬੱਸ! ਐਵੇਂ ਕਿਵੇਂ ਤੇਰੇ ਬਿਨਾਂ ਦਿਨ ਕਟੀ ਕਰ ਲਈ।"

"ਲਾਉ ਫਿਰ ਕੰਨਾਂ ਨੂੰ ਹੱਥ, ਬਈ ਮੁੜ ਨਹੀਂ ਸਾਨੂੰ ਛੱਡਕੇ ਜਾਂਦੇ।" ਉਸ ਦੀ ਖੁਸ਼ੀ ਹਉਮੈ ਦੀਆਂ ਬਰੂਹਾਂ ਟੱਪ ਗਈ।

ਬਾਹਰਲੇ ਦਰ ਦਾ ਕੁੰਡਾ ਖੜਕਿਆ। ਜਸਜੀਤ ਉੱਠ ਕੇ ਦੇਖਣ ਲੱਗਾ। ਉਸ ਤਾਕੀ ਖੋਲ੍ਹੀ, ਖੜਾਕ ਨਾਲ ਗਵਾਂਢੀਆਂ ਦੀ ਟਾਹਲੀ ਤੋਂ ਕਿਸੇ ਜਾਨਵਰ ਨੇ ਹਿੱਲ-ਜੁਲ ਕੀਤੀ। ਚੰਦ ਨੇ ਟਾਹਲੀ ਉਪਰ ਦੀ ਆਪਣਾ ਚਿਹਰਾ ਉੱਚਾ ਕਰ ਲਿਆ ਸੀ।

"ਇਹ ਕੌਣ ਹੋਇਆ ਇਸ ਵੇਲੇ...।" ਉਹ ਸਹਿਮ ਜਿਹੇ ਨਾਲ ਬੁੜਬੁੜਾਇਆ।

ਡਰ – ਐਸ਼ ਅਤੇ ਆਰਾਮ ਪ੍ਰਸਤੀ ਦੀ ਦੇਣ ਹੈ। ਨੀਲੀ ਲਾਟ ਤਾੜ ਗਈ ਸੀ।

"ਪੈ ਜਾਉ ਤੁਸੀਂ – ।" ਉਸ ਨੂੰ ਬਾਹੋਂ ਫੜ੍ਹ ਬਿਸਤਰੇ ਵਿਚ ਸਿਟਦੀ ਹੋਈ ਨੇ ਕਿਹਾ, "ਕੋਈ ਜਾਗ ਲੈਣ ਆਈ ਹਊ – ਆਪੇ ਬੇ ਜੀ ਦੇ ਦੇਣਗੇ।"

"ਜਾਗ ਲੈਣ ਇਸ ਵੇਲੇ – ।" ਉਸ ਦੇ ਅੰਦਰ ਸ਼ੱਕ ਦਾ ਕੰਡਾ ਰੜਕਿਆ। ਰਾਤ ਦਾ ਪਹਿਲਾ ਪਹਿਰ ਕਦੇ ਦਾ ਲੰਘ ਚੁੱਕਾ ਸੀ। ਗੁਆਂਢੀ ਦੀਵਾ – ਬੱਤੀ ਕਦੇ ਦਾ ਵੱਡਾ ਕਰਕੇ ਟਿੱਕ ਗਏ ਸਨ। ਉਹ ਸ਼ਿਸ਼ਟਾਚਾਰ ਵਜੋਂ ਚੁੱਪ ਜਿਹਾ ਕਰ ਗਿਆ। ਦੋਹਾਂ ਦੇ ਕੰਨ ਹੇਠਾਂ ਬਿੜਕ ਲੈਣ ਲੱਗੇ। ਜਸਜੀਤ ਬੇ ਜੀ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਕੋਈ ਹੁੰਦਾ ਤਾਂ ਬੇ ਜੀ ਨੇ ਲੰਮੀ ਹੇਕ ਵਿਚ ਪੁੱਛਣਾ ਸੀ!

"ਕੌ... ਣ...?"

ਦਰਾਂ ਵਲੋਂ ਅਵਾਜ਼ ਆਉਣੀ ਸੀ।

"ਚਾਚੀ ਮੈਂ...।"

ਫਿਰ ਬੇ ਜੀ ਨੇ ਮਾੜੇ-ਮੋਟੇ ਗਿਲੇ ਕਰਦੀ ਨੇ ਦਰ ਖੋਲ੍ਹ ਦੇਣਾ ਸੀ।

"ਭਾਈ ਜੇ ਕੰਮ ਹੁੰਦਾ, ਵੇਲੇ ਨਾਲ ਆਇਆ ਕਰੋ ... ਹਾਂ।"

ਪ੍ਰੰਤੂ ਇਹੋ ਜਿਹਾ ਕੁਝ ਵੀ ਨਹੀਂ ਹੋਇਆ।





ਦਰਵਾਜ਼ਾ ਖੁਲ੍ਹਿਆ – ਬੰਦ ਹੋ ਗਿਆ। ਇਕ ਪੈੜ-ਚਾਪ ਡੇਹੜੀ ਵਾਲੇ ਪਾਸਿਉਂ ਜਿਵੇਂ ਵਸੋਂ ਵਾਲੇ ਪਾਸੇ ਨੂੰ ਜਾਂਦੀ ਸੁਣਾਈ ਦੇ ਗਈ। ਰਸੋਈ ਵਿਚ ਦੋ ਕੁ ਭਾਂਡੇ ਖੜਕੇ – ਨਲਕਾ ਗਿੜਿਆ ਅਤੇ ਫਿਰ ਦਲਾਨ ਦਾ ਬੂਹਾ ਬੰਦ ਹੋ – ਇਕ ਠਰੀ ਜਿਹੀ ਚੁੱਪ ਘਰ ਦੇ ਵਿਹੜੇ ਵਿਚ ਪਸਰ ਗਈ।

ਕਹਿਣ-ਸੁਣਨ ਦੀ ਹੁਣ ਕਿਹੜੀ ਬਾਕੀ ਸੀ। ਉਹ ਇਕ-ਦੂਜੇ ਦੀ ਅਵਾਜ਼ ਤੋਂ ਡਰਦੇ ਮਾਰੇ ਹੀ ਜਿਵੇਂ ਚੁੱਪ ਸਨ। ਕੋਈ ਵੀ ਅਵਾਜ਼ ਲਾਵੇ ਵਰਗੀ ਜਾਂ ਗੁਨਾਹ ਵਰਗੀ ਹੋ ਜਾਣੀ ਸੀ।

"ਇਹਦੀ ਸਾਲੇ ਦੀ ਹਿੰਮਤ ਕਿਵੇਂ ਹੋਈ।" ਜਸਜੀਤ ਨੇ ਡਰ ਹੇਠ ਦੱਬੇ ਗੁੱਸੇ ਨਾਲ ਆਖਿਆ, "ਤੂੰ ਕਹਿੰਦੀ ਸੀ – ਕੋਈ ਜਾਗ ਲੈਣ ਆਈ ਹੋਣੀ ਹੈ।" ਮਗਰਲੀ ਗੱਲ ਉਸ ਉਲਾਂਭੇ ਜਿਹੇ ਨਾਲ ਸੁਰਿੰਦਰ ਨੂੰ ਸੰਬੋਧਨ ਕੀਤੀ।

"ਤੁਹਾਨੂੰ ਵੀ ਪਤਾ ਈ ਸੀ...।" ਸੁਰਿੰਦਰ ਨੇ ਸੱਚ ਦੇ ਕੱਚ ਨੂੰ ਤੋੜਿਆ ਅਤੇ ਕਿੰਕਰਾਂ ਖਿੰਡੀਆਂ। "ਇਥੇ ਕਿਨੂੰ ਨਹੀਂ ਪਤਾ – ਸਾਰੇ ਜਾਣਦੇ – ਕੋਈ ਚੀਜ਼ ਘਰ ਬਣੇ – ਬੇ ਜੀ ਛੋਟੀ ਬੀਬੀ ਹੱਥ ਇਹਨਾਂ ਦੇ ਘੱਲਦੇ...।"

"ਕਿਉਂ ਭੌਂਕੀ ਜਾਨੀਂ...।" ਗੁੱਸੇ 'ਚ ਮੱਚਦਾ ਉਹ ਮੰਜੇ ਤੋਂ ਉੱਠਿਆ। ਚੁਬਾਰੇ ਵਿਚ ਉਸਨੇ ਉੱਡਦੀ ਜਿਹੀ ਨਿਗ੍ਹਾ ਮਾਰੀ।

ਡਰਦੀ ਜਿਹੀ ਸੁਰਿੰਦਰ ਵੀ ਉੱਠ ਖੜੀ ਹੋਈ।

"ਤੁਸੀਂ ਕੀ ਕਰਨ ਲੱਗੇ ਹੁਣ...?"

"ਮਾਂ ਦਾ ਸਿਰ ਬੁਰੇ ਦੀ ਦਾ... ਕੰਜਰਾਂ ਦਾ ਘਰ ਬਣਾ ਛੱਡਿਆ ਕੁੱਤੀ ਨੇ।" ਉਸ ਦੀ ਅਵਾਜ਼ ਸਾਧਾਰਣ ਨਾਲੋਂ ਉੱਚੀ ਹੋ ਗਈ ਸੀ।

"ਪਾਸੇ ਹੋ ...।" ਤਖਤਿਆਂ ਨੂੰ ਪਿੱਠ ਲਾਈ ਖੜੀ ਸੁਰਿੰਦਰ ਨੂੰ ਬਾਹੋਂ ਫੜ੍ਹ, ਉਸ ਪਾਸੇ ਕਰਨ ਦੀ ਕੋਸ਼ਿਸ਼ ਕੀਤੀ।

"ਮੈਂ ਨਹੀਂ ਜਾਣ ਦੇਣਾ-ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਲਣ ਲੱਗੇ ਹੋ। ਮੈਨੂੰ ਮਾਰ ਲਉ – ਜੋ ਮਰਜ਼ੀ ਕਰ ਲਉ।"

"ਬੱਚੀ ਨਹੀਂ ਜਾਣ ਦੇਣੇ ਦੀ..." ਜਸਜੀਤ ਨੇ ਮਰਦਾਵੀਂ ਤਾਕਤ ਵਰਤੀ।

"ਕਿਉਂ ਮੂੜ ਬਣਦੇ ਹੋ – ਅੱਗੇ ਲੋਕ ਕੰਧਾਂ ਪਿਛੇ ਭੌਂਕਦੇ ਸੀ। ਫਿਰ ਬਨੇਰਿਆਂ 'ਤੇ ਬੈਠ ਕੇ ਗੱਲਾਂ ਕਰਿਆ ਕਰਨਗੇ – ਨਾਲੇ ਇਹ ਕਿਹੜੀ ਕੋਈ ਨਵੀਂ ਗੱਲ...।"

'ਕਾੜ' ਕਰਦਾ ਥੱਪੜ ਉਹਦੀ ਗੋਰੀ ਗੱਲ ਉੱਤੇ ਪਿਆ। ਸੋਨੇ ਦਾ ਕਾਂਟਾ ਉਹਦਾ ਕੰਨ ਚੀਰ ਔਹ ਗਿਆ - ਨਾਲ ਹੀ ਤੱਤੇ ਲਹੂ ਦੀ ਤਤੀਰੀ ਤੁਰ ਪਈ।

ਜਸਜੀਤ ਗੁੱਸੇ ਵਿਚ ਘੁਰਕਿਆ ਅਤੇ ਆਪਣੇ ਨਾਲੋਂ ਸੁਰਿੰਦਰ ਨੂੰ ਤੋੜਨ ਦਾ ਜਤਨ ਕਰਦਾ ਰਿਹਾ। ਉਸ ਥੱਪੜ ਖਾ ਕੇ ਡਿੱਗਦੀ ਨੇ ਲੱਤਾਂ ਨੂੰ ਜੱਫਾ ਮਾਰ ਲਿਆ ਸੀ।

"ਮਾਰੋ... ਹੋਰ ਮਾਰੋ... ਮੈਨੂੰ ਤਾਂ ਚੁੱਪ ਕਰਵਾ ਲਉਗੇ-ਲੋਕਾਂ ਦਾ ਕੀ ਕਰੋਗੇ? ਚਾਹੇ ਬੇ ਜੀ ਦੇ ਟੁਕੜੇ ਟੁਕੜੇ ਕਰ ਦਿਉ-ਉਸ ਧਗੜੇ ਨੂੰ ਕੁੱਤਿਆਂ ਤੋਂ ਪੜਵਾ ਛੱਡੋ-ਉਹਨਾਂ ਦਾ ਮੂੰਹ ਨਹੀਂ ਬੰਦ ਹੋਣ ਲੱਗਾ। ਕਲੰਕ ਤੇ ਕਲੰਕ ਤੁਸੀਂ ਖੱਟੋਗੇ। ਮੈਂ ਪੁੱਛਦੀ ਹਾਂ, ਕਿਸ ਨੂੰ ਭੁੱਲਾ, ਜਦ ਮੁਕਲਾਵੇ ਆਈ ਬੇ ਜੀ ਇਸ ਨਾਲ ਨਿਕਲ ਗਈ ਸੀ।

ਇਕ ਵਾਰ ਜਸਜੀਤ ਨੂੰ ਲੱਗਾ ਜਿਵੇਂ ਲੱਤਾਂ ਨੂੰ ਜੱਫਾ ਮਾਰੀ ਬੈਠੀ ਹੱਡੀਆਂ ਦੀ ਮੁੱਠ ਨੇ ਉਸ ਨੂੰ ਪਿੱਠ-ਪਰਨੇ ਚੁਕ ਮਾਰਿਆ ਹੈ ਅਤੇ ਚੁਬਾਰੇ ਦੀਆਂ ਕੰਧਾਂ ਤਕ ਹਿਲਾ ਦਿੱਤੀਆਂ ਹਨ।

"... ਤੇ ਮੈਂ ਹੱਥ ਤੇ ਹੱਥ ਧਰਕੇ ਬੈਠਾ ਉਨ੍ਹਾਂ ਨੂੰ ਦੇਖਦਾ ਰਵਾਂ।" ਉਪਰੋਂ ਉਪਰੋਂ ਆਪਣਾ ਦਬਾ ਕਾਇਮ ਰੱਖਦੇ ਨੇ - ਉਸ ਨੇ ਘੂਰਿਆ। ਉਝ ਕੁਨੈਣ ਵਰਗੇ ਸੱਚ ਨੇ ਉਸ ਦਾ ਦਿਮਾਗੀ ਬੁਖ਼ਾਰ ਲਾਹ ਦਿੱਤਾ ਸੀ।

ਤਿੱਖੇ ਨਕਸ਼ਾਂ ਵਾਲੀ ਨੀਲੀ ਲਾਟ ਫਿਰ ਚਮਕੀ।

"ਮੈਂ ਕਦ ਕਹਿਨੀ ਹਾਂ - ਨਾਲੇ ਤੁਸੀਂ ਕਿਹੜਾ ਇਥੇ ਬੈਠੇ ਰਹਿਣਾ- ਜਿਹੜੇ ਕੰਮ ਆਏ ਹੋ, ਕਰਕੇ ਜਾਉ - ਇਹ ਤਾਂ ਜਿਵੇਂ ਅੱਗੇ ਕੱਟੀ ਗਈ - ਅਗਾਂਹ ਵੀ ਲੰਘ ਜਾਊ।"

ਸਿਆਣਪ ਮਾੜੇ ਆਦਮੀ ਨੂੰ ਬੋਦਾ ਕਰ ਦਿੰਦੀ ਹੈ। ਉਸ ਦੀ ਲਚਕ ਮੁੜ ਸੂੰ ਕਰਕੇ ਸਿੱਧਾ ਹੋਣ ਦੀ ਥਾਂ ਟੁੱਟ ਜਾਂਦੀ ਹੈ। ਪਿੱਠ ਪਰਨੇ ਡਿੱਗਾ ਉਹ ਸਹਾਰਾ ਢੂੰਡ ਰਿਹਾ ਸੀ।

"ਦੁੱਖ ਤਾਂ ਇਹੀ - ਹਿੱਕ ਤੇ ਮੂੰਗ ਨਹੀਂ ਦਲੇ ਜਾਂਦੇ। ਹੋਰ ਮੈਂ ਕਿਹੜਾ...।" ਉਸਨੂੰ ਸਵੇਰੇ ਜ਼ਮੀਨ ਦੀ ਰਜਿਸਟਰੀ ਕਰਾਉਣ ਜਾਣ ਦਾ ਖਿਆਲ ਆ ਗਿਆ। ਜਿਹੜੀ ਪੰਡ ਰੁਪਈਆਂ ਦੀ ਬਿਆਨਾ ਦਿੱਤੀ ਸੀ - ਨਾ ਜਾ ਸਕਿਆ ਤਾਂ - ਜਸਜੀਤ ਅੰਦਰੋਂ ਜਿਵੇਂ ਸੀਤ ਜਿਹਾ ਨਿਕਲ ਗਿਆ।





"ਲੋਕਾਂ ਮਰ ਗਿਆਂ ਤੋਂ ਵੀ ਸਬਰ ਕੀਤਾ - ਤੁਸੀਂ ਇਹੀ ਸਮਝ ਛੱਡੋ।" ਉਸਦੀ ਹਰ ਦਲੀਲ ਉਸ ਨੂੰ ਖੁੰਡਿਆਂ ਕਰੀ ਜਾ ਰਹੀ ਸੀ।

ਉਸਦਾ ਦਿਲ ਕੀਤਾ ਪੁੱਛੇ - ਕੋਈ ਧੁਖਦੇ ਸਿਵੇ ਦਾ ਕੀ ਕਰੇ। ਧੁਖਦੇ ਸਿਵੇ ਦੀ ਤਾਂ ਲੋਕ ਰਾਖੀ ਬੈਠਦੇ ਹਨ - ਕੋਈ ਜਾਨਵਰ ਲਾਸ਼ ਨਾ ਖਰਾਬ ਕਰ ਦੇਵੇ। ਮੈਂ ਇਹ ਵੀ ਨਹੀਂ ਕਰ ਸਕਿਆ।

ਉਹ ਢਿੱਲਾ ਜਿਹਾ ਹੋ ਕੇ ਮੰਜੇ 'ਤੇ ਬੈਠ ਗਿਆ ਤੇ ਫਿਰ ਲੰਮਾ ਪੈ ਗਿਆ।

ਉਦੋਂ ਮਾਂ ਦਾ ਮੁੱਖੜਾ ਚੰਨ ਵਰਗਾ ਹੁੰਦਾ ਸੀ। ਬੀਤੇ ਦੇ ਨਕਸ਼ ਜਸਜੀਤ ਅੱਗੇ ਸਾਕਾਰ ਹੋਣੇ ਸ਼ੁਰੂ ਹੋਏ। ਜਿਨ੍ਹਾਂ ਨੂੰ ਉਸ ਪਹਿਲਾਂ ਕਦੇ ਵਿਚਾਰਿਆ ਤੱਕ ਨਹੀਂ ਸੀ। ਜਦ ਉਸ ਨੂੰ ਨੁਹਾ, ਜਲੇਬੀ ਜੂੜੇ ਉੱਤੇ ਚਿੱਟਾ ਰੁਮਾਲ ਬੰਨ ਕੇ ਮਾਂ ਸਕੂਲ ਘੱਲਦੀ ਹੁੰਦੀ ਸੀ।

ਮਾਂ ਦਾ ਮੁੱਖੜਾ ਉਸ ਵੇਲੇ ਵੀ ਚੰਨ ਵਰਗਾ ਈ ਹੋਣੈ-ਜਦ ਪਿੰਡ ਦੀ ਮੁੰਡੀਰ ਪੁੱਛਦੀ ਹੁੰਦੀ ਸੀ, 'ਉਏ', ਜੱਸ ਤੂੰ ਕਿਦ੍ਹਾ ਪੁੱਤ ਏਂ।'

ਉਸ ਵੇਲੇ ਉਸ ਮੁੰਡੀਰ 'ਚੋਂ ਹਰ ਕੋਈ ਇਹ ਸੁਣਨਾ ਚਾਹੁੰਦਾ ਹੁੰਦਾ ਸੀ। 'ਮੈਨੂੰ ਪਤਾ - ਤੇਰਾ।'

ਨਿੰਮ ਵਾਲੀ ਹਵੇਲੀ ਤਾਂ ਕਦੇ ਵੀ ਨਹੀਂ ਭੁੱਲ ਸਕਦੀ। ਜਿੱਥੇ ਖੁਰਲੀ ਉੱਪਰ ਬੈਠੇ ਨਸ਼ਈ ਜਿਹੇ ਮੀਤੂ ਨੇ ਇਕ ਵਾਰ ਮੁੰਡਿਆ ਨਾਲ ਖੇਲਦੇ ਨੂੰ ਹਾਕ ਮਾਰ ਸੱਦਿਆ ਸੀ। ਫਿਰ ਐਵੇਂ ਹੀ ਇੱਧਰ-ਉੱਧਰ ਦੀਆਂ ਗੱਲਾਂ ਕਰਦਾ ਰਿਹਾ ਸੀ। ਗੱਲਾਂ ਕਰਦੇ ਮੀਤੂ ਨੂੰ ਉਸ ਦਾ ਮੋਹ ਜਿਹਾ ਆਇਆ ਸੀ - ਉਸ ਦੀ ਮੀਤੂ ਦੀ ਕੱਰੜ - ਬੱਰੜੀ ਦਾੜ੍ਹੀ ਵਾਲੀ ਗੱਲ੍ਹ ਨਾਲ ਜਦ ਗੱਲ੍ਹ ਲੱਗੀ ਸੀ ਤਾਂ ਪਹਿਲੀ ਵਾਰ ਜਸਜੀਤ ਨੂੰ ਕੁੱਝ ਪਿਤਰੀ ਪਿਆਰ ਵਰਗਾ ਅਨੁਭਵ ਹੋਇਆ ਸੀ।

ਹਉਕਾ ਜਿਹਾ ਭਰਕੇ ਮੀਤੂ ਨੇ ਕਿਹਾ, "ਪੁੱਤਰਾ ਤੂੰ ਅਜੇ ਨਿਆਣਾ - ਤੈਨੂੰ ਸਮਝ ਨਹੀਂ।" ਅਤੇ ਗੋਦੀਉਂ ਉਤਾਰ ਉਸ ਆਪਣੇ ਸਾਹਮਣੇ ਖੜ੍ਹਾ ਕਰ ਲਿਆ। ਜਸਜੀਤ ਨੂੰ ਕੋਈ ਸਮਝ ਨਾ ਲੱਗੀ - ਮੈਨੂੰ ਕੀ ਨਹੀਂ ਸਮਝ? ਏਨਾ ਕੁ ਉਹ ਜ਼ਰੂਰ ਸਮਝ ਗਿਆ ਕਿ ਚਾਚਾ ਕਿਸੇ ਗੱਲੋਂ ਦੁਖੀ ਹੈ - ਬਹੁਤ ਦੁਖੀ - ਤੇ ਉਹ ਵੀ ਉਦਾਸ ਹੋ ਗਿਆ ਸੀ।

"ਦਾਰੂ ਪੀਣੈ...?" ਮੀਤੂ ਨੇ ਐਵੇਂ ਖਿੜਕੇ ਪੁੱਛਿਆ ਸੀ। ਉਸਨੂੰ ਖੁਸ਼ ਕਰਨ ਲਈ।

ਉਸ ਨਾਂਹ ਵਿਚ ਸਿਰ ਹਿਲਾ ਦਿੱਤਾ ਸੀ।

ਲਾਡ ਨਾਲ ਉਸ ਦੀ ਪਿੱਠ ਥਾਪੜਦੇ ਹੋਏ ਨੂੰ ਮੀਤੂ ਨੇ ਕਿਹਾ, "ਇਹ ਨਹੀਂ ਪੀਈਦਾ... ਬਹੁਤ ਮਾੜਾ ਹੁੰਦੈ... ਆਪਣੀ ਬੇਬੇ ਨੂੰ ਕਹੀਂ... ਚਾਚਾ ਕਹਿੰਦਾ ਸੀ ਕੰਮ ਐਂ... ਹਵੇਲੀ ਆਵੇ।"

ਜਦ ਉਹ ਮਾਂ ਪਾਸੋਂ ਮੂੰਹ 'ਚ ਗਰਾਹੀ ਪੁਆਣ ਲੱਗਾ ਸੀ ਤਾਂ ਉਸ ਨੂੰ ਮੀਤੂ ਦਾ ਸੁਨੇਹਾ ਯਾਦ ਆਇਆ ਸੀ।

ਮਾਂ ਦੇ ਹੱਥ ਵਿਚ ਫੜੀ ਬੁਰਕੀ ਕੰਬੀ... ਇਕ ਪਲ ਨੀਝ ਲਾ, ਉਸ ਆਪਣੇ ਜਸਜੀਤ ਦੀਆਂ ਅੱਖਾਂ 'ਚੋਂ ਕੁਝ ਟੋਲਿਆ... ਪਰ ਉਹਨਾਂ ਵਿਚ ਆਪਣਾ ਹੀ ਅਕਸ ਦੇਖ, ਉਹ ਸ਼ਰਮਾਈ ਵੀ ਸੀ ਤੇ ਮੁਸਕਰਾਈ ਵੀ... ਉਦੋਂ ਵੀ ਉਸ ਨੂੰ ਮਾਂ ਦਾ ਮੁੱਖੜਾ ਘੱਟਦਾ-ਵੱਧਦਾ ਚੰਨ ਵਰਗਾ ਲੱਗਾ ਸੀ ਅਤੇ ਮਾਂ ਨਾਲ ਅੰਤਾਂ ਦਾ ਮੋਹ ਪ੍ਰਤੀਤ ਹੋਇਆ ਸੀ।

ਰਾਤ ਸਿਖਰਾਂ ਛੂਹ ਕੇ ਪਿਛਾਂਹ ਨੂੰ ਪਰਤ ਤੁਰੀ। ਉਸ ਹਨੇਰੇ ਵਿਚ ਆਪਣੀ ਘੜੀ ਦੀਆਂ ਚਮਕਦੀਆਂ ਸੂਈਆਂ ਨੂੰ ਦੇਖਿਆ।

ਡੇਹੜੀ ਦਾ ਦਰ ਉਸੇ ਰਮਜ਼ ਨਾਲ ਖੁਲ੍ਹ ਕੇ ਫਿਰ ਬੰਦ ਹੋ ਗਿਆ ਸੀ।

ਉਸ ਦੇ ਅੰਦਰੋਂ ਲਾਵੇ ਵਰਗਾ ਕੁੱਝ ਫਿਰ ਫੱਟਣ ਫੱਟਣ ਕਰਨ ਲੱਗ ਪਿਆ। ਸੁਰਿੰਦਰ ਨੇ ਲੱਤ ਉਸ ਦੇ ਉੱਪਰ ਰੱਖ, ਉਸ ਨੂੰ ਹੋਰ ਆਪਣੀਆਂ ਬਾਹਾਂ 'ਚ ਕਸ ਲਿਆ।

"ਚਲੋ ਹੁਣ ਸੌਂ ਵੀ ਜਾਓ..."। ਉਸ ਦੀ ਮਾਨਸਿਕ ਹਾਲਤ ਨੂੰ ਸਮਝਦੀ ਹੋਈ ਉਹ ਬੋਲੀ, "ਸਵੇਰੇ ਫਿਰ ਸ਼ਹਿਰ ਵੀ ਜਾਣਾ...।"

ਉਹ ਬੋਲਿਆ ਨਹੀਂ – ਪਿਆ ਰਿਹਾ। ਆਪੇ ਹੀ ਕਿਸੇ ਵੇਲੇ ਉਸ ਦੀ ਅੱਖ ਲੱਗ ਗਈ। ਸਵੇਰੇ ਉੱਠਣ ਲੱਗੀ ਸੁਰਿੰਦਰ ਨੇ ਉਸ ਨੂੰ ਜਗਾਇਆ।

ਦੁੱਧ ਰਿੜਕਣ ਦੀ ਘੂੰ-ਘਾਰ ਅਵਾਜ਼ ਆ ਰਹੀ ਸੀ। ਉਹ ਚੁਬਾਰੇ 'ਚੋਂ ਬਾਹਰ ਨਿਕਲਿਆ। ਠੰਡੇ ਵਾਤਾਵਰਣ ਨੇ ਉਸ ਦੇ ਭਾਰੇ ਹੋਏ ਸਿਰ ਨੂੰ ਕਿਸੇ ਹੱਦ ਤੱਕ ਅਰਾਮ ਦਿੱਤਾ।

ਵਿਰਲੇ ਵਿਰਲੇ ਲੋਕ ਉੱਠ ਖੜ੍ਹੇ ਸਨ।

ਗੁਰਦੁਆਰੇ ਕੋਲ ਦੀ ਲੰਘਦੇ ਨੇ ਉਸ ਸਤਿਕਾਰ ਨਾਲ ਸਿਰ ਨਿਵਾਇਆ – ਹੱਥ ਜੋੜੇ। ਵਿਹੜੇ ਵਿਚ ਕੋਈ ਗੁਰੂ ਘਰ ਦੀ ਪ੍ਰੇਮਣ ਬਹੁਕਰ ਦੇ ਰਹੀ ਸੀ। ਪਾਣੀ ਛਿੜਕੇ ਹੋਏ ਤੋਂ ਵੀ ਧੂੜ ਉੱਠ ਰਹੀ ਸੀ।





ਹੱਟੀ ਵਾਲਾ ਰੋੜਾ, ਮੋਢੇ ਤੇ ਗਿੱਲਾ ਪਰਨਾ ਰੱਖੀ ਤੇ ਹੱਥ ਵਿਚ ਗੜਵੀ ਫੜ੍ਹੀ, ਉਸਦੇ ਕੋਲ ਦੀ 'ਰਾਮ ਰਾਮ' ਕਰਦਾ ਲੰਘ ਗਿਆ।

ਪਿੰਡ ਦੇ ਬਾਹਰ ਖੂਹ ਵੱਗ ਰਿਹਾ ਸੀ। ਉਸ ਦੇ ਕੁੱਤੇ ਦੀ ਟੱਨ ਦੀ ਅਵਾਜ਼, ਸਵੇਰ ਦੇ ਸ਼ਾਂਤ ਵਾਤਾਵਰਣ ਵਿਚ ਵੀ ਬੜੀ ਸੁਖਾਵੀਂ ਸੀ।

ਜਦ ਉਹ ਖੇਤਾਂ ਤੋਂ ਵਾਪਸ ਆਇਆ ਤਾਂ ਪਿੰਡ ਵਿਚ ਸਵੇਰ ਦਾ ਰੌਲਾ ਵੱਧ ਚੁੱਕਾ ਸੀ। ਮਾਸੂਮਾਂ ਦੇ ਰੋਣ ਤੋਂ ਲੈ ਕੇ ਹੋਕਾ ਦੇ ਕੇ ਆਪਣਾ ਮਾਲ ਵੇਚਣ ਵਾਲੇ ਪਿੰਡ ਦੀਆਂ ਕੱਚੀਆਂ ਬੀਹੀਆਂ 'ਤੇ ਭਾਰੂ ਹੋ ਚੁੱਕੇ ਸਨ।

ਉਸ ਨਾਸ਼ਤਾ ਕੀਤਾ।

ਸੁਰਿੰਦਰ ਉਸਦੇ ਤਿਆਰ ਹੋਣ ਵਿਚ ਮਦਦ ਕਰਦੀ ਰਹੀ।

ਹਮੇਸ਼ਾਂ ਦੇ ਉਲਟ ਘਰ ਵਿਚ ਗਲ-ਘੋਟੂ ਜਿਹੀ ਚੁੱਪ ਤਣੀ ਹੋਈ ਸੀ।

ਡਿਉਢੀ 'ਚੋਂ ਬਾਹਰ ਹੋਣ ਲੱਗੇ ਨੂੰ – ਸੁਆਹ ਨਾਲ ਭਾਂਡੇ ਮਾਂਜਦੀ ਬੇ ਜੀ ਨੇ ਸੰਬੋਧਨ ਕੀਤਾ, "ਜੱ...ਸ! ਕਾਕਾ ਸ਼ਹਿਰ ਚਲਿਆਂ ਤਾਂ ਸੁਰਿੰਦਰ ਕੌਰ ਨੂੰ ਵੀ ਨਾਲ ਈ ਲੈ ਜਾ... ਇਹਦਾ ਵੀ 'ਪਾਸਕੋਟ' ਬਣਨਾ ਦੇ ਦੇਵੀਂ... ਜ਼ਮੀਨਾਂ ਤਾਂ ਖਸਮਾਂ ਨੂੰ ਖਾਣੀਆਂ ਇਥੇ ਹੀ ਰਹਿਣੀਆਂ... ਜਦ ਵਾਹੁਣੀਆਂ ਹੋਣਗੀਆਂ ਉਦੋਂ ਖਰੀਦ ਲਿਉ... ਆਪਣੇ ਬਾਪੂ ਵੱਲ ਈ ਵੇਖ... ਸਾਰੀ ਉਮਰ ਬਾਹਰ ਕੱਢ ਲਈ।"

ਉਸ ਦਾ ਬਾਪੂ ਬਹੁਤ ਚਿਰ ਹੋਇਆ ਬਾਹਰ ਚਲਾ ਗਿਆ ਸੀ। ਉਹ ਜਦ ਵੀ ਪਰਤਿਆ ਸੀ, ਉਸ ਜ਼ਮੀਨ ਖਰੀਦੀ ਸੀ। ਜਿਸ ਨੂੰ ਹੁਣ ਬਿਗਾਨੇ ਵਾਹ ਰਹੇ ਸਨ।

ਇਕ ਕਦਮ ਅੰਦਰ ਵੱਲ ਇਕ ਬਾਹਰ ਵੱਲ – ਜਸਜੀਤ ਨੂੰ ਜਿਵੇਂ ਮਾਂ ਦੇ ਲਫਜ਼ਾਂ 'ਤੇ ਯਕੀਨ ਜਿਹਾ ਨਹੀਂ ਆਇਆ। ਉਸ ਗਰਦਨ ਭੂੰਆਂ ਪਿੱਛੇ ਤੱਕਿਆ...।

ਬੇ ਜੀ ਦੇ ਸਿਰ ਉਪਰ ਮੈਲਾ ਅੱਧੋਰਾਣਾ ਚਿੱਟਾ ਲੀੜਾ ਚਿਹਰੇ ਨੂੰ ਇਕ ਪਾਸਿਉਂ ਕੱਜ ਰਿਹਾ ਸੀ। ਉਹ ਗਰਦਨ ਝੁਕਾਈ, ਮੁੱਖ ਤੇ ਦੁੱਖ, ਸ਼ਰਮ, ਰੋਸ – ਦੇਖਣ ਨੂੰ ਸ਼ਾਂਤ, ਅਡੋਲ ਪਰ ਦ੍ਰਿੜ ਘਰ ਦੇ ਚੁਲ੍ਹੇ ਮੂਹਰੇ ਬੈਠੀ ਘਰ ਦੇ ਜੂਠੇ ਬਰਤਨ ਮਾਂਜ ਰਹੀ ਸੀ।

ਰਸੋਈ ਦੇ ਦਰਾਂ 'ਚ ਖੜੀ, ਉਸ ਵੱਲ ਤੱਕਦੀ ਸੁਰਿੰਦਰ ਨੇ, ਦੋਹਾਂ ਹੱਥਾਂ ਨਾਲ ਚੁਗਾਠ ਨੂੰ ਘੁੱਟ ਕੇ ਫੜਿਆ ਹੋਇਆ ਸੀ। ●○●

# ਸਰਦ ਰਿਸ਼ਤੇ

## ਅਮਨਪਾਲ ਸਾਰਾ

'...ਲਾਂਡਰ...?' ਕਮਜ਼ੋਰ ਜਿਹੀ ਆਵਾਜ ਨਾਲ ਘਸਮੈਲੇ ਜਿਹੇ ਰੰਗ ਦੀ ਉਘੜ-ਦੁਘੜੀ ਬੰਨੀ ਪੱਗ ਵਾਲੇ ਇਸ ਬਜ਼ੁਰਗ ਨੇ ਬੱਸ ਚੜ੍ਹਨ ਤੋਂ ਪਹਿਲਾਂ ਦਰਵਾਜ਼ੇ ਵਿੱਚ ਖੜ੍ਹਕੇ ਪੁੱਛਿਆ। ਮੈਲੇ ਜਿਹੇ ਤੇ ਕੁੱਝ ਮੋਟੇ ਸ਼ੀਸ਼ਿਆਂ ਵਾਲੀ ਕਾਲੇ ਜਿਹੇ ਫ਼ਰੇਮ ਦੀ ਐਨਕ ਵਿੱਚੋਂ ਉਸ ਦੀਆਂ ਅੱਖਾਂ ਸ਼ਾਇਦ ਡਰਾਈਵਰ ਦੀ ਸੀਟ ਤੇ ਬੈਠਾ ਡਰਾਈਵਰ ਲੱਭਣ ਦੀ ਕੋਸ਼ਿਸ਼ ਕਰ ਰਹੀਆਂ ਸਨ।

'ਹਾਂਜੀ, ਲੰਘ ਆਉ।' ਮੈਂ ਸੀਟ ਤੋਂ ਜੁਆਬ ਦਿੱਤਾ। ਮੈਂ ਸਮਝ ਗਿਆ ਕਿ ਬਜ਼ੁਰਗ ਇਹ ਪੁੱਛਣਾ ਚਾਹੁੰਦਾ ਹੈ ਕਿ ਇਹ ਬੱਸ 'ਲੈਡਨਰ' ਜਾਵੇਗੀ ਕਿ ਨਹੀਂ। 'ਲੈਡਨਰ' ਵੈਨਕੂਵਰ ਦੇ ਨਜ਼ਦੀਕ ਹੀ ਇੱਕ ਛੋਟਾ ਜਿਹਾ ਕਸਬਾ ਹੈ ਤੇ ਵੈਨਕੂਵਰ ਤੋਂ ਇੱਥੇ ਪਹੁੰਚਣ ਲਈ ਪਹਿਲਾਂ ਰਿਚਮੰਡ ਵਿੱਚੋਂ ਲੰਘਣਾ ਪੈਂਦਾ ਹੈ। ਪੰਜਾਬੀ ਲੋਕ ਆਮ ਤੌਰ ਇਸ ਨੂੰ 'ਲਾਂਡਰ' ਹੀ ਕਹਿ ਦਿੰਦੇ ਹਨ।

ਹੌਲੀ ਹੌਲੀ ਬੱਸ ਦੀਆਂ ਪੌੜੀਆਂ ਚੜ੍ਹਕੇ ਹੱਥਲੀ ਖੂੰਡੀ ਸੰਭਾਲਦਾ ਬਜ਼ੁਰਗ ਮੇਰੇ ਸੱਜੇ ਹੱਥ ਸਾਹਮਣੀ ਸੀਟ ਉਪਰ ਬਹਿ ਗਿਆ। ਚਾਲ ਢਾਲ ਤੋਂ ਉਹ ਕਮਜ਼ੋਰ ਪ੍ਰਤੀਤ ਹੁੰਦਾ ਸੀ। ਸੀਟ ਤੇ ਬੈਠਣ ਤੋਂ ਬਾਦ ਉਸਨੇ ਆਪਣੇ ਨਸਵਾਰੀ ਜਿਹੇ ਕੋਟ ਦੀ ਜ਼ੇਬ ਵਿੱਚੋਂ ਟਿਕਟ ਕੱਢ ਕੇ ਦਿਖਾਇਆ ਤੇ ਫ਼ਿਰ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਅੱਧ-ਖੁੱਲੀ ਚਿੱਟੀ ਦਾੜ੍ਹੀ ਤੇ ਖਾਜ ਜਿਹੀ ਕਰਦਾ ਹਲਕੀ ਜਿਹੀ ਮੁਸਕਾਨ ਨਾਲ ਬੋਲਿਆ।

'ਤੂੰ ਤਾਂ ਆਪਣਾ ਬੰਦਾ ਈ ਨਿੱਕਲਿਆ ਜਾਰ।'

'ਹਾਂ ਜੀ... ਸੁਣਾਉ ਕਿਧਰੋਂ ਆਏ ਅੱਜ?'

'ਆਹ ਛੋਟੇ ਗੁਰਦੁਆਰਿਉਂ... ਨੌਂ ਨੰਬਰ ਆਲੀ ਬੱਸ ਐਥੇ ਤਾਈਂ ਲੈ ਆਈ...

ਐਥੇ ਆਕੇ ਕਈ ਚਿਰ ਲੱਗਾ... ਕਈਆਂ ਬੱਸਾਂ ਬਾਲਿਆਂ ਨੂੰ ਪੁੱਛਿਆ ਪਈ ਇਹ ਲਾਂਡਰ ਜਾਣੀ ਆਂ... ਕਹਿੰਦੇ ਨੋਅ... ਦੋਹ ਨੇ ਤਾਂ ਜੁਆਬ ਨੀ ਦਿੱਤਾ...' ਬਜ਼ੁਰਗ ਨੇ ਜਿਵੇਂ ਮੇਰੇ ਕੋਲ ਸ਼ਿਕਾਇਤ ਲਾਈ।





'ਭਾਈਆਂ ਜੀ ਐਸ ਵੇਲੇ ਲੈਡਨਰ ਵਾਲੀ ਬੱਸ ਅੱਧੇ ਅੱਧੇ ਘੰਟੇ ਬਾਦ ਆਉਂਦੀ ਹੈ...।' ਮੈਂ ਭੀ ਜਿਵੇਂ ਸਫ਼ਾਈ ਦਿੱਤੀ।

'ਹਲਾ ਬਈ... ਰਿਚੱਮੈਂਟ ਚੋਂ ਤਾਂ ਛੇਤੀਂ ਮਿਲ ਜਾਂਦੀ ਆ... ਐਧਰ ਆਈਦਾ ਈ ਨੀ ਬਾਹਲਾ... ਓ ਬੜੇ ਗੁਰਦੁਆਰਿਉਂ ਨੈਟ ਬਿਰਜ ਬਾਲੀ ਬੱਸ ਰਿੱਚਮੈਂਟ ਲੈ ਔਂਦੀ ਆ... ਗਾਹਾਂ ਫ਼ੇ ਲਾਂਡਰ ਬਾਲੀ ਆ ਜਾਂਦੀ ਆ...'।

'ਹਾਂ ਜੀ ਬੜੇ ਗੁਰਦੁਆਰਿਉਂ ਮੌਜ ਆ ਬੱਸਾਂ ਦੀ, ਖਾਸ ਕਰ ਆਪਣੇ ਬਜ਼ੁਰਗਾਂ ਲਈ... ਆਹ ਛੋਟਾ ਗੁਰਦੁਆਰਾ ਜਰਾ ਦੂਰ ਪੈਂਦਾ।' ਮੈਂ ਕਿਹਾ। ਸ਼ਾਮ ਦੇ ਤਕਰੀਬਨ ਅੱਠ ਵਜ ਚੁੱਕੇ ਸਨ। ਗਰਮੀਆਂ ਨੂੰ ਜੇਕਰ ਦਿਨ ਪੱਧਰਾ ਹੋਵੇ, ਵੈਨਕੂਵਰ ਵਿੱਚ ਸ਼ਾਮ ਦੇ ਸਾਢੇ ਨੌਂ ਵੱਜਣ ਤੱਕ ਭੀ ਸੂਰਜ ਦੀ ਲੋਅ ਰਹਿੰਦੀ ਹੈ।

ਫਿਰ ਜਿਸ ਸੁਆਲ ਦੀ ਮੈਨੂੰ ਉਡੀਕ ਸੀ ਬਜ਼ੁਰਗ ਨੇ ਜ਼ਰਾ ਗਲਾ ਸਾਫ਼ ਕਰਕੇ ਪੁੱਛਿਆ, 'ਕਿਹੜਾ ਪਿੰਡ ਬਈ ਆਪਣਾ ਜੁਆਨਾ...?'

'ਹੁਣ ਤਾਂ ਜੀ ਆਹੀ ਸਮਝੋ... ਜਿੱਥੇ ਐਨੀ ਦੇਰ ਹੋ ਗਈ ਰਹਿੰਦਿਆਂ ਵੈਸੇ ਅਸੀਂ ਹੁਸ਼ਿਆਰਪੁਰ ਜ਼ਿਲੇ ਤੋਂ ਹਾਂ। ਬਜ਼ੁਰਗ ਨੇ ਮਾੜਾ ਜਿਹਾ ਸਿਰ ਹਿਲਾਇਆ ਤੇ ਜਿਵੇਂ ਉਡੀਕਦਾ ਹੋਵੇ ਕਿ ਮੈਂ ਭੀ ਉਸਤੋਂ ਉਸਦਾ ਪਿੰਡ ਪੁੱਛਾਂ।

'ਆਪਣਾ ਕਿਹੜਾ, ਭਾਈਆ ਜੀ?'

'ਆਹ '... ਗੁਰਾਇਆਂ ਲਾਗੇ। ਬਜ਼ੁਰਗ ਨੇ ਜਿਵੇਂ ਕੁੱਝ ਚਾਅ ਨਾਲ ਦੱਸਿਆ।

'ਤੁਹਾਡਾ ਤਾਂ ਸਾਰਾ ਅਲਾਕਾ ਈ ਬਾਹਰ ਆ, ਇੰਗਲੈਂਡ ਜਾਂ ਕਨੇਡਾ।' ਮੈਂ ਜਿਵੇਂ ਉਸਦੇ ਪਿੰਡ ਦੀ ਤਾਰੀਫ਼ ਕੀਤੀ, ਪਰ ਕੈਨੇਡਾ ਦਾ ਨਾਮ ਸੁਣ ਕੇ ਜਿਵੇਂ ਉਸਦਾ ਚਾਅ ਗਾਇਬ ਹੋ ਗਿਆ ਹੋਵੇ। ਕੁੱਝ ਦੇਰ ਚੁੱਪ ਰਹਿਣ ਬਾਦ ਬੋਲਿਆ, 'ਕਾਦ੍ਹਾ ਬਾਰੁ ਜੀ...', ਫ਼ਿਰ ਇੱਕ ਲੰਮਾ ਜਿਹਾ ਸਾਹ ਭਰਕੇ ਬੋਲਿਆ, 'ਪਿੰਡ... ਪਿੰਡ ਈ ਹੁੰਦਾ...।'

'ਕਿੰਨੀ ਕੁ ਦੇਰ ਹੋ ਗਈ ਤੁਹਾਨੂੰ ਇੱਥੇ ਆਇਆਂ ਨੂੰ?' ਮੈਨੂੰ ਲੱਗਦਾ ਸੀ ਕਿ ਉਸਨੂੰ ਕੈਨੇਡਾ ਆਏ ਨੂੰ ਜ਼ਿਆਦਾ ਦੇਰ ਨਹੀਂ ਹੋਈ ਹੈ। '...ਆ ਹੋ ਗਏ ਜੀ ਛੇ ਸੱਤ ਮ੍ਹੀਨੇ...'। ਜਿਵੇਂ ਕੁੱਝ ਹਿਸਾਬ ਲਾਕੇ ਦੱਸਿਆ ਹੋਵੇ।

'ਕੋਈ ਨਹੀਂ ਭਾਈਆ ਜੀ, ਹੌਲੀ ਹੌਲੀ ਤੁਹਾਡਾ ਦਿਲ ਲੱਗ ਜਾਣਾਂ

ਆਪਣੇ ਟੱਬਰ ਨਾਲ। ਮੈਂ ਜ਼ਰਾ ਹੌਂਸਲਾ ਦੇਣ ਦੇ ਲਿਹਾਜ਼ ਨਾਲ ਕਿਹਾ। ਆਮ ਕਰਕੇ ਇੱਥੇ ਖਿਆਲ ਕੀਤਾ ਜਾਂਦਾ ਹੈ ਕਿ ਕੈਨੇਡਾ ਵਿੱਚ ਆਪਣੇ ਬਜ਼ੁਰਗ ਐਸ਼ ਕਰਦੇ ਹਨ। ਖੁਲ੍ਹਾ ਖਾਣ ਪੀਣ ਨੂੰ, ਚੜ੍ਹਨ ਲਈ ਕਾਰਾਂ, ਇਨ੍ਹਾਂ ਨੂੰ ਹੋਰ ਕੀ ਚਾਹੀਦਾ?

ਪਰ ਉਹ ਉਲਟਾ ਹੋਰ ਉਦਾਸੀ ਨਾਲ ਬੋਲਿਆ, 'ਹੁਣ ਦਿਲ-ਦੁਲ ਕੀ ਲੱਗਣਾ... ਹੁਣ ਤਾਂ ਗਾਹਾਂ ਈ...', ਕਹਿਕੇ ਉਸਨੇ ਸਿਰ ਝੁਕਾ ਲਿਆ ਤੇ ਆਪਣੇ ਪੈਰਾਂ ਵਿੱਚ ਪਈ ਘਸੀ ਹੋਈ ਗੁਰਗਾਬੀ ਵੱਲ ਦੇਖਣ ਲੱਗ ਪਿਆ। ਉਸਦੀ ਉਦਾਸੀ ਮੈਨੂੰ ਕੁੱਝ ਰੜਕ ਰਹੀ ਸੀ। ਕੁੱਝ ਦੇਰ ਬਾਦ ਗੱਲਾਂ ਦਾ ਰੁੱਖ ਮੋੜਨ ਲਈ ਮੈਂ ਉਸਨੂੰ ਪੁਛਿਆ, 'ਅੱਜ ਛੋਟੇ ਗੁਰਦੁਆਰੇ ਕੋਈ ਖਾਸ ਗੱਲ ਸੀ?' ਤੇ ਜਿਵੇਂ ਉਸਦਾ ਧਿਆਨ ਸੋਚਾਂ ਦੀ ਲੜੀ ਵਿੱਚੋਂ ਉਖੜਿਆ ਹੋਵੇ, ਮੂੰਹ ਉਤਾਂਹ ਨੂੰ ਕਰਕੇ ਕੁੱਝ ਯਾਦ ਕਰਕੇ ਬੋਲਿਆ, '... ਆ... ਆ ਜਾਗਰ ਨੇ ਬੜ੍ਹੇ ਪਿੰਡੀਏ ਨੇ ਖੰਡ-ਪਾਠ ਖੁਲਾਇਆ ਆ... ਤਿੰਨਾਂ ਪੋਤੀਆਂ ਬਾਦ ਪੋਤਾ ਹੋਇਆ...' ਫ਼ਿਰ ਜਿਵੇਂ ਆਪਣੇ ਆਪ ਨਾਲ ਗੱਲ ਕਰਦਾ ਹੋਵੇ। '... ਐਮੀਂ... ਬਾਧੂ ਈ...।'

ਪੋਤੇ ਪੋਤੀਆਂ ਤੋਂ ਮੈਨੂੰ ਉਸਦੇ ਟੱਬਰ ਬਾਰੇ ਜਾਨਣ ਦਾ ਵਿਚਾਰ ਆਇਆ ਤੇ ਕੁੱਝ ਸਿਆਣਿਆਂ ਵਾਲੇ ਤਰੀਕੇ ਨਾਲ ਮੈਂ ਉਸਨੂੰ ਪੁੱਛਿਆ, 'ਟੱਬਰ ਤਾਂ ਸੁੱਖ ਨਾਲ ਆਪਣਾ ਭੀ ਇੱਥੇ ਹੀ ਹੋਣਾਂ?' ਜਿਵੇਂ ਮੈਂ ਉਸਦੀ ਦੁਖਦੀ ਰਗ ਨੂੰ ਛੇੜ ਦਿੱਤਾ ਹੋਵੇ।

ਕੁੱਝ ਦੇਰ ਖਾਮੋਸ਼ ਰਹਿ ਕੇ ਉਦਾਸ ਜਿਹੀ ਆਵਾਜ਼ ਵਿੱਚ ਬੋਲਿਆ, '... ਕਾਦ੍ਹਾ ਟੱਬਰ ਜੀ... ਪਿਛਲੀ ਉਂਬਰੇ ਆਹ ਇੱਕ ਮੁੰਡਾ ਹੋਇਆ ਸੀ, ਬੱਸ..., ਮੇਰੇ ਘਰੋਂ ਬਿਚਾਰੀ ਨੇ ਕੋਈ ਗੁਰਦੁਆਰਾ ਨੀ ਛੱਡਿਆ ਜਿੱਥੇ ਪਾਠ ਨਾ ਸੁੱਖਿਆ ਹੋਵੇ... ਤੇ ਹੋਰ ਕਿੰਨ੍ਹੇ ਈ ਰੁਪਈਏ ਸਾਧਾਂ ਪੀਰਾਂ ਦੇ ਮੂੰਅ ਰੋੜ੍ਹ ਦਿੱਤੇ...।'

'ਇਹ ਲੜਕਾ ਤੁਹਾਡਾ ਜਿਹੜਾ ਲੈਂਡਰ ਰਹਿੰਦਾ?' ਮੈਂ ਗੱਲ ਸਮਝਣ ਦੇ ਖਿਆਲ ਨਾਲ ਪੁੱਛਿਆ।

'... ਆਹੋ... ਇਹੀ... ਪੈਲ੍ਹਾਂ ਏਹਦੇ ਜੰਮਣ... ਫ਼ੇਅ ਆਹ ਕਨੇਡੇ ਭੇਜਣ ਨੇ... ਮੇਰਾ ਤਾਂ ਬੱਸ... ਪਾਠਾਂ ਨੇ ਈ... ਸੱਭ ਕਾਸ। ਛੋਟੀ ਜਿਹੀ ਮੇਰੀ ਜਿਮੀਦਾਰੀ ਸੀ... ਪਰ ਐਥੇ ਨਾਲੋਂ ਤਾਂ... ਚੰਗੇ ਸੀ ਆਪਣੇ ਘਰ ਜਿੰਦਾਂ ਦੇ ਭੀ...'। ਬੱਸ ਵੈਨਕੂਵਰ ਵਿੱਚੋਂ ਨਿਕਲਣ ਤੋਂ ਪਹਿਲਾਂ ਆਖਰੀ ਸਟਾਪ ਤੇ ਰੁਕੀ। ਇਸ ਤੋਂ ਬਾਦ ਬੱਸ ਨੇ ਲੈਡਨਰ ਵੱਲ ਜਾਣ ਵਾਲੇ





ਹਾਈਵੇ ਉਪਰ ਪੈ ਜਾਣਾ ਸੀ। ਇਸ ਸਟਾਪ ਤੋਂ ਕਈ ਸੁਆਰੀਆਂ ਚੜ੍ਹੀਆਂ। ਬੱਸ ਦੀਆਂ ਤਕਰੀਬਨ ਸੱਭ ਸੀਟਾਂ ਭਰ ਚੁੱਕੀਆਂ ਸਨ। ਸਿਰਫ਼ ਬਜ਼ੁਰਗ ਦੇ ਨਾਲ ਵਾਲੀ ਸੀਟ ਖਾਲੀ ਪਈ ਸੀ। ਇੱਕ ਪੱਚੀਆਂ ਕੁ ਵਰ੍ਹਿਆਂ ਦੀ ਅਪਟੂਡੇਟ ਜਿਹੀ ਗੋਰੀ ਨੂੰ ਸੀਟ ਨਾ ਮਿਲੀ। ਉਹ ਬਜ਼ੁਰਗ ਦੇ ਨੇੜੇ ਹੀ ਛੱਤ ਵਾਲਾ ਡੰਡਾ ਫੜ੍ਹ ਕੇ ਖੜ੍ਹ ਗਈ। ਬਜ਼ੁਰਗ ਨੇ ਉਸਨੇ ਪੈਰਾਂ ਤੋਂ ਸਿਰ ਤੱਕ ਦੇਖਿਆ ਅਤੇ ਐਨਕਾਂ ਵਿੱਚੋਂ ਅੱਖਾਂ ਸਿਕੋੜਦੇ ਹੋਏ ਨੇ ਉਹਦੇ ਚੇਹਰੇ ਵੱਲ ਨੀਝ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਜਗ੍ਹਾ ਤੇ ਹੀ ਥੋੜ੍ਹਾ ਹੋਰ ਸਿਕੁੜ ਕੇ ਬੈਠ ਗਿਆ ਜਿਵੇਂ ਕਿ ਆਪਣੇ ਵੱਲੋਂ ਉਸ ਮੁਟਿਆਰ ਨੂੰ ਸ੍ਰਿਸ਼ਟਾਚਾਰ ਵਜੋਂ ਕਹਿ ਰਿਹਾ ਹੋਵੇ ਕਿ ਬੀਬਾ ਖੜ੍ਹੀ ਕਾਹਤੋਂ ਆਂ ਇਸ ਖਾਲੀ ਸੀਟ ਤੇ ਬੈਠ ਜਾ। ਪਰ ਸ਼ਾਇਦ ਉਸ ਬੀਬਾ ਨੂੰ ਬਜ਼ੁਰਗ ਦਾ ਸ੍ਰਿਸ਼ਟਾਚਾਰ ਚੰਗਾ ਨਹੀਂ ਲੱਗਾ ਜਾਂ ਉਸਨੂੰ ਮੈਲੇ ਜਿਹੇ ਅਤੇ ਪੱਗ ਦਾੜ੍ਹੀ ਵਾਲੇ ਬੁੜ੍ਹੇ ਦੇ ਕੋਲ ਬੈਠਣਾ ਠੀਕ ਨਾ ਲੱਗਾ। ਬੈਠਣ ਦੀ ਬਜਾਏ ਉਹ ਬੱਸ ਦੇ ਪਿੱਛੇ ਵੱਲ ਜਾ ਕੇ ਇੱਕ ਹੋਰ ਡੰਡਾ ਫੜ੍ਹ ਕੇ ਖੜ੍ਹੀ ਹੋ ਗਈ। ਬਜ਼ੁਰਗ ਨੇ ਮੁੜ ਨੀਵੀਂ ਪਾ ਲਈ।

ਮੈਨੂੰ ਉਸ ਨੱਕ ਚੜ੍ਹੀ ਮੁਟਿਆਰ ਦਾ ਵਰਤਾਅ ਅੱਛਾ ਨਾ ਲੱਗਾ ਤੇ ਮੈਨੂੰ ਲੱਗਾ ਕਿ ਸ਼ਾਇਦ ਬਜ਼ੁਰਗ ਦੇ ਮਨ ਨੂੰ ਭੀ ਠੇਸ ਪਹੁੰਚੀ ਹੈ। ਸ਼ਾਇਦ ਇਸੇ ਕਰਕੇ ਉਹ ਚੁੱਪ ਹੋ ਗਿਆ ਸੀ।

'ਤੁਹਾਡੇ ਘਰੋਂ ਭੀ ਇੱਥੇ ਈ ਆ?' ਮੈਂ ਪੁੱਛਿਆ। ਬਜ਼ੁਰਗ ਦੀ ਸੋਚਾਂ ਦੀ ਲੜੀ ਫ਼ਿਰ ਟੁੱਟੀ। 'ਕਾਹਨੂੰ...' ਲੱਗ ਪੱਗ ਰੋਣ ਹਾਕੀ ਆਵਾਜ਼ ਵਿੱਚ ਬੋਲਿਆ, '...ਉਹ ਤਾਂ ਬਚਾਰੀ... ਸਾਲ ਕੁ ਹੋਇਆ ਤਾਂ ... ਗੁਜਰ ਗਈ...। ... ਪੈਲ੍ਹਾਂ ਏਹਦੀਆਂ ਸੁੱਖਾਂ, ਫੇਅ ਏਦ੍ਹੇ ਗਾਹਾਂ ਮੁੰਡਿਆਂ ਦੀਆਂ... ਸਾਰੀ ਉਂਬਰ ਉਨ ਤਾਂ ਬੱਸ ਏਹੀ... ਫ਼ਿਕਰਾਂ ਨੇ ਈ ਬਚਾਰੀ ਖਾ ਲਈ...।'

ਕੁੱਝ ਦੇਰ ਚੁੱਪ ਰਹਿਕੇ, ਜਿਵੇਂ ਯਾਦ ਕਰਦਾ ਹੋਵੇ, '... ਬੜਾ ਚਾਅ ਸੀ ਉਹਨੂੰ ਪੋਤਿਆਂ ਦਾ... ਕਨੇਡੇ ਦਾ...। ਇਹ ਸੌਹਰਾ ਐਸਾ ਕਨੇਡੇ ਆਇਆ ਮੁੜਕੇ ਮਿਲਣ ਈ ਨੀ ਗਿਆ... ਚਿੱਠੀ-ਚਪੱਠੀ ਭੀ ਲੰਗੇ ਡੰਗ ਪੌਂਦਾ... ਮਾਂ ਏਦ੍ਹੀ ਡੀਕਦੀ ਰੈਂਦੀ ਹਰ ਬਰ੍ਹੇ...। ਕਦੇ ਕਹਿਣਾ ਕਿ ਨਿਆਣੇ ਹਾਲੇ ਨਿੱਕੇ ਆ, ਗਾਹਾਂ ਦੇ ਬਰ੍ਹੇ ਆਮਾਂਗੇ..., ਕਦੇ ਅਸੀਂ ਨਮੀਂ ਕਾਰ ਲੈ ਲਈ..., ਕਦੇ ਅਸੀਂ ਨਮਾਂ ਘਰ ਲੈ ਲਿਆ, ਆ ਨੀ ਹੋਣਾ...। ਓਹ ਜੈਲਦਾਰਨੀ ਦਾ ਬੋਲ ਕਿ ਠੰਡੇ ਮੁਲਖੀਂ ਜਾਕੇ ਲਹੂ ਭੀ ਠੰਡਾ ਹੋ ਰੈਂਦ੍ਹਾ, ਓਦ੍ਹੇ ਪੁੱਤ ਬੀ ਓਦ੍ਹੀ ਬਾਤ ਨੀ ਪੁੱਛਦੇ...।' ਕੁੱਝ ਦੇਰ ਚੁੱਪ ਰਹਿ

ਕੇ ਫ਼ਿਰ ਬੋਲਿਆ, 'ਉਦਾਂ ਤਾਂ ਖਰਾ ਹੋਇਆ ਕਿਸ਼ਨ ਕੁਰ ਤਾਂ ਬੱਚ ਗਈ... ਨਈਂ ਤਾਂ ਮੇਰੇ ਬਾਲੀ ਖੇਹ ਉਨ ਭੀ ਫੱਕਣੀ ਸੀ...।'

ਮੂਹਰਲੀਆਂ ਸੀਟਾਂ ਦੀਆਂ ਸੁਆਰੀਆਂ ਕਦੇ ਬਜ਼ੁਰਗ ਨੂੰ ਤੇ ਕਦੇ ਮੈਨੂੰ ਕੁੱਝ ਧਿਆਨ ਨਾਲ ਦੇਖ ਰਹੀਆਂ ਸਨ। ਬਜ਼ੁਰਗ ਨੂੰ ਜਿਵੇਂ ਮਸੀਂ ਕੋਈ ਦੁੱਖ ਫਰੋਲਣ ਵਾਲਾ ਮਿਲਿਆ ਹੋਵੇ। ਕੁੱਝ ਚਿਰ ਚੁੱਪ ਰਹਿ ਕੇ ਆਪ ਹੀ ਬੋਲ ਪਿਆ, '... ਲੈ ਆਹ ਕੋਈ ਬਰੇਸ ਆ ਮੇਰੀ... ਅੱਸੀਆਂ ਨੂੰ ਢੁੱਕਿਆਂ ਆਂ... ਫ਼ਾਰਮਾਂ ਨੂੰ ਭੇਜ ਤਾ ਮੈਨੂੰ...। ਅਖੇ ਘਰ ਬੇਹਲਾ ਬੈਠਣ ਨਾਲੋਂ ਖਰਾ... ਨਾਲੇ ਸਾਰਾ ਸਾਲ ਪੈਸੇ ਔਂਦੇ ਰੈਣਗੇ...। ... ਤੀਏ ਦਿਨ ਮੇਤੋਂ ਉੱਠੇ ਈ ਨੀ ਹੋਇਆ... ਗੋਡੇ ਭੀ ਕੀ ਕਰਨ... ਬਥੇਰਾ ਕੀਤਾ ਸਾਰੀ ਉਂਬਰ... ਡੂਢ ਡੂਢ ਖੇਤ ਭੀ ਕੱਢ ਦੇਈਦਾ ਸੀ ਦਿਆੜੀ ਦਾ... ਪਰ ਫ਼ੈਦਾ ਕੀ ਹੋਇਆ ਜਦ ਏਸ ਬਰੇਸੇ ਕੋਈ ਫਿੱਟੇ ਮੂੰਅ ਨੀ ਕੈਂਦਾ...?' ਬਜ਼ੁਰਗ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

'ਚਲੋ ਭਾਈਆ ਜੀ ਖਾਣ ਪਹਿਨਣ ਨੂੰ ਮਿਲਦਾ ਰਹੇ, ਇਹੀ ਬੜਾ।' ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਬਜ਼ੁਰਗ ਨੂੰ ਕੀ ਹੌਂਸਲਾ ਦਿਆਂ।

'... ਸਬੇਰ ਨੂੰ ਕੱਪ ਚਾਹ ਦਾ ਪੀਕੇ ਗੁਰਦੁਆਰੇ ਆ ਜਾਈਦਾ... ਸ਼ਾਮ ਦਾ ਲੰਗਰ ਛੱਕ ਕੇ ਈ ਬੱਸੇ ਬੈਠੀਦਾ...। ... ਨੌਂਹ ਮੇਰੀ ਇੱਕ ਦਿਨ ਫ਼ੂਨ ਤੇ ਕਿਸੇ ਨਾਲ ਕਰਦੀ ਸੀ... ਅਖੇ ਬੁੜਾ ਕੰਮ ਕਰਨ ਦਾ ਮਾਰਾ ਗੋਡੇ ਫੜ ਕੇ ਬੈਹ ਗਿਆ... ਕੰਮ ਕਰਦਾ ਹੁੰਦਾ ਤਾਂ ਫ਼ਾਰਮਾ 'ਚ ਈ ਛੱਡ ਦੇਣਾ ਸੀ, ਏਹਨੂੰ ਬਾਸ਼ਰੂਮ ਬਰਤਣ ਦਾ ਨੀ ਪਤਾ...।'

... ਉਦਣ ਦਾ ਆਪਾਂ ਤਾਂ ਸੌਣ ਬੇਲੇ ਈ ਘਰ ਜਾਈਦਾ... ਬੇਸਮਿੰਟ ਬਿੱਚ ਇੱਕ ਮੰਜਾ ਦਿੱਤਾ ਆ...। ਘਰ ਭੀ ਕੀ ਕਰਾਂ... ਉਪਰ ਨਿਆਣੇ ਉੱਚੀ ਉੱਚੀ ਟੀ ਬੀ ਲਾ ਰੱਖਦੇ ਆ... ਉਹਦ੍ਹੇ ਬਿੱਚ ਆ ਜਾਂਘੀਏ ਜਿਹੇ ਲਾਈ ਟੱਪਦੀਆਂ ਰੈਂਹਦੀਆਂ। ... ਕਦੇ ਮੈਨੂੰ ਕੈਂਹਦੇ ਆ ਤੇਰੀ ਦਾੜੀ ਚੋਂ ਮੁਸ਼ਕ ਅਉਂਦਾ...। ਮੁੰਡੇ ਕੋਲ ਟੈਮ ਈ ਨੀ ਹਾਲ ਪੁੱਛਣ ਦਾ... ਜਾਂ ਕੰਮ ਤੇ ਓਵਰ ਟੈਮ... ਜਾਂ ਭਾਈਬੰਦਾ ਨਾਲ ਪੀਈ ਜਾਣੀ... ਘਰਾਂ ਦੀਆਂ ਈ ਗੱਲਾਂ ਕਰਦੇ ਰੈਂਦੇ ਆ... ਨਮੇਂ ਘਰ... ਬੜੇ ਘਰ... ਇਨ੍ਹਾਂ ਨੂੰ ਕੋਈ ਪੁੱਛੇ... ਬੁੜ੍ਹੇ ਤਾਂ ਤੁਹਾਡੇ ਸੜਕਾਂ ਤੇ ਰੁਲਦੇ ਫ਼ਿਰਦੇ ਆ... ਕੀ ਕਰਨਾ ਬੜੇ ਘਰਾਂ ਨੂੰ...।' ਬਜ਼ੁਰਗ ਦੀ ਗੱਲ ਨੇ ਮੈਨੂੰ ਲਾਜਵਾਬ ਕਰ ਦਿੱਤਾ। ਫ਼ਿਰ ਕੁਝ ਹਿਰਖ ਨਾਲ ਬੋਲਿਆ '... ਹਰ ਬੀਕ ਐਂਡ ਖੰਡ ਪਾਠ... ਜਾਂ ਪਾਰਟੀ... ਮੇਰੀ ਕੇਹਨੂੰ ਲੋੜ ਆ ਕੋਈ...।'





'ਕੋਈ ਨਹੀਂ ਭਾਈਆ ਜੀ, ਇਸ ਤਰ੍ਹਾਂ ਨਾ ਕਹੋ, ਬੰਦੇ ਦੀ ਤਾਂ ਹਰ ਵੇਲੇ ਬੰਦੇ ਨੂੰ ਲੋੜ ਹੁੰਦੀ ਹੈ ਨਾਲੇ ਬਜ਼ੁਰਗਾਂ ਦੀ ਤਾਂ...'। ਮੇਰੀ ਗੱਲ ਵਿੱਚੇ ਹੀ ਕੱਟਦਾ ਬੋਲਿਆ 'ਹਾਂਅ...! ਜੇ ਓਹ ਜੀਂਦੀ ਹੁੰਦੀ ਤਾਂ ਮੈਂ ਕਦੇ ਦਾ ਪਿੰਡ ਮੁੜ ਜਾਣਾ ਸੀ ਪਰ ਉਹ ਤਾਂ ...'।

ਬੱਸ ਜਾਰਜ ਮੈਸੀ ਸੁਰੰਗ ਪਾਰ ਕਰ ਰਹੀ ਸੀ ਤੇ ਖੜਾਕੇ ਵਿੱਚ ਮੈਨੂੰ ਉਸਦੀ ਬਾਕੀ ਗੱਲ ਸਮਝ ਨਾ ਪਈ। ਸੁਰੰਗ ਪਾਰ ਕਰਕੇ ਬੱਸ ਅਗਲੀ ਲਾਈਟ ਤੋਂ ਲੈਡਨਰ ਵੱਲ ਮੁੜ ਗਈ। ਨੌਂ ਕੁ ਵੱਜ ਚੁੱਕੇ ਸਨ ਪਰ ਅਜੇ ਭੀ ਦਿਨ ਛਿਪਿਆ ਨਹੀਂ ਸੀ।

'ਲੈਡਨਰ ਆ ਗਿਆ ਭਾਈਆ ਜੀ, ਕਿੱਥੇ ਕੁ ਉਤਰਨਾ ਤੁਸੀ?'

ਬਜ਼ੁਰਗ ਜਿਵੇਂ ਖਿਆਲਾਂ ਵਿੱਚੋਂ ਫ਼ਿਰ ਜਾਗਿਆ ਹੋਵੇ, '... ਹੈਂਅ... ਆ ਗਏ...।' ਫ਼ਿਰ ਐਨਕ ਦੇ ਸ਼ੀਸ਼ਿਆਂ ਵਿੱਚੀ ਅੱਖਾਂ ਸਿਕੋੜਦਾ ਬਾਹਰ ਵੱਲ ਦੇਖ ਕੇ ਬੋਲਿਆ, '... ਅਜੇ ਤਾਂ ਕਈ ਦਿਨ ਪਿਆ... ਔਹ ਪਾਰਕ ਕੋਲ ਲਾਹਦੇ ਮੈਨੂੰ... ਗਾਹਾਂ ਮੈਂ ਤੁਰ ਕੇ ਚਲਾ ਜਾਊਂਗਾ ... ਨੇੜੇ ਈ ਆ...।'

ਮੈਂ ਪਾਰਕ ਦੇ ਕੋਲ ਬੱਸ ਰੋਕੀ, 'ਚੰਗਾ ਬਈ ਜੁਆਨਾ...' ਕਹਿ ਕੇ ਬਜ਼ੁਰਗ ਹੌਲੀ ਹੌਲੀ ਬੱਸ ਵਿੱਚੋਂ ਉੱਤਰ ਗਿਆ। ਬਾਹਰ ਆ ਕੇ ਉਸਨੇ ਇੱਕ ਵਾਰ ਨੀਝ ਜਿਹੀ ਲਾ ਕੇ ਸੂਰਜ ਵੱਲ ਦੇਖਿਆ ਜਿਵੇਂ ਅੰਦਾਜ਼ਾ ਲਗਾਉਂਦਾ ਹੋਵੇ ਕਿ ਅਜੇ ਕਦੋਂ ਕੁ ਹਨੇਰਾ ਹੋਵੇਗਾ। ਹੌਲੀ ਹੌਲੀ ਖੂੰਡੀ ਦੇ ਆਸਰੇ ਤੁਰਦਾ ਉਹ ਪਾਰਕ ਵਿਚ ਪਏ ਬੈਂਚ ਉਪਰ ਮਲਕ ਦੇਣੀ ਸੂਰਜ ਵੱਲ ਮੂੰਹ ਕਰਕੇ ਬੈਠ ਗਿਆ। ਇੱਕ ਹੱਥ ਨਾਲ ਗੋਡੇ ਦੱਬਦਾ ਅਤੇ ਦੂਸਰਾ ਹੱਥ ਖੂੰਡੀ ਤੇ ਟਿਕਾ ਕੇ ਉਸ ਉਪਰ ਮੂੰਹ ਧਰਕੇ ਫ਼ਿਰ ਜਿਵੇਂ ਡੂੰਘੇ ਖਿਆਲਾਂ ਵਿੱਚ ਗੁਆਚ ਗਿਆ। ਮੈਂ ਬੱਸ ਦੀ ਤਾਕੀ ਰਾਹੀਂ ਅਜੇ ਭੀ ਉਸ ਵੱਲ ਦੇਖ ਰਿਹਾ ਸੀ ਅਤੇ ਮੇਰੇ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੋ ਰਿਹਾ ਸੀ ਕਿ ਉਹ ਅੱਜ ਦੇ ਦਿਨ ਦਾ ਸੂਰਜ ਡੁੱਬਣ ਦਾ ਇੰਤਜ਼ਾਰ ਕਰ ਰਿਹਾ ਹੈ ਜਾਂ ਕਿ ਆਪਣੇ...। ●○●

# ਪੁਰਸਲਾਤ

## ਸਾਧੂ ਸਿੰਘ

ਵਾਰਡ ਨੰਬਰ ਨੌਂ ਦਾ ਬੂਹਾ ਖੁਲਦਿਆਂ ਹੀ ਉਨ੍ਹਾਂ ਦਾ ਦਿਲ ਧੱਕ ਕਰ ਕੇ ਰਹਿ ਗਿਆ। ਚੱਠਾ ਸਾਹਿਬ ਦਾ ਬਿਸਤਰਾ ਖਾਲੀ ਸੀ ਤੇ ਸਾਈਡ ਟੇਬਲ ਤੇ ਉਨ੍ਹਾਂ ਦੀਆਂ ਚੀਜ਼ਾਂ ਖਿਲਰੀਆਂ ਪਈਆਂ ਸਨ। ਉਨ੍ਹਾਂ ਇਕ ਦੂਜੇ ਵੱਲ ਦੇਖਿਆ। ਅੱਖਾਂ ਵਿਚ ਅਨੇਕਾਂ ਸੁਆਲੀਆ ਨਿਸ਼ਾਨ। ਸਹਿਮ ਤੇ ਸੰਸਿਆਂ ਦੀ ਭਰਮਾਰ। ਸੰਦੇਹ ਨਾਲ ਤਣਿਆਂ ਮਹੌਲ। ਅਜੇਹੀ ਸਥਿਤੀ ਕਿਸੇ ਵੀ ਮੰਦੀ ਤੋਂ ਮੰਦੀ ਹੋਣੀ ਦੀ ਸੂਚਕ ਹੋ ਸਕਦੀ ਸੀ।

ਚੱਠਾ ਸਾਹਿਬ ਪਿਛਲੇ ਹਫਤੇ ਤੋਂ ਇਸ ਹਸਪਤਾਲ ਵਿਚ ਦਾਖਲ ਸਨ। ਅੱਸੀਆਂ ਤੋਂ ਉੱਪਰ ਉਮਰ। ਉੱਖੜਿਆ ਸਾਹ। ਵਧਿਆ ਹੋਇਆ ਖੂਨ ਦਾ ਦਬਾਓ। ਦਿਲ ਦੀ ਤਸ਼ਵੀਸ਼ਨਾਕ ਹਾਲਤ। ਕੰਧੀ ਉੱਤੇ ਰੁੱਖੜੇ ਨੂੰ ਡਿੱਗਣ ਲਈ ਐਵੇਂ ਹਲਕੇ ਜਿਹੇ ਬੁੱਲੇ ਦਾ ਹੀ ਬਹਾਨਾ ਚਾਹੀਦਾ ਹੁੰਦਾ ਹੈ।

'ਕਿਤੇ ਗੁਸਲਖਾਨੇ ਜਾਣ ਦੀ ਕੋਸ਼ਿਸ਼ ਨਾ ਕੀਤੀ ਹੋਏ' ਸੁਰਿੰਦਰ ਨੇ ਡਿਗਦੇ ਮਨ ਨੂੰ ਤੀਲੇ ਦਾ ਸਹਾਰਾ ਦਿੰਦਿਆਂ ਆਖਿਆ। "ਸ਼ਾਇਦ"। ਕੁੰਦਨ ਨੇ ਉਹਦੀ ਆਸ ਨੂੰ ਨਿਰਬਲ ਜਿਹਾ ਹੁੰਮਣਾ ਦਿੱਤਾ।

ਸੁਰਿੰਦਰ ਗੁਸਲਖਾਨੇ ਵਲ ਜਾਣ ਲਈ ਅਹੁਲਿਆ ਹੀ ਸੀ। ਬੈੱਡ ਨੰਬਰ 21 ਤੋਂ ਇਕ ਮੱਧਮ ਜੇਹੀ ਆਵਾਜ਼ ਆਈ "ਮਿਸਟਰ ਸਿੰਘ"! ਉਹ ਦੋਨੋ ਉਸ ਬਿਰਧ ਦੀ ਪੁਆਂਦੀ ਜਾ ਖਲੋਏ। ਬਿਰਧ ਆਪਣੇ ਮੰਜੇ ਦੇ ਤਕੀਏ ਨਾਲ ਢਾਸਣਾ ਲਾ ਕੇ ਲੱਤਾਂ ਪਸਾਰੀ ਬੈਠਾ ਸੀ। ਨੱਕ ਦੀ ਘੋੜੀ ਤੇ ਐਨਕਾਂ ਥਾਂ-ਸਿਰ ਕਰਦਿਆਂ ਉਸ ਨੇ ਦੱਸਿਆ ਕਿ ਪੰਜ ਸੱਤ ਮਿੰਟ ਪਹਿਲਾਂ ਚੱਠਾ ਸਾਹਿਬ ਆਪਣੇ ਬਿਸਤਰੇ ਤੋਂ ਉੱਠੇ ਸਨ। ਖੌਰੇ ਵਾਸ਼-ਰੂਮ ਜਾਣਾ ਚਾਹੁੰਦੇ ਹੋਣ। ਧਰਤੀ ਤੇ ਪੈਰ ਲਾਉਂਦਿਆਂ ਹੀ ਉਹ ਘੁਮੇਟਣੀ ਖਾ ਕੇ ਧੜੰਮ ਦੇਣੀ ਭੁੰਜੇ ਡਿਗ ਪਏ ਸਨ। ਸ਼ਾਇਦ ਬੇਹੋਸ਼ ਹੋ ਗਏ ਸਨ। ਝੱਟ ਕੁ ਪਹਿਲਾਂ ਹੀ ਨਰਸਾਂ ਉਹਨਾਂ ਨੂੰ ਸਟ੍ਰੈਚਰ ਤੇ ਪਾ ਕੇ ਲੈ ਗਈਆਂ ਸਨ। ਸ਼ਾਇਦ ਇੰਟੈਂਸਿਵ ਕੇਅਰ ਵਿਚ ਹੋਣ। "ਤੁਸੀਂ ਸਟਾਫ ਨਰਸ ਤੋਂ ਪਤਾ ਕਰੋ।" ਬੋਲਦਾ ਬੋਲਦਾ ਮਰੀਜ਼ ਬਿਰਧ ਆਪ ਬੜਾ ਨਿਢਾਲ ਹੋ ਗਿਆ ਸੀ।





"ਥੈਂਕ ਯੂ ਸਰ।"

ਤੇ ਉਹ ਦੋਨੋ ਛੂਹਲੇ ਕਦਮ ਭਜਦੇ ਸਟਾਫ ਨਰਸ ਦੇ ਦਫਤਰ ਵਲ ਤੁਰ ਪਏ ਸਨ। ਉਨ੍ਹਾਂ ਨੂੰ ਦੇਖਣ ਸਾਰ ਹੀ ਸਟਾਫ ਨਰਸ ਨੇ ਆਪੇ ਦੱਸਣਾ ਸ਼ੁਰੂ ਕਰ ਦਿੱਤਾ ਸੀ ਕਿ ਚੱਠਾ ਸਾਹਿਬ ਡਿਗ ਕੇ ਬੇਹੋਸ਼ੀ ਦੀ ਹਾਲਤ ਵਿਚ ਲਿਆਂਦੇ ਗਏ ਸਨ। ਇੰਟੈਂਸਿਵ ਕੇਅਰ ਵਿਚ ਨੇ। ਕਿਸੇ ਵੀ ਪਲ ਕੁੱਝ ਵੀ ਹੋ ਸਕਦਾ ਸੀ।

"ਉਨ੍ਹਾਂ ਦੀ ਬੇਟੀ ਨੂੰ ਸੱਦੀਏ?"

"ਹਾਂ, ਇਕ ਦਮ, ਬਿਨਾਂ ਕਿਸੇ ਦੇਰੀ ਦੇ, ਜੇ ਠੀਕ ਸਮਝੋ ਤਾਂ ਆਪਣੇ ਪਾਦਰੀ ਨੂੰ ਵੀ।" ਨਰਸ ਇਕੋ ਸਾਹੇ ਸਭ ਕੁਝ ਆਖ ਗਈ ਸੀ। ਉਹਦੇ ਬੋਲਾਂ ਵਿਚ ਬਹੁਤ ਕੁਝ ਅਣਕਿਹਾ ਵੀ ਸ਼ਾਮਿਲ ਸੀ।

ਸਰਦਾਰ ਕਰਤਾਰ ਸਿੰਘ ਚੱਠਾ ਹੋਰਾਂ ਦੀ ਇਕਲੌਤੀ ਬੇਟੀ ਕਮਲਜੀਤ ਨੇ ਉਨ੍ਹਾਂ ਦੀ ਸੇਵਾ ਸੰਭਾਲ ਵਿਚ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਜਿਸ ਦਿਨ ਤੋਂ ਹਸਪਤਾਲ ਵਿਚ ਦਾਖਲ ਹੋਏ ਸਨ, ਉਹ ਹਰ ਘੜੀ, ਉਨ੍ਹਾਂ ਦੇ ਪਰਛਾਂਵੇਂ ਵਾਂਗ ਅੰਗ ਸੰਗ ਸੀ। ਪੇਸ਼ੇ ਵਜੋਂ, ਉਹ ਖੁਦ ਨਰਸ ਸੀ। ਨਰਸ ਧੀ ਤੋਂ ਵੱਧ ਆਪਣੇ ਪਿਤਾ ਦੀ ਤੀਮਾਰਦਾਰੀ ਹੋਰ ਕੌਣ ਕਰ ਸਕਦਾ ਹੈ ਭਲਾ। ਚੱਠਾ ਸਾਹਿਬ ਆਪਣੀ ਧੀ ਦੇ ਸਮੁੱਪਿਤ ਸੇਵਾ-ਭਾਵ ਤੋਂ ਬੜੇ ਸੰਤੁਸ਼ਟ ਸਨ। ਜਦ ਕਦੇ ਵੀ ਉਸ ਵਲ ਵਿੰਹਦੇ, ਉਨ੍ਹਾਂ ਦੀਆਂ ਅੱਖਾਂ ਤਸੱਲੀ ਤੇ ਡੂੰਘੇ ਸ਼ੁਕ੍ਰਾਨੇ ਦੇ ਭਾਵਾਂ ਨਾਲ ਤਰ-ਬ-ਤਰ ਹੁੰਦੀਆਂ ਸਨ।

ਕਈ ਰਾਤਾਂ ਦੀ ਖੜ੍ਹੇ-ਪੈਰ ਸੇਵਾ ਦੀ ਥਕਾਵਟ। ਅੱਖਾ ਵਿਚ ਕਈ ਰਾਤ ਜਾਗਿਆਂ ਦੀ ਰੜਕ। ਉਹਨੂੰ ਨ੍ਹਾਉਣ ਧੋਣ ਦੀ ਤਾਂ ਕੋਈ ਸੁਧ ਬੁਧ ਹੀ ਨਹੀਂ ਸੀ ਰਹੀ।

ਅੱਜ ਸਵੇਰੇ ਉਹਦੇ ਭਾਪਾ ਜੀ ਦੀ ਹਾਲਤ ਆਮ ਨਾਲੋਂ ਕਾਫੀ ਸਥਿਰ ਸੀ। ਸਾਹ ਟਿਕਵਾਂ ਸੀ ਤੇ ਉਹ ਡੂੰਘੀ ਨੀਂਦ ਵਿਚ ਸੁੱਤੇ ਪਏ ਸਨ।

"ਸੁਰਿੰਦਰ, ਤੁਸੀਂ ਘੰਟੇ ਕੁ ਲਈ ਹਸਪਤਾਲ ਆ ਜਾਇਓ। ਮੈਂ ਜ਼ਰਾ ਘਰ ਗੇੜਾ ਮਾਰ ਆਵਾਂਗੀ। ਭਾਪਾ ਜੀ ਅੱਜ ਕਾਫੀ ਠੀਕ ਲਗਦੇ ਨੇ।"

"ਤੂੰ ਹੁਣੇ ਤੁਰ ਪਾ, ਮੈਂ ਕੁੰਦਨ ਨੂੰ ਨਾਲ ਲੈ ਕੇ ਆਉਨਾਂ। ਜ਼ਰਾ ਵਾਸ਼-ਰੂਮ ਗਿਆ।"

ਤੇ ਇਸ ਤਰ੍ਹਾਂ ਆਉਣ ਜਾਣ ਵਿਚ ਪੰਜ ਦਸ ਮਿੰਟ ਦੇ ਵਕਫੇ ਲਈ ਹੀ ਚੱਠਾ ਸਾਹਿਬ ਹਸਪਤਾਲ ਵਿਚ ਇਕੱਲੇ ਰਹੇ ਸਨ ਤੇ ਉੱਪਰੋਂ ਆਹ

ਭਾਣਾ ਵਾਪਰ ਗਿਆ ਸੀ।

ਕਮਲਦੀਪ ਨੇ ਘਰ ਆ ਕੇ ਕਾਹਲੀ ਕਾਹਲੀ ਪਿੰਡੇ ਪਾਣੀ ਪਾਇਆ। ਕੱਪੜੇ ਬਦਲੇ। ਬੱਚੇ ਸਕੂਲ ਗਏ ਹੋਏ ਸਨ। ਪਤਾ ਨਹੀਂ ਕਈ ਦਿਨਾਂ ਤੋਂ ਚੱਜ ਹਾਲ ਨਾਲ ਕੁੱਝ ਖਾਧਾ ਵੀ ਹੋਏ ਕਿ ਨਾ। ਥੋੜ੍ਹੀ ਜੇਹੀ ਸਬਜ਼ੀ ਹੀ ਕਿਉਂ ਨਾ ਬਣਾ ਜਾਵਾਂ। ਗੋਭੀ ਚੀਰਨ ਲਈ ਉਸਨੇ ਚਾਕੂ ਹਾਲੇ ਚੁੱਕਿਆ ਹੀ ਸੀ ਕਿ ਟੈਲੀਫੋਨ ਦੀ ਘੰਟੀ ਖੜਕੀ।

"ਹੈਲੋ"

"ਹੈਲੋ, ਕਮਲਦੀਪ, ਜ਼ਰਾ ਭਾਪਾ ਜੀ ਦੀ ਹਾਲਤ ਠੀਕ ਨਹੀਂ, ਹੁਣੇ ਆ ਜਾ।"

ਸੱਭ ਕੁੱਝ ਵਿਚੇ ਛੱਡ ਕੇ ਉਹ ਹਸਪਤਾਲ ਪਹੁੰਚ ਗਈ ਸੀ। ਬੂਹਾ ਵੀ ਸ਼ਾਇਦ ਠੀਕ ਤਰ੍ਹਾਂ ਭੀੜਿਆ ਗਿਆ ਹੋਵੇ ਕਿ ਨਾ। ਉਹਦਾ ਪਰਸ ਵੀ ਘਰੇ ਰਹਿ ਗਿਆ ਸੀ। ਹਸਪਤਾਲ ਦੇ ਨਾਲ ਦਾ ਚੌਰਾਹਾ ਸ਼ਾਇਦ ਉਹ ਲਾਲ ਬੱਤੀ ਜਗਦਿਆਂ ਹੀ ਪਾਰ ਕਰ ਗਈ ਸੀ। ਇੱਕੋ ਵਾਰ ਕਈ ਕਾਰਾਂ ਦੇ ਹਾਰਨ ਹੌਂਕੇ ਸਨ। ਪਰ ਉਹਨੂੰ ਕੁਝ ਸੁਣਨ ਦੀ ਸੁਧ-ਬੁਧ ਹੀ ਨਹੀਂ ਸੀ ਜਾਪਦੀ। ਹਸਪਤਾਲ ਦੀ ਇਮਾਰਤ ਤੋਂ ਬਿਨਾਂ ਉਹਨੂੰ ਕੁਝ ਦਿਸਦਾ ਹੀ ਨਹੀਂ ਸੀ ਤੇ ਉਹਦੇ ਕੰਨ ਸੁਰਿੰਦਰ ਦੇ ਇਨ੍ਹਾਂ ਬੋਲਾਂ ਨੇ ਹੀ ਪੂਰੀ ਤਰ੍ਹਾਂ ਮੱਲੇ ਹੋਏ ਸਨ।... ਭਾਪਾ ਜੀ ਦੀ ਹਾਲਤ ਠੀਕ ਨਹੀਂ, ਹੁਣੇ ਆ ਜਾ..।"

ਹਸਪਤਾਲ ਦੇ ਬਾਹਰਲੇ ਹਾਤੇ ਵਿਚ ਉਹਨੇ ਕਾਹਲੀ ਨਾਲ ਕਾਰ ਪਾਰਕ ਕੀਤੀ। ਬੂਹਾ ਵੜਦਿਆਂ ਹੀ, ਲਿਫਟ ਦਾ ਬਟਨ ਨੱਪਿਆ। ਬੂਹਾ ਖੁਲਦਿਆਂ ਹੀ ਉਹਨੇ ਅੱਠਵੀਂ ਮੰਜ਼ਿਲ ਦਾ ਬਟਨ ਦਬਾਇਆ। ਨਾਲ ਖੜ੍ਹੀ ਨਰਸ ਨੇ ਪੰਜਵੀਂ ਮੰਜ਼ਿਲ ਦਾ ਬਟਨ ਦਬਾ ਦਿੱਤਾ। ਉਹ ਉਸ ਵੱਲ ਘੂਰੀ। ਇਕ ਵਾਰ ਫਿਰ ਜ਼ੋਰ ਦੇ ਕੇ ਅੱਠਵੀਂ ਮੰਜ਼ਿਲ ਦਾ ਬਟਨ ਦਬਾਇਆ।

ਇਹ ਲਿਫਟ ਅੱਜ ਜੂੰ ਦੀ ਤੋਰੇ ਕਿਉਂ ਤੁਰ ਰਹੀ ਸੀ। ਮਸਾਂ ਮਸਾਂ ਕਰਕੇ ਅੱਠਵੀਂ ਮੰਜ਼ਿਲ ਆਈ ਸੀ।

ਬੂਹਾ ਖੁੱਲ੍ਹਣ ਸਾਰ ਹੀ ਉਹ ਧਾ ਕੇ ਬਾਹਿਰ ਨਿਕਲੀ ਤੇ ਅੱਧ ਵਿਚਕਾਰ ਹੀ ਉਹਨੂੰ ਇਕ ਜਾਣੀ-ਪਛਾਣੀ ਨਰਸ ਨੇ ਆਪਣੀ ਬੁੱਕਲ ਵਿਚ ਬੋਚ ਲਿਆ। ਬੜੀ ਨਰਮੀ ਨਾਲ ਪਰਚਾਉਣੀ ਕਰਦਿਆਂ ਉਸ ਕਿਹਾ ਸੀ, "ਕਮਲ ਸੰਭਲ ਜ਼ਰਾ। ਰੱਬ ਦਾ ਭਾਣਾ ਹੈ।"

"ਕੀ?"





ਕੀ ਉਹਦੇ ਆਉਣ ਤੋਂ ਪਹਿਲਾਂ ਹੀ ਭਾਣਾ ਵਰਤ ਗਿਆ ਸੀ? ਉਹ ਤਾਂ ਬੀਤਿਆ ਸਾਰਾ ਹਫਤਾ ਹੀ ਪੁਰਸਲਾਤ ਤੇ ਬੜਾ ਸੰਭਲ ਸੰਭਲ ਕੇ ਤੁਰੀ ਸੀ। ਬੱਸ ਥੋੜ੍ਹਾ ਜੇਹਾ ਹੀ ਅਵੇਸਲਾਪਣ। ਤੇ ਇਸ ਨਿੱਕੇ ਜੇਹੇ ਵਕਫੇ ਵਿਚ ਹੀ ਸੱਭ ਕੁੱਝ ਭਸਨਾ-ਭੁਸ ਹੋ ਗਿਆ ਸੀ। ਡਉਰ ਭਉਰ ਹੋਈਆਂ ਉਸਦੀਆਂ ਅੱਖਾਂ ਸਾਹਮਣੇ ਭੰਬਰ ਤਾਰੇ ਨੱਚ ਰਹੇ ਸਨ।

ਸੁਰਿੰਦਰ ਨੇ ਉਹਨੂੰ ਨਰਸ ਦੀ ਬੁੱਕਲ ਚੋਂ ਸੰਭਾਲਿਆ। ਮੋਢੇ ਦਾ ਸਹਾਰਾ ਦੇ ਕੇ ਮਸੀਂ ਉਹਨੂੰ ਵੇਟਿੰਗ ਰੂਮ ਵਿਚ ਲਿਆਂਦਾ। ਸੁਰਿੰਦਰ ਦੇ ਮੋਢੇ ਤੇ ਸਿਰ ਸੁੱਟੀ ਢੇਰੀ ਹੋਈ ਕਮਲ ਦੀ ਜਿਵੇਂ ਸਾਰੀ ਦੇਹ ਮਿੱਟੀ ਹੋ ਗਈ ਹੋਵੇ। ਉਹਦਾ ਰੋਣ ਥੰਮ੍ਹਿਆ ਨਹੀਂ ਸੀ ਜਾਂਦਾ। ਕੋਈ ਤਿਫਲ ਤਸੱਲੀ ਉਹਦੇ ਬੇਰੋਕ ਹੰਝੂਆਂ ਹਟਕੋਰਿਆਂ ਨੂੰ ਬੰਨ੍ਹ ਨਹੀਂ ਸੀ ਮਾਰ ਸਕੀ। ਸੁਰਿੰਦਰ ਮੋਢੇ ਲੱਗੀ ਕਮਲ ਦਾ ਸਿਰ ਪਲੋਸਦਾ ਰਿਹਾ। 'ਬੱਸ ਕਮਲ ਬੱਸ', ਇਸ ਤੋਂ ਅਗਾਂਹ ਉਹ ਆਪ ਕੁਝ ਨਹੀਂ ਸੀ ਕਹਿ ਸਕਿਆ। ਉਹਦਾ ਆਪਣਾ ਗਲਾ ਰੁੰਧ ਗਿਆ ਜਾਪਦਾ ਸੀ।

ਕੋਲ ਬੈਠੇ ਉਹਦੇ ਦੋਸਤ ਨੂੰ ਕੋਈ ਸ਼ਬਦ ਨਹੀਂ ਸਨ ਔੜ ਰਹੇ। ਸੰਘਣੇ ਸੋਗ ਨਾਲ ਧੁੰਦਲਾਏ ਮਹੌਲ ਵਿਚ ਉਹ ਆਪਣੇ ਥਾਂ ਪੱਥਰ ਦਾ ਬੁੱਤ ਬਣਿਆਂ ਬੈਠਾ ਸੀ।

ਕਾਫੀ ਦੇਰ ਬਾਅਦ, ਹੰਝੂਆਂ ਦੇ ਸਿਲਸਿਲੇ ਵਿਚ ਰਤਾ ਮਾਸਾ ਢਿੱਲ ਪੈਣ ਮਗਰੋਂ ਕਮਲ ਜ਼ਰਾ ਸੰਭਲੀ।

"ਮੈਂ ਗਈ ਹੀ ਕਿਉਂ ਘਰ? ਅੱਗੇ ਏਨੇ ਦਿਨ ਨਹੀਂ ਸੀ ਗਈ ਤਾਂ ਸਰਦਾ ਹੀ ਪਿਆ ਸੀ।" ਅੰਤਿਮ ਘੜੀ ਵੇਲੇ ਦੀ ਗੈਰ ਹਾਜ਼ਰੀ ਉਹਦੇ ਦਿਲ ਨੂੰ ਸੱਲ੍ਹ ਰਹੀ ਸੀ। "ਪਤਾ ਨਹੀਂ ਕੀ ਹੋਵੇ ਉਸ ਵੇਲੇ ਹਾਲਤ ਭਾਪਾ ਜੀ ਦੀ। ਸ਼ਾਇਦ ਉਹਨਾਂ ਮੈਨੂੰ ਕੁਝ ਕਹਿਣਾ ਹੀ ਹੋਵੇ। ਉਨ੍ਹਾਂ ਵਾਜਾਂ ਜ਼ਰੂਰ ਮਾਰੀਆਂ ਹੋਣੀਆਂ ਨੇ। ਤੇ ਅਖੀਰ ਵੇਲੇ ਮੈਂ ਹੁੰਘਾਰਾ ਦੇਣ ਲਈ ਵੀ ਹਾਜ਼ਿਰ ਨਹੀਂ ਸਾਂ।" ਕਮਲ ਦੇ ਹੰਝੂਆਂ ਦੀ ਧਾਰਾ ਫੇਰ ਵੱਗ ਪਈ ਸੀ।

"ਨਾ ਕਮਲ, ਏਹ ਦੁੱਖ ਨਾ ਤੂੰ ਲਾ ਆਪਣੇ ਦਿਲ ਨੂੰ। ਉਹਨਾਂ ਦੀ ਸੰਭਾਲ ਵਿਚ ਤੂੰ ਕੋਈ ਕਸਰ ਨਹੀਂ ਛੱਡੀ। ਕੰਮ ਦੀ ਤੂੰ ਕੋਈ ਪਰਵਾਹ ਨਹੀਂ ਕੀਤੀ। ਰੀਫ੍ਰੈਸ਼ਰ ਕੋਰਸ ਤੂੰ ਅੱਧ-ਵਿਚਾਲੇ ਛੱਡ ਦਿੱਤਾ। ਤੇ ਅੰਤਿਮ ਘੜੀ ਦਾ ਕਿਹਨੂੰ ਅਨੁਮਾਨ ਹੁੰਦਾ ਹੈ? ਸ਼ਾਇਦ ਵਲੀਆਂ, ਅਉਲੀਆਂ ਨੂੰ ਵੀ ਨਹੀਂ। ਤੈਨੂੰ ਪਤਾ ਹੁੰਦਾ ਤੂੰ ਕਿਤੇ ਘਰ ਜਾਂਦੀ! ਮੌਤ ਦੀ ਘੜੀ

ਦਾ ਕੋਈ ਪਤਾ ਹੀ ਤਾਂ ਨਹੀਂ ਹੁੰਦਾ। ਨਾਲੇ ਤੇਰੇ ਜਾਣ ਵੇਲੇ ਤਾਂ ਉਹ ਠੀਕ ਠਾਕ ਸਨ। ਕਿਸੇ ਨੂੰ ਕੀ ਪਤਾ ਸੀ ਕਿ ਮਗਰੋਂ ਆਹ ਭਾਣਾ ਵਰਤ ਜਾਣਾ ਹੈ।" ਕੁੰਦਨ ਨੇ ਆਪਣੇ ਵਲੋਂ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

ਕੁੰਦਨ ਦੇ ਬੋਲਾਂ ਦੀ ਤਾਸੀਰ ਕੁਝ ਕੂਲੇ ਫੈਹਿਆਂ ਵਾਂਗ ਠੰਢ ਪਾਉਣ ਵਾਲੀ ਸੀ ਤੇ ਉਹ ਉਸਨੇ ਉਚਾਰੇ ਹੀ ਦਿਲ ਦੇ ਕੁਝ ਉਸ ਡੂੰਘੇ ਤਲ ਚੋਂ ਸਨ, ਜਿਥੋਂ ਆਏ ਬੋਲ ਬੇਅਸਰ ਨਹੀਂ ਹੁੰਦੇ। ਕਮਲ ਦੀ ਕੁਝ ਢਾਰਸ ਬੱਝੀ ਤੇ ਉਹ ਕਿੰਨੀ ਦੇਰ ਆਪਣੇ ਪਿਤਾ ਦੇ ਹਸਪਤਾਲ ਵਿਚ ਬਿਤਾਏ ਅੰਤਿਮ ਦਿਨਾਂ ਬਾਰੇ ਬਾਲੜੀਆਂ ਵਾਂਗ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਰਹੀ।

"ਉਦਾਂ ਭਾਪਾ ਜੀ ਪਿਛਲੇ ਦਿਨੀਂ ਸੀਗੇ ਪੂਰੀ ਤਸੱਲੀ ਵਿਚ। ਉਨ੍ਹਾਂ ਦੇ ਮਨ ਵਿਚ ਝੋਰਾ ਕੋਈ ਨਹੀਂ ਸੀ। ਪਰਸੋਂ ਮੇਰੇ ਹੱਥ ਪਲੋਸਦੇ ਕਹਿਣ ਲੱਗੇ – "ਤੂੰ ਤਾਂ ਮੇਰਾ ਪੁੱਤ ਹੋ ਕਮਲ, ਸਰਵਣ ਪੁੱਤ। ਜਿੱਦਾਂ ਤੂੰ ਮੇਰੀ ਵਹਿੰਗੀ ਢੋਈ ਆ, ਸਰਵਣ ਨੇ ਵੀ ਕੀ ਢੋਈ ਹੋਣੀ ਆਂ।"

ਇਹ ਕਹਿੰਦੇ ਹੀ ਉਹ ਅਚਾਨਕ ਉਦਾਸ ਹੋ ਗਏ ਸਨ। ਕਹਿੰਦੇ,
"ਓਦਾਂ ਰੱਬ ਹੁਣ ਚੱਕ ਹੀ ਲਏ ਤਾਂ ਚੰਗਾ। ਧੀ ਦਾ ਘਰ ਫੇਰ ਵੀ ਧੀ ਦਾ ਹੀ ਘਰ ਹੁੰਦਾ ਹੈ।"

ਕਮਲ ਇਹ ਕਹਿੰਦੀ ਆਪ ਬੜੀ ਉਦਾਸ ਹੋ ਗਈ ਸੀ। ਉਹਨੇ ਤਾਂ ਆਪਣੇ ਵਲੋਂ ਆਪਣੇ ਮਾਪਿਆਂ ਦਾ ਪੁੱਤ ਬਣਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਉਹ ਔਰਤ ਸੀ, ਤਾਂ ਇਸ ਵਿਚ ਉਹਦਾ ਕੀ ਦੋਸ਼?

"ਇਹ ਤਾਂ ਕਮਲ ਐਵੇਂ ਵਾਧੂ ਦੇ ਫਰਕ ਨੇ। ਕੀ ਫਰਕ ਰਹਿ ਗਿਆ ਅੱਜ ਕੱਲ ਧੀਆਂ ਪੁੱਤਰਾਂ ਵਿਚ। ਔਲਾਦ ਔਲਾਦ ਹੀ ਹੁੰਦੀ ਹੈ। ਧੀ ਹੋਵੇ ਜਾਂ ਪੁੱਤ – ਬੱਸ ਨੇਕ ਹੋਵੇ। ਪੁੱਤ ਕਿਹੜੇ ਕਪੁੱਤ ਨਹੀਂ ਹੁੰਦੇ ...।"

"ਪਰ ਨਹੀਂ ਭਾਅ ਜੀ, ਜਿਸ ਦਿਨ ਦੇ ਨਸੀਬ ਸਿੰਘ ਭਾਅ ਜੀ ਇੰਡੀਆ ਤੋਂ ਆਏ ਹਨ, ਭਾਪਾ ਜੀ ਕੁੱਝ ਇਹੋ ਜਿਹੀਆਂ ਗੱਲਾਂ ਵਧੇਰੇ ਹੀ ਕਰਨ ਲੱਗ ਪਏ ਸਨ। ਕਿਤੇ ਭਾਅ ਜੀ ਨੇ ਭਾਪਾ ਜੀ ਨੂੰ ਕੁਝ ਕਹਿ ਨਾ ਦਿੱਤਾ ਹੋਵੇ।"

"ਛੱਡ ਪਰੇ ਨਸੀਬ ਭਾਅ ਜੀ ਦੀ ਗੱਲ। ਉਹ ਕੋਈ ਸਾਥੋਂ ਗੁੱਝੇ ਨਹੀਂ, ਜਿਹੋ ਜਿਹੇ ਨੇ", ਸੁਰਿੰਦਰ ਨੂੰ ਸ਼ਾਇਦ ਆਪਣੇ ਵੱਡੇ ਭਾਈ ਦੇ ਵਿਵਹਾਰ 'ਤੇ ਆਪ ਕੋਈ ਡੂੰਘਾ ਗਿਲ੍ਹਾ ਸੀ। ਪਰ ਇਹ ਵੇਲਾ ਗਿਲ੍ਹਿਆਂ ਨੂੰ ਨੌਲਣ





ਗੌਲਣ ਦਾ ਨਹੀਂ ਸੀ। ਉਹਨੇ ਆਪਣੀ ਗੱਲ ਦਿਲ ਵਿਚ ਹੀ ਨੱਪੀ ਰੱਖਣੀ ਬੇਹਤਰ ਸਮਝੀ।

"ਨਸੀਬ ਸਿੰਘ ਨੇ ਕਿਹੜਾ ਸਾਡੇ ਕੋਲ ਡੇਰਾ ਲਾ ਰੱਖਣਾ। ਕੁਝ ਦਿਨਾਂ ਲਈ ਮਹਿਮਾਨ ਹੈ। ਆਪਾਂ ਕਿਸੇ ਨਾਲ ਬੋਲ–ਵਿਗਾੜ ਹੋ ਕੇ ਕੀ ਲੈਣਾ।"

"ਲੈਣਾ ਤਾਂ ਕੁਝ ਨਹੀਂ ਪਰ ਓਦਾਂ"

"ਛੱਡੋ ਪਰੇ ਇਹ ਗੱਲ। ਭੋਗ ਪਾਓ। ਆਪਾਂ ਭਾਪਾ ਜੀ ਦੀ ਦੇਹ ਸੰਭਾਲਣ ਦਾ ਕੁਝ ਕਰੀਏ। ਬੜੀ ਲੰਮੀ ਚੌੜੀ ਕਾਰਵਾਈ ਹੁੰਦੀ ਏ ਏਥੇ ਹਸਪਤਾਲਾਂ ਦੀ। ਆਪਾਂ ਪਤਾ ਕਰੀਏ।"

ਉਹ ਚਾਰੇ ਜਣੇ ਬਾਹਿਰ ਆਏ। ਕਮਲ ਨੇ ਸਟਾਫ ਨਰਸ ਨਾਲ ਚੱਠਾ ਸਾਹਿਬ ਦੀ ਡੈੱਡ ਬਾਡੀ ਬਾਰੇ ਗੱਲ ਛੇੜੀ।

"ਡੈੱਡ ਬਾਡੀ, ਹੂਜ਼ ਡੈੱਡ ਬਾਡੀ? ਮਿਸਟਰ ਚੱਠਾ ਇਜ਼ ਵੈਰੀ ਮੱਚ ਅਲਾਇਵ? ਹੀ ਇਜ਼ ਇਨ ਦਾ ਇੰਟੈਂਸਿਵ ਕੇਅਰ ਯੂਨਿਟ। ਦਾ ਡੌਕਟਰਜ਼ ਆਰ ਟੇਕਿੰਗ ਕੇਅਰ ਆਫ ਹਿਮ।"

ਹੈਂ। ਤੇ ਚੱਠਾ ਸਾਹਿਬ ਜ਼ਿੰਦਾ ਨੇ? ਤੇ ਫੇਰ ਓਸ ਨਰਸ ਨੇ 'ਭਾਣਾ ਮੰਨਣ' ਦੀ ਗੱਲ ਕੀਤੀ ਸੀ। ਇਹੋ ਜਿਹੀਆਂ ਗੱਲਾਂ ਤਾਂ ਹਸਪਤਾਲ ਦੀਆਂ ਨਰਸਾਂ ਤਾਂ ਕਿਸੇ ਦੇ ਟੁਰ ਜਾਣ ਤੇ ਕਰਦੀਆਂ ਹੁੰਦੀਆਂ ਨੇ। ਕਮਲ ਖੁਦ ਨਰਸ ਸੀ! ਸ਼ਾਇਦ ਉਹਨੂੰ ਕਹਿਣ ਜਾਂ ਕਮਲ ਨੂੰ ਸੁਣਨ ਸਮਝਣ ਵਿਚ ਕੋਈ ਟਪਲਾ ਲੱਗਾ ਹੋਵੇ। ਪਰ ਕਿੰਨਾ ਫਰਕ ਹੈ ਇਸ ਟਪਲੇ ਦੇ ਲੱਗਣ ਨਾ ਲੱਗਣ ਵਿਚ। ਜ਼ਿੰਦਗੀ ਤੇ ਮੌਤ ਜਿੰਨਾ ਫਰਕ।

ਸਟਾਫ ਨਰਸ ਨੇ ਉਹਨਾਂ ਨੂੰ ਦੱਸਿਆ ਸੀ ਕਿ ਡਿੱਗਣ ਸਾਰ ਮਿਸਟਰ ਚੱਠਾ ਦੇ ਸਾਹ ਤੇ ਹਿਰਦੇ ਦੀ ਗਤੀ ਜ਼ਰੂਰ ਬੰਦ ਹੋ ਗਈ ਸੀ। ਪਰ ਉਹਨਾਂ ਨੂੰ ਵੇਲੇ ਸਿਰ ਇੰਟੈਂਸਿਵ ਕੇਅਰ ਯੂਨਿਟ ਵਿਚ ਲਿਆ ਕੇ, ਡਾਕਟਰਾਂ ਨੇ ਉਨ੍ਹਾਂ ਦਾ ਸਾਹ ਮੁੜ ਚਾਲੂ ਕਰ ਲਿਆ ਸੀ। ਉਹ ਹੁਣ ਲਾਈਫ ਸਪੋਰਟ ਤੇ ਨੇ!

ਅੱਛਾ! ਤੇ ਭਾਪਾ ਜੀ ਹਾਲੇ ਜੀਉਂਦੇ ਨੇ!

ਪੁਲ–ਇ–ਸਰਾਤ ਤੋਂ ਉਨ੍ਹਾਂ ਦੀ ਰੂਹ ਮੁੜ ਜੀਵਨ–ਖੇਤਰ ਵਿਚ ਪਰਤ ਆਈ ਏ। ਕਮਲ ਦੇ ਮਨ ਤੋਂ ਮਣਾਂ ਮੂੰਹੀ ਭਾਰ ਲਹਿ ਗਿਆ ਸੀ। ਅੰਤਿਮ ਸੁਆਸਾਂ ਵੇਲੇ ਉਹ ਉਨ੍ਹਾਂ ਦੀ ਹਜ਼ੂਰੀ ਚੋਂ ਗੈਰ–ਹਾਜ਼ਿਰ ਹੋਣ ਦੇ ਗੁਨਾਹ ਤੋਂ ਬਚ ਰਹੀ ਸੀ। ਉਹ ਆਤਮ–ਤ੍ਰਿਸਕਾਰ ਦੀ ਨਰਕ–ਅਗਨੀ ਵਿਚ ਡਿਗਣੋਂ ਬਚ ਗਈ ਸੀ। ਕਿਸੇ ਅਦਿੱਖ ਹੱਥ ਨੇ ਉਹਨੂੰ

ਅੱਗ ਦੇ ਭਾਂਬੜਾਂ ਵਿਚ ਡਿੱਗਣ ਤੋਂ ਬਚਾ ਲਿਆ ਸੀ। ਉਹਦੇ ਹੱਥ ਕਿਸੇ ਅਕਹਿ ਸ਼ੁਕ੍ਰਾਨੇ ਵਿਚ ਜੁੜ ਪਏ ਸਨ ਤੇ ਨੈਣ ਅਰਦਾਸ ਵਿਚ ਮੀਟੇ ਗਏ।

"ਇੰਦਾਂ ਹੋ ਜਾਂਦਾ ਹੈ ਕਈ ਵਾਰ ਸੁਰਿੰਦਰ।" ਉਹ ਆਪਣੇ ਤਜ਼ਰਬੇ ਵਿਚੋਂ ਬੋਲ ਰਹੀ ਸੀ। ਜੇ ਸਾਹ ਬੰਦ ਹੋਣ ਤੋਂ ਤਿੰਨਾਂ ਚਹੁੰ ਮਿੰਟਾਂ ਅੰਦਰ ਦਿਮਾਗ ਨੂੰ ਔਕਸੀਜਨ ਮਿਲ ਜਾਏ ਤਾਂ ਬੰਦਾ ਮੁੜ ਸਾਹ ਲੈਣ ਲੱਗ ਪੈਂਦਾ ਹੈ। ਇਹ ਮੁਅਜੱਜ਼ਾ ਕਈ ਵਾਰ ਮੈਂ ਆਪਣੇ ਹਸਪਤਾਲ ਵਿਚ ਹੁੰਦਾ ਵੇਖਆ ਹੈ।"

"ਮਿਸਟਰ ਚੱਠਾ ਠੀਕ ਠਾਕ ਨੇ।" ਇੰਟਸੈਸਿਵ ਕੇਅਰ ਯੂਨਿਟ ਦੇ ਅੰਦਰੋਂ ਪਰਤੀ ਨਰਸ ਨੇ ਆਖਿਆ।

ਉਹ ਸੱਭ ਜਿਵੇਂ ਕਿਸੇ ਡੂੰਘੀ ਨੀਂਦ ਦੇ ਵਚਿੱਤਰ ਖਾਬ ਚ੍ਹੋ ਜਾਗੇ ਹੋਣ।

"ਤੁਸੀਂ ਕੱਲੇ ਕੱਲੇ ਜਾ ਕੇ ਵਾਰੋ ਵਾਰੋ ਉਨ੍ਹਾਂ ਨੂੰ ਥੋੜ੍ਹੇ ਥੋੜ੍ਹੇ ਸਮੇਂ ਲਈ ਵੇਖ ਕੇ ਆ ਸਕਦੇ ਹੋ! ਦੂਰੋਂ ਹੀ। ਕੋਲ ਨਹੀਂ ਜਾਣਾ, ਛੂਹਣਾ ਤਾਂ ਬਿਲਕੁਲ ਨਹੀਂ।"

ਉਹ ਵਾਰੋ ਵਾਰੀ ਅੰਦਰ ਗਏ। ਕਮਲਦੀਪ ਸਭ ਤੋਂ ਮਗਰੋਂ। ਉਹਨੂੰ ਆਪਣੇ ਆਪ ਵਿਚ ਆਉਣ ਲਈ ਕੁਝ ਸਮਾਂ ਚਾਹੀਦਾ ਸੀ।

ਅੰਦਰ ਜਾ ਕੇ ਉਸਨੇ ਆਪਣੇ ਧਰਮੀ ਬਾਬਲ ਦਾ ਮੂੰਹ ਦੇਖਿਆ। ਭਾਪਾ ਜੀ ਜਿਵੇਂ ਡੂੰਘੀ ਨੀਂਦ ਵਿਚ ਸੁੱਤੇ ਪਏ ਹੋਣ। ਸ਼ਾਇਦ ਦੁਆਈਆਂ ਦੇ ਅਸਰ ਕਰਕੇ। ਉਨ੍ਹਾਂ ਦਾ ਸਾਹ ਠੀਕ ਠਾਕ ਚੱਲ ਰਿਹਾ ਸੀ। ਛਾਤੀ ਦੇ ਉੱਠਦੇ ਲਹਿੰਦੇ ਉਭਾਰ, ਉਨ੍ਹਾਂ ਅੰਦਰ ਧੜਕ ਰਹੀ ਜੀਵਨ ਰੌਂ ਦੇ ਸੂਚਕ ਸਨ।

ਉਨ੍ਹਾਂ ਦਾ ਸਰੀਰ ਕਈ ਤਰ੍ਹਾਂ ਦੀਆਂ ਨਲਪੀਆਂ ਤੇ ਤਾਰਾਂ ਨਾਲ ਵਿੰਨਿਆ ਪਿਆ ਸੀ। ਕਦੇ ਕਦੇ ਉਹਨਾਂ ਦੇ ਚੇਹਰੇ ਤੇ ਕਿਸੇ ਗਹਿਰੀ ਪੀੜ ਦੇ ਨਿਸ਼ਾਨ ਉੱਕਰੇ ਜਾਂਦੇ ਸਨ।

"ਇਹ ਇਕ ਵਾਰ ਫੇਰ ਆਮ ਵਾਂਗ ਠੀਕ ਠਾਕ ਹੋ ਜਾਣਗੇ", ਡਾਕਟਰ ਨੇ ਉਹਦੇ ਮੋਢੇ ਤੇ ਤਸੱਲੀ ਭਰਿਆ ਹੱਥ ਰੱਖਦਿਆਂ ਕਿਹਾ।

"ਥੈਂਕ ਯੂ ਡਾਕਟਰ, ਰੀਅਲੀ ਥੈਂਕ ਯੂ ਵੈਰੀ ਮੱਚ।"

ਚਲੋ ਸ਼ਾਇਦ ਠੀਕ ਠਾਕ ਇਹ ਨਾ ਵੀ ਹੋਣ। ਉਹਦੇ ਧੁਰ ਅੰਦਰੋਂ ਕੋਈ ਆਵਾਜ਼ ਆਈ।

– ਤਾਂ ਵੀ ਕੋਈ ਨਹੀਂ। ਇਕ ਦਿਨ ਤਾਂ ਆਖਰ ਸੱਭ ਨੇ ਇਹ ਭਰਿਆ





ਮੇਲਾ ਛੱਡਕੇ ਜਾਣਾ ਹੀ ਹੈ।

ਪੁਰਸਲਾਤ ਤੋਂ ਹੇਠ ਡਿਗਣੋ ਤਾਂ ਬਚਾ ਹੋਇਆ। ਨਹੀ ਸਗੋਂ ਪੁਰਸਲਾਤ ਤੋਂ ਹੇਠ ਬਲਦੀ ਅੱਗ ਦਾ ਅਸਿਹ ਸੇਕ ਤਾਂ ਉਹਨੇ ਬੀਤੇ ਪਲਾਂ ਵਿਚ ਹੀ ਜਰ ਲਿਆ ਸੀ। ਉਹਨੇ ਆਪਣੇ ਪਿਤਾ ਦੀ ਮੌਤ ਦੇ ਸੋਗ ਦਾ ਕਹਿਰ ਆਪਣੇ ਤਨ ਮਨ ਦੀਆਂ ਸਭਨਾਂ ਤੈਹਾਂ ਤੇ ਪੂਰੀ ਸ਼ਿੱਦਤ ਨਾਲ ਹੰਢਾ ਲਿਆ ਸੀ – ਜਿਵੇਂ ਮੌਤ ਨੂੰ ਉਹਨੇ ਆਪਣੇ ਹੱਥਾਂ ਨਾਲ ਛੂਹ ਕੇ ਦੇਖ ਲਿਆ ਹੋਵੇ। ਹੁਣ ਉਹਨੂੰ ਮੌਤ ਤੋਂ ਡਰ ਨਹੀਂ ਸੀ ਲੱਗਦਾ; ਅਸਲੋਂ ਹੀ ਨਹੀਂ।

ਉਹ ਕਮਰੇ ਚੋਂ ਬਾਹਰ ਆਈ ਤਾਂ ਪੂਰੀ ਤਰ੍ਹਾਂ ਸ਼ਾਂਤ ਸੀ। ਜਿਵੇਂ ਭਰਕੇ ਮੀਂਹ ਵਰਨ ਮਗਰੋਂ ਹੋਏ ਨਿਰਮਲ ਨੀਲਾ ਅਕਾਸ਼।

"ਚੰਗਾ ਤੁਸੀਂ ਜਾਓ ਸੁਰਿੰਦਰ, ਬੱਚੇ ਦੁਪਹਿਰ ਦਾ ਖਾਣਾ ਖਾਣ ਆਉਣ ਵਾਲੇ ਹੋਣੇ ਨੇ। ਮਗਰੋਂ ਤੁਸੀਂ ਕੰਮ ਤੇ ਵੀ ਜਾਣਾ ਹੋਊ।"

"ਮੈਂ ਛੁੱਟੀ ਲੈ ਲੈਨਾਂ।"

"ਨਹੀਂ, ਤੁਸੀਂ ਨਿਆਣਿਆਂ ਦਾ ਖਿਆਲ ਰੱਖਿਓ। ਸਵੇਰੇ ਫੇਰਾ ਮਾਰ ਜਾਇਓ। ਮੇਰੇ ਨ੍ਹਾਉਣ ਧੋਣ ਦੀਆਂ ਚੀਜ਼ਾਂ ਲੈ ਆਇਓ।"

ਅਗਲੇ ਕੁਝ ਦਿਨਾਂ ਵਿਚ ਚੱਠਾ ਸਾਹਿਬ ਸੱਚਮੁੱਚ ਹੀ ਠੀਕ ਠਾਕ ਹੋ ਗਏ ਸਨ।

ਪਰਭਾਤ ਦਾ ਵੇਲਾ। ਕਮਲਦੀਪ ਆਪਣੇ ਪਿਤਾ ਦਾ ਹੱਥ ਆਪਣੇ ਹੱਥ ਵਿਚ ਫੜੀ ਉਹਨਾਂ ਦੇ ਚੇਹਰੇ ਨੂੰ ਬੜੇ ਧਿਆਨ ਨਾਲ ਨਿਹਾਰ ਰਹੀ ਸੀ। ਉਹਨਾਂ ਅਚਾਨਕ ਅੱਖਾਂ ਖੋਲ੍ਹੀਆਂ।

"ਕੀ ਹੋਇਆ ਭਾਪਾ ਜੀ, ਤੁਹਾਨੂੰ ਕੁਛ ਯਾਦ ਆਉਂਦਾ?"

ਕਮਲਦੀਪ ਨੂੰ ਆਸ ਸੀ ਕਿ ਸ਼ਾਇਦ ਉਹਦਾ ਪਿਤਾ ਉਹਨੂੰ ਅਣਦੇਖੇ ਦੇਸ ਦੀ ਕੋਈ ਗੱਲ ਸੁਣਾਏਗਾ।

"ਕੁਛ ਨੀ ਹੋਇਆ! ਮੈਂ ਵਾਸ਼ਰੂਮ ਵਿਚ ਗਿਆ ਸੀ। ਫੇਰ ਪਤਾ ਨਹੀਂ ਕਦ ਨੀਂਦ ਆ ਗਈ। ਬੜੀ ਨੀਂਦ ਆਈ।"

ਉਹਨਾਂ ਆਲੇ ਦੁਆਲੇ ਨਜ਼ਰ ਮਾਰੀ। ਉਹਨਾਂ ਨੂੰ ਕਈ ਦਿਨਾਂ ਤੋਂ ਆਪਣੇ ਹਸਪਤਾਲ ਹੋਣ ਦਾ ਚੇਤਾ ਆਇਆ।

"ਤੂੰ ਘਰ ਨਹੀਂ ਗਈ, ਕਮਲਦੀਪ, ਏਨੇ ਦਿਨਾਂ ਦੀ ਏਥੇ ਹੀ ਏਂ।"

"ਗਈ ਸਾਂ ਭਾਪਾ ਜੀ, ਇਕ ਦਿਨ ਤੁਸੀਂ ਸੁੱਤੇ ਹੋਏ ਸੋ। ਹੁਣ ਆਪਾਂ ਕੱਠੇ ਹੀ ਚਲਾਂਗੇ ਘਰ।"

ਦੋ ਤਿੰਨ ਦਿਨਾਂ ਬਾਅਦ ਉਹ ਸੱਚੀ ਹੀ ਘਰ ਪਰਤ ਆਏ ਸਨ। ਚੱਠਾ ਸਾਹਿਬ ਉਂਝ ਤਾਂ ਠੀਕ ਠਾਕ ਸਨ ਪਰ ਲੰਮੀ ਬੀਮਾਰੀ ਤੇ ਬਿਰਧ ਅਵਸਥਾ ਕਾਰਨ ਉਨ੍ਹਾਂ ਦਾ ਸਰੀਰ ਬੜਾ ਨਿਢਾਲ ਹੋ ਗਿਆ ਸੀ। ਸਹਾਰੇ ਨਾਲ ਹੀ ਵਾਸ਼ਰੂਮ ਵਿਚ ਆ ਜਾ ਸਕਦੇ ਸਨ।

ਕਈ ਵਾਰੀ ਸੁੱਤ-ਉਣੀਂਦੇ ਜੇਹੇ ਵਿਚ ਹੀ ਬੁੜਾਉਂਦੇ! "ਮੈਨੂੰ ਪਿੰਡ ਭੇਜ ਦੇ ਕਮਲ, ਮੈਂ ਆਪਣੇ ਬਸੀਮੇ ਵਾਲੇ ਖੇਤਾਂ ਵਿਚ ਸੰਧੂਰੀ ਅੰਬਾਂ ਦਾ ਬਾਗ ਲਾਉਣਾ।"

ਉਨ੍ਹਾਂ ਦੀ ਸੁਰਤਿਆ ਪਿੰਡ ਵਿਚ ਹੀ ਸੀ।

ਪਿਛਲੇਰੇ ਸਾਲ ਬੜੀ ਨਿਤਾਣੀ ਅਵਸਥਾ ਵਿਚ, ਉਹ ਆਪਣੇ ਪਿਤਾ ਨੂੰ ਏਥੇ ਆਪਣੇ ਕੋਲ ਲਿਆਈ ਸੀ। ਪਰ ਸਾਰਾ ਦਿਨ ਘਰੇ ਬੈਠਿਆਂ ਦਾ ਉਨ੍ਹਾਂ ਦਾ ਚਿੱਤ ਨਹੀਂ ਸੀ ਲੱਗਦਾ। ਵੱਡੇ ਕੰਮ ਤੇ ਚਲੇ ਜਾਂਦੇ ਸਨ ਤੇ ਬੱਚੇ ਸਕੂਲ।

ਇਕ ਦਿਨ ਉਨ੍ਹਾਂ ਨੇ ਬੱਚਿਆਂ ਵਾਂਗ ਹੀ ਰਿਹਾੜ ਸ਼ੁਰੂ ਕਰ ਦਿੱਤਾ ਸੀ। ਕਿਸੇ ਦੀ ਸੁਣਦੇ ਹੀ ਨਹੀਂ ਸਨ। ਬੱਸ ਇੱਕੋ ਗੱਲ ਮੈਨੂੰ ਪਿੰਡ ਛੱਡ ਕੇ ਆਓ। ਮੈਂ ਆਪਣੀ ਮਿੱਟੀ ਪਰਦੇਸੀਂ ਨਹੀਂ ਰੁਲਣ ਦੇਣੀ।

ਬੇਵੱਸ, ਕਮਲਦੀਪ ਵਾਪਸੀ ਟਿਕਟ ਲੈ ਕੇ ਉਹਨਾਂ ਨੂੰ ਦੇਸ ਲੈ ਵੀ ਗਈ ਸੀ। ਗਰਮੀਆਂ ਦੇ ਦਿਨ। ਸ਼ਹਿਰੋਂ ਦੂਰ ਪਿੰਡ। ਲੋੜ ਪੈਣ ਤੇ ਡਾਕਟਰੀ ਸੇਵਾਵਾਂ ਦੁਰਲੱਭ। ਉਹ ਉੱਥੇ ਵੀ ਛੇਤੀ ਹੀ ਅਕੱਲਕਾਂਦ ਹੋ ਗਏ ਸਨ। ਅੰਤਾਂ ਦੀ ਗਰਮੀ ਵਿਚ, ਬੀਮਾਰੀ ਠੁਮਾਰੀ ਵੇਲੇ, ਉਹਨਾਂ ਤੋਂ ਆਪਣੀ ਇਕਲੌਤੀ ਧੀ ਦੀ ਭੱਜ-ਨੱਠ ਦਾ ਦੁੱਖ ਜਰਿਆ ਨਹੀਂ ਸੀ ਜਾਂਦਾ। ਕੱਲੀ-ਕਾਰੀ ਔਰਤ ਰਾਹਾਂ ਵਿਚ ਖੁਆਰ ਹੁੰਦੀ ਫਿਰਦੀ ਸੀ।

ਇਕ ਦਿਨ ਆਪੇ ਕਹਿੰਦੇ, "ਕਮਲਦੀਪ ਇਸ ਜ਼ਮੀਨ ਨੂੰ ਗਹਿਣੇ ਰੱਖ ਪਰੇ। ਮਗਰੋਂ ਆਪੇ ਵੇਚਦੀ ਰਹੀਂ। ਪਿੱਛੇ ਨਿਆਣੇ ਅੱਡ ਦੁਖੀ ਹੋਣੇ ਨੇ। ਅਸਾਂ ਨੀਂ ਟੱਬਰ ਰੋਲਣਾ। ਚਲੀਏ ਵਾਪਿਸ ਕਨੇਡੇ।"

ਅਖੇ ਅੰਨ੍ਹਾ ਕੀ ਲੋੜੇ ਦੋ ਅੱਖਾਂ! ਕਮਲਦੀਪ ਕੁਝ ਦਿਨਾਂ ਵਿਚ ਹੀ ਆਪਣੀ ਜੱਦੀ ਪੁਸ਼ਤੀ ਜਾਇਦਾਦ ਦਾ ਕੰਮ ਸਮੇਟ ਕੇ ਉਨ੍ਹਾਂ ਨੂੰ ਵਾਪਿਸ ਘਰ ਲੈ ਆਈ ਸੀ।

ਦੇਸੋਂ ਪਰਤਕੇ ਉਨ੍ਹਾਂ ਦਾ ਜੀ ਵੀ ਵਾਹਵਾ ਪਰਚ ਗਿਆ ਸੀ। ਸਵੇਰੇ ਉੱਠਦੇ ਕਾਫੀ ਲੰਮਾ ਸਮਾਂ ਅਖਬਾਰ ਪੜ੍ਹਦੇ ਰਹਿੰਦੇ। ਚਿੱਤ ਕਰਦਾ ਟੀ. ਵੀ. ਲਾ ਲੈਂਦੇ। ਬੱਚੇ ਸਕੂਲੋਂ ਆਉਂਦੇ, ਉਨ੍ਹਾਂ ਨੂੰ ਨੱਕੀ-ਪੂਰ ਦੀ ਖੇਡ





ਵਿਚ ਲਾਈ ਰੱਖਦੇ। ਪਿਛਵਾੜੇ, ਉਨ੍ਹਾਂ ਸਬਜ਼ੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕਹਿੰਦੇ, "ਖੇਤੀ ਭਾਵੇਂ ਥੋੜ੍ਹੀ ਹੀ ਹੋਵੇ, ਜੀਅ ਬੜਾ ਲਾਉਂਦੀ ਆ।"

ਇਨ੍ਹਾਂ ਦਿਨਾਂ ਵਿਚ ਹੀ ਸੁਰਿੰਦਰ ਦਾ ਬੜਾ ਭਾਈ ਨਸੀਬ ਸਿੰਘ ਏਥੇ ਆਇਆ ਸੀ। ਉਹ ਭਾਪਾ ਜੀ ਨਾਲ ਅੰਦਰੋਂ ਅੰਦਰੀ ਕੁਝ ਵੱਟਿਆ ਵੱਟਿਆ ਰਹਿੰਦਾ ਸੀ।

ਗੱਲ ਵਿਚੋਂ ਸ਼ਾਇਦ ਇਹ ਸੀ ਕਿ ਪਹਿਲਾਂ ਤਾਂ ਉਹਨਾਂ ਦੀ ਜ਼ਮੀਨ ਦੀ ਅੱਧ-ਭਾਉਲੀ ਦਾ ਹਿਸਾਬ ਉਸੇ ਕੋਲ ਸੀ। ਇਸ ਵਾਰ ਉਹ ਆਪਣੀ ਜ਼ਮੀਨ ਕਿਸੇ ਕੋਲ ਗਹਿਣੇ ਰੱਖ ਆਏ ਸਨ। ਉਹਨੂੰ ਅੰਦਰੇ ਅੰਦਰ ਇਸ ਗੱਲ ਦਾ ਬੜਾ ਹਿਰਖ ਸੀ ਪਰ ਬਾਭਰ ਕੇ ਉਹ ਗੱਲ ਨਹੀਂ ਸੀ ਕਰ ਸਕਦਾ।

ਘੁੱਟੇ ਵੱਟੇ ਮਹੌਲ ਵਿਚ ਭਾਪਾ ਜੀ ਦਾ ਮਨ ਬੜਾ ਉਚਾਟ ਰਹਿਣ ਲੱਗ ਪਿਆ ਸੀ। ਇਨ੍ਹੀ ਦਿਨੀਂ ਹੀ ਸਾਹ ਦੀ ਤਕਲੀਫ ਵਧਣ ਤੇ ਉਨ੍ਹਾਂ ਨੂੰ ਹਸਪਤਾਲ ਵਿਚ ਦਾਖਲ ਕਰਾਉਣਾ ਪੈ ਗਿਆ ਸੀ।

ਹਸਪਤਾਲੋਂ ਵਾਪਿਸ ਆ ਕੇ ਉਹ ਉੱਪਰੋਂ ਉੱਪਰੋਂ ਤਾਂ ਕੁਝ ਚੰਗੇ ਭਲੇ ਹੀ ਜਾਪਦੇ ਸਨ ਪਰ ਅੰਦਰੋਂ ਕਾਫੀ ਬੁਝੇ ਬੁਝੇ ਜੇਹੇ ਰਹਿਣ ਲੱਗ ਪਏ ਸਨ।

"ਮੈਂ ਨੀ ਏਥੇ ਰਹਿਣਾ, ਮੈਨੂੰ ਪਿੰਡ ਛੱਡ ਆਓ। ਭਾੜਾ ਮੈਂ ਆਪੇ ਦੇ ਦਊਂ ਉੱਥੋਂ ਜਾ ਕੇ।"

ਅਚਾਨਕ ਭਾਪਾ ਜੀ ਨੂੰ ਇਹ ਕੀ ਹੋ ਗਿਆ ਸੀ। ਕਮਲਦੀਪ ਹੈਰਾਨ, ਪਰੇਸ਼ਾਨ।

"ਭਾਪਾ ਜੀ ਪਿੰਡ ਵੀ ਆਪਾਂ ਜਾ ਕੇ ਵੇਖ ਆਏ ਹਾਂ। ਤੁਹਾਨੂੰ ਕੋਈ ਤਕਲੀਫ ਹੈ ਇਥੇ। ਕਿਸੇ ਨੇ ਕੁਝ ਕਿਹਾ ਤੁਹਾਨੂੰ।"

ਚੱਠਾ ਸਾਹਿਬ ਗੁੰਮ ਸੁੰਮ ਆਪਣੀ ਧੀ ਦੇ ਚੇਹਰੇ ਵੱਲ ਦੇਖਦੇ ਰਹੇ।

"ਕੋਈ ਭਾਰ ਹੈ ਤੁਹਾਡੇ ਦਿਲ ਤੇ। ਤੁਸੀਂ ਕੁਝ ਕਹਿਣਾ?"

ਉਨ੍ਹਾਂ ਦੇ ਲਹਿਜੇ ਵਿਚ ਤਲਖੀ ਸੀ ਜਿਵੇਂ ਇਹ ਕਹਿਣਾ ਚਾਹੁੰਦੇ ਹੋਣ ਕਿ ਜੋ ਜੀ ਆਇਆ ਕਰੂੰ। ਕਿਸੇ ਦੀ ਡਰੀ ਨੀ ਮਾਰੀ ਹੋਈ।

'ਕਹੋ' ਕਮਲਦੀਪ ਹਰ ਹਿਰਖ ਨੂੰ ਆਪਣੇ ਪੱਲੇ ਪੁਆਉਣ ਲਈ ਤਿਆਰ ਖੜ੍ਹੀ ਸੀ, ਪੂਰੀ ਹਲੀਮੀ ਨਾਲ।

"ਇਹ ਨਸੀਬ ਸਿੰਘ ਬੜਾ ਕੁੱਤਾ ਆਦਮੀ ਆ।"

ਚੱਠਾ ਸਾਹਿਬ ਦੀਆਂ ਅੱਖਾਂ ਗੁੱਸੇ ਨਾਲ ਲਾਲ ਬਿੰਬ ਹੋ ਗਈਆਂ ਸਨ ਤੇ ਦੇਹ ਚੋਂ ਕੱਚੀਆਂ ਤ੍ਰੇਲੀਆਂ ਛੁੱਟਣੀਆਂ ਸ਼ੁਰੂ ਹੋ ਗਈਆਂ ਸਨ।

"ਸਾਲਾ ਮੈਨੂੰ ਕਹਿੰਦਾ ਆਪਣੀ ਧੀ ਦੇ ਘਰ ਤੂੰ ਬੁੱਢੇ ਬਾਰੇ....

"ਓਹ ਮੈਂ ਕੋਈ ਮੁਲੰਗ ਆਂ। ਸਾਰੀ ਉਮਰ ਠਾਠ ਨਾਲ ਨੌਕਰੀ ਕੀਤੀ। ਸਾਹਿਬੇ ਜਾਇਦਾਦ। ਇਲਾਕੇ ਵਿਚ ਮੰਨੀ ਦੰਨੀ ਸਰਦਾਰੀ। ਕੋਈ ਵੈਲ ਨਹੀਂ....

ਸਾਲਾ ਧੀ ਦੇ ਘਰ ਦਾ ....

ਇਹ ਬੁਢੇਪਾ ਕਿਸ ਤੇ ਨੀ ਆਉਣਾ ...

ਨਸੀਬ ਸਿੰਘ ਕੰਜਰ ਤੇ ਨੀ .....?"

ਸਰਦਾਰ ਕਰਤਾਰ ਸਿੰਘ ਦੀ ਤਣੀ ਦੇਹ ਇਕ ਦਮ ਢਿੱਲੀ ਪੈ ਗਈ।

ਕਮਲਦੀਪ ਨੇ ਇਕ ਦਮ ਐਂਬੂਲੈਂਸ ਸੱਦੀ। ਹਸਪਤਾਲ ਟੈਲੀਫੋਨ ਕੀਤਾ। ਚੱਠਾ ਸਾਹਿਬ ਨੂੰ ਸਿੱਧਾ ਇੰਟੈਂਸਿਵ ਕੇਅਰਵਿਚ ਲਿਆਂਦਾ ਗਿਆ। ਉਨ੍ਹਾਂ ਦੀ ਨਬਜ਼ ਮੱਧਮ ਪੈਂਦੀ ਪੈਂਦੀ ਇਕ ਦਮ ਰੁੱਕ ਗਈ।

ਕਮਲਦੀਪ ਉਨ੍ਹਾਂ ਦੇ ਸਿਰ੍ਹਣੇ ਖੜ੍ਹੀ ਸੀ। ਅਡੋਲ ਅਬੋਲ ਮੂਰਤੀ ਵਾਂਗ।

ਡਾਕਟਰਾਂ ਨੇ ਪਹਿਲਾਂ ਹੀ ਸਾਰਾ ਐਪ੍ਰੇਟਸ, ਟੈਲੀਫੋਨ ਮਿਲਣ ਸਾਰ ਹੀ ਤਿਆਰ ਕੀਤਾ ਹੋਇਆ ਸੀ।

"ਲਾਈਫ ਸਪੋਰਟ ....।"

"ਨੋ, ਡਾਕਟਰ, ਨੋ ਲਾਈਫ ਸਪੋਰਟ ...."

ਇਕ ਆਗ ਕਾ ਦਰਿਆ ਹੈ, ਬੱਸ ਡੂਬ ਕੇ ਜਾਨਾ ਹੈ। ਤੇ ਕਮਲਦੀਪ ਜਿਵੇਂ ਅੱਗ ਦੇ ਦਰਿਆ ਨੂੰ ਪਾਰ ਕਰਕੇ ਦੂਜੇ ਕਿਨਾਰੇ ਪਹੁੰਚ ਚੁੱਕੀ ਹੋਵੇ!

ਉਹਦਾ ਧਰਮੀ ਬਾਬਲ, ਇਸ ਵਾਰ ਪੁਰਸਲਾਤ ਤੋਂ ਪਰਲੇ ਪਾਰ ਜਾ ਰਿਹਾ ਸੀ। ਉਹ ਉਹਨੂੰ ਅੱਧ-ਵਿਚਕਾਰੋਂ ਮੋੜ ਕੇ ਹੁਣ ਹੋਰ ਕਿਸੇ ਅਗਨੀ-ਪ੍ਰੀਖਿਆ ਵਿਚ ਨਹੀਂ ਸੀ ਪਾਉਣਾ ਚਾਹੁੰਦੀ।

ਉਹ ਆਪਣੇ ਪਿਤਾ ਦੇ ਸ਼ਾਂਤ ਅਡੋਲ ਚੇਹਰੇ ਤੇ ਝੁਕੀ। ਦੋ ਅੱਥਰੂ ਉਹਦੀਆਂ ਅੱਖਾਂ ਵਿਚੋਂ ਕਿਰ ਕੇ ਚੱਠਾ ਸਾਹਿਬ ਦੀਆਂ ਖੁੱਲ੍ਹੀਆਂ ਸਫੇਦ ਅੱਖਾਂ ਵਿਚ ਡਿਗੇ। ਉਹਨੇ ਆਪਣੇ ਪਿਤਾ ਦੀਆਂ ਖੁੱਲ੍ਹੀਆਂ ਪਲਕਾਂ ਝਪਕਾਈਆਂ ਤੇ ਮੋਢਿਆਂ ਤੱਕ ਪਲਮੀ ਸਫੇਦ ਚਾਦਰ ਨਾਲ ਉਨ੍ਹਾਂ ਦਾ ਚੇਹਰਾ ਢੱਕ ਦਿੱਤਾ। ●○●



# ਇੱਕ ਹੋਰ ਹੈਮਿੰਗਵੇ

## ਰਵਿੰਦਰ ਰਵੀ

ਇੰਜ ਹੀ ਹੋਇਆ ਸੀ। ਬੂੰਦ ਬੂੰਦ ਕਰ ਕੇ ਜ਼ਿੰਦਗੀ ਬਹਿ ਗਈ ਸੀ। ਇਨ੍ਹਾਂ ਬੂੰਦਾਂ ਦੇ ਪਾਰਦਰਸ਼ੀ ਆਕਾਰਾਂ ਵਿਚ ਜੋ ਸੂਰਜ, ਚੰਨ, ਸਿਤਾਰੇ, ਸਤਰੰਗੀਆਂ ਪੀਂਘਾਂ ਅਤੇ ਉੱਡਦੇ ਛਿਣ ਉਸ ਨੇ ਪਕੜੇ ਸਨ, ਉਹ ਵੀ ਬੂੰਦ 'ਚੋਂ ਭਾਫ਼ ਵਾਂਗ ਹਵਾ ਹੋ ਗਏ ਸਨ। ਇਕ ਘਣਾ ਸੱਖਣਾਪਨ ਬਾਕੀ ਰਹਿ ਗਿਆ ਸੀ। ਆਪਣੇ ਅੰਦਰਲੇ ਖ਼ਲਾਅ ਵਿਚ ਉਹ ਆਪਣੇ ਭਿੰਨ ਭਿੰਨ ਕਿਰਦਾਰਾਂ ਨੂੰ - ਵੱਖਰੀਆਂ ਵੱਖਰੀਆਂ ਹਸਤੀਆਂ ਵਾਂਗ - ਵਿਖੰਡਤ ਹੋਏ ਦੂਰ ਦੂਰ ਘੁੰਮ ਲਟਕ ਰਹੇ ਵੇਖ ਰਿਹਾ ਸੀ। ਇਨ੍ਹਾਂ ਅੰਦਰ ਵੀ ਕਦੇ ਅੰਤਾਂ ਦੀਆਂ ਖਿੱਚਾਂ ਦਾ ਵਾਸਾ ਸੀ।

ਏਸ ਖਿਆਲ ਨਾਲ ਉਹ ਬਿੰਦ ਦੀ ਬਿੰਦ ਮੁਸਕਰਾਇਆ। ਏਸ ਫਿੱਕੀ ਜਿਹੀ ਮੁਸਕਰਾਹਟ ਨੂੰ ਆਪਣੇ ਆਲੇ ਦੁਆਲੇ ਪਸਰੇ ਸੰਘਣੇ ਮੌਨ ਵਿਚ ਡਿੱਗਦਿਆਂ ਡੁੱਬਦਿਆਂ ਵੇਖਦਿਆਂ, ਉਸ ਨੇ ਆਪਣੇ ਅੰਦਰ ਇਸ ਮੌਨ ਖ਼ੜਾਕ ਦੀਆਂ ਅਨੇਕਾਂ ਹੀ ਤੇਜ਼ਾਬ ਵਿਚ ਭਿੱਜੀਆਂ ਸੂਈਆਂ ਵਾਂਗ ਵਿੰਨ੍ਹ-ਚੀਰਵੀਆਂ ਪ੍ਰਤੀਧੁਨੀਆਂ ਨੂੰ ਆਪਣੀ ਸਮੁੱਚੀ ਹੋਂਦ ਦੇ ਆਰ-ਪਾਰ ਹੁੰਦਿਆਂ ਮਹਿਸੂਸ ਕੀਤਾ। ਉਸ ਦਾ ਆਪਾ ਜਿਵੇਂ ਮਹੀਨ ਛੇਕਾਂ ਦੀ ਇਕ ਅਮੂਰਤ ਛਾਨਣੀ ਸੀ। ਦਰਦ ਦੇ ਚੁੱਭਵੇਂ ਅੱਥਰੂ-ਕੇਰਵੇਂ ਮੌਨ-ਰੁਦਨ ਵਿਚ ਡੁੱਬੇ ਅਹਿਸਾਸ ਹੇਠ ਵੀ ਉਸਨੇ ਚੇਤਨਾ ਨੂੰ ਜਗਾਈ ਰੱਖਿਆ ਅਤੇ ਤਿੰਨਾਂ ਛੇਕਾਂ ਵਿਚੋਂ ਆਪਣੇ ਤੇ ਆਪਣੇ ਆਲੇ ਦੁਆਲੇ ਫੈਲੇ ਸਮੁੱਚੇ ਵਾਤਾਵਰਣ ਦੇ ਪਾਸਾਰਾਂ ਦਾ ਆਰ-ਪਾਰ ਵੇਖਣ ਦਾ ਯਤਨ ਕੀਤਾ।

ਭੂਤ ਵਲ ਇਕ ਸੰਘਣੀ ਧੁੰਦ ਸੀ। ਵਿਚ ਵਿਚ ਚਿਣਗਾਂ ਵਾਂਗ ਫੁੱਟਦੇ ਕੁਝ ਚਮਕਦਾਰ ਜ਼ੱਰੇ ਜਿਹੇ ਸਨ, ਰੌਸ਼ਨੀ ਦੇ। ਉਨ੍ਹਾਂ ਤੋਂ ਪਾਰ ਸੰਘਣਾ ਅਨ੍ਹੇਰਾ ਸੀ। ਕੁਝ ਵਿਖਾਈ ਨਹੀਂ ਸੀ ਦਿੰਦਾ। ਭਵਿੱਖ ਵਲ ਵੀ ਇਹ ਕੁਝ ਹੀ ਸੀ। ਇਕ ਸੰਘਣੀ ਸਿਆਹੀ - ਤੇ ਬੱਸ - ਸਿਆਹੀ ਦੀ ਇਸ ਸੀਮਾ ਦੇ ਉਸ ਪਾਰ ਜਿਵੇਂ ਉਸ ਦੀ ਨਜ਼ਰ ਵਿਚੋਂ ਕਿਸੇ ਨੇ ਸਾਰੀ ਰੌਸ਼ਨੀ ਡੀਕ ਲਈ ਸੀ। ਉਰਵਾਰ ਪਾਰ ਦੇ ਚਾਰ ਦਿਸ਼ਾਵੀਂ ਪਸਰੇ ਏਸ ਅਨ੍ਹੇਰੇ ਵਿਚ ਵਿਚਰਦਿਆਂ ਉਸ ਨੇ ਹੇਠਾਂ ਉੱਪਰ ਵੇਖਣ ਦਾ ਯਤਨ ਕੀਤਾ। ਠੰਡੀ ਯੱਖ਼ ਧਰਤੀ। ਉਸ ਦੀ ਆਪਣੀ ਹਸਤੀ ਜਿਵੇਂ ਬਰਫ਼ ਦੀ

ਸਿਲ ਕਟ ਕੇ ਪੋਲਰ ਆਈਸ ਕੈਪ ਦਾ ਭਾਗ ਬਣ ਗਈ ਹੋਵੇ। ਆਕਾਸ਼, ਜਿਸ ਦਾ ਉਸ ਨੇ ਕਦੇ ਨਿਰਮਲ, ਘਟਾਟੋਪ, ਕਦੇ ਸਿਤਾਰਿਆਂ, ਚੰਦਰਮਾਂ, ਸੂਰਜਾਂ ਅਤੇ ਸਤਰੰਗੀਆਂ ਵਾਲਾ ਰੂਪ ਮਾਣਿਆਂ ਸੀ, ਅੱਜ ਜਿਵੇਂ ਮਣਾਂ-ਮੂੰਹੀਂ, ਸੰਘਣਾ ਕਾਲਾ ਬੋਲਾ ਤੇ ਠੋਸ ਅਨ੍ਹੇਰਾ ਬਣ ਕੇ ਉਸ ਉੱਤੇ ਢਹਿ ਪਿਆ ਹੋਵੇ।

ਉਹ ਜਿਵੇਂ ਚੱਕੀ ਦੇ ਦੋ ਭਾਰੀ ਪੁੜਾਂ ਵਿਚਕਾਰ ਆ ਗਿਆ ਸੀ। ਇਕ ਪੁੜ ਪਿੰਡ ਦਾ, ਇਕ ਬ੍ਰਹਿਮੰਡ ਦਾ। ਨਾ ਪਿੰਡ ਆਪਣਾ, ਨਾ ਬ੍ਰਹਿਮੰਡ ਤਕ ਰਸਾਈ। ਵਿਚਕਾਰ ਉਸ ਦੀ ਚੇਤਨਾ: ਇਕ ਵਿਫਲ ਯਤਨ, ਫਿਰ ਵੀ ਬਲ ਰਹੀ।

ਚੇਤਨਾ ਕੀ ਹੈ? ਕਈ ਅਮੂਰਤ ਅਤੇ ਸਮੂਰਤ ਬਿੰਬ ਉਸ ਦੇ ਜ਼ਿਹਨ ਅੱਗੇ ਉੱਭਰੇ ਅਤੇ ਫਿਰ ਕੰਪਿਊਟਰਾਈਜ਼ਡ ਵੀਡੀਓ ਟੀ. ਵੀ. ਖੇਡਾਂ ਦੇ ਵਿਰੋਧ-ਮੁਕਾਬਲੇ ਦੇ ਘਮਸਾਨ ਵਿਚ ਮਚ ਕੇ – ਮਸ਼ੀਨ ਵਿਚ ਪਾਏ ਪੈਸਿਆਂ ਦਾ ਸਮਾਂ ਮੁੱਕਣ ਉੱਪਰੰਤ – ਅਲੋਪ ਹੋ ਗਏ। ਮਸ਼ੀਨ ਵਿਚ ਪਾਏ ਪੈਸਿਆਂ ਨਾਲ ਹੋਂਦ ਦਾ ਇਕ ਚੱਕਰ ਭੁਗਤਿਆ ਅਤੇ ਇਕ ਜੂਨ ਤੇ ਇਕ ਉਮਰ ਹੰਢਾ, ਮੁਕਾ ਲਈ।

ਹੋਂਦ ਤੇ ਚੇਤਨਾ – ਬੱਤੀ ਦੇ ਦੋ ਸਿਰਿਆਂ ਵਾਂਗ ਜੁੜੀਆਂ ਹੋਈਆਂ – ਵਗਦੇ ਦਰਿਆ ਉੱਤੇ ਵੱਸਦੇ ਮੀਂਹ ਦੀ ਛਿਣ ਦੀ ਛਿਣ ਬੁਲਬੁਲਿਆਂ ਵਾਂਗ ਉੱਭਰਦੀਆਂ, ਆਪਣੀ ਹਸਤੀ ਦੀ "ਹੈ" ਦਾ ਅਹਿਸਾਸ ਕਰਾਉਂਦੀਆਂ ਅਤੇ ਫਿਰ ਆਪਣੇ ਆਪ ਨੂੰ ਫਟਦਿਆਂ, ਪਾਣੀ ਦੀ ਨਿਰੰਤਰ ਗਤੀ ਵਿਚ ਗੁੰਮ ਹੁੰਦਿਆਂ, ਵੇਖਦੀਆਂ। ਇੰਜ ਨਜ਼ਰ ਲਗਾਤਾਰ ਬੁਲਬੁਲੇ ਤੋਂ ਧਾਰਾ ਅਤੇ ਧਾਰਾ ਤੋਂ ਬੁਲਬੁਲੇ ਵਲ ਜਾਂਦੀ ਤੇ ਪਰਤਦੀ, ਚੇਤਨਾ ਤੇ ਹੋਂਦ ਦਾ ਹੋਰ ਬਿੰਬ ਲੱਭਣ ਦਾ ਪ੍ਰਯਾਸ ਕਰਦੀ ਮਾਯੂਸੀ ਵਿਚ ਗੁੰਮ ਹੋ ਜਾਂਦੀ। ਨਾ ਬੂੰਦ ਦਾ ਨਿੰਘ, ਨਾ ਬੁਲਬੁਲੇ ਦਾ ਅੰਗ, ਨਾ ਧਾਰਾ ਦੀ ਹੋਣੀ – ਇਹ ਹੁਣ ਦਾ ਛਿਣ ਉਸਨੂੰ ਪਾਣੀ ਦੇ ਤਲ ਉੱਤੇ ਮੁਸ਼ਕ-ਕਾਫ਼ੂਰ ਦੀ ਲਟ ਲਟ ਬਲਦੀ ਨਿੱਕੀ ਚੌਰਸ ਜਾਂ ਗੋਲਾਕਾਰ ਟਿੱਕੀ ਵਾਂਗ ਤੁਰਦਾ ਵਿਖਾਈ ਦਿੰਦਾ ਤੇ ਫਿਰ ਇਸਦੇ ਬਲ ਮੁੱਕਣ ਉਪਰੰਤ ਇਕ ਸੰਘਣਾ ਅਨ੍ਹੇਰਾ।

ਅਨ੍ਹੇਰੇ 'ਚੋਂ ਲਟ ਲਟ ਮਚਦੀਆਂ ਮੁਸ਼ਕ-ਕਾਫ਼ੂਰ ਦੀਆਂ ਇਨ੍ਹਾਂ ਨਿੱਕੀਆਂ ਨਿੱਕੀਆਂ ਟਿੱਕੀਆਂ ਦੀਆਂ ਜਗ-ਬੁਝ ਰੌਸ਼ਨੀਆਂ ਦੀ ਨਿਰੰਤਰਤਾ ਉੱਤੇ ਲੱਗੀਆਂ ਉਸ ਦੀਆਂ ਨਜ਼ਰਾਂ, ਉਸਦੇ ਜ਼ਿਹਨ ਅੰਦਰ





ਲਗਾਤਾਰ ਚੱਲ ਰਹੇ ਕੁਹਾੜੇ ਦਾ ਅਹਿਸਾਸ ਪੈਦਾ ਕਰਦੀਆਂ। ਉਸ ਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਉਹ ਜਨਮ ਤੋਂ ਲੈ ਕੇ ਹੁਣ ਤੱਕ ਏਸ ਇਕ ਰੁੱਖ ਦੇ ਡਿਗਣ ਦੀ ਉਡੀਕ ਵਿਚ ਹੀ ਬੀਤਦਾ ਰਿਹਾ ਸੀ। ਇਹ ਰੁੱਖ ਕਦੋਂ ਡਿੱਗੇਗਾ?

ਇਸ ਸਮੇਂ ਹੀ ਉਸਨੂੰ ਰਾਈਫ਼ਲ ਦੇ ਚੱਲਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ ਆਪਣੇ ਖ਼ਿਆਲਾਂ ਵਿਚੋਂ ਚੌਂਕ ਪਿਆ। ਰਾਈਫਲ ਦੀ ਆਵਾਜ਼ ਘਣੇ ਜੰਗਲ ਅਤੇ ਉੱਚੇ ਪਰਬਤ ਦੀਆਂ ਚੋਟੀਆਂ ਵਿਚਕਾਰ ਅਨੇਕਾਂ ਪ੍ਰਤੀਧੁਨੀਆਂ ਪੈਦਾ ਕਰਦੀ ਹੋਈ, ਉਸ ਨੂੰ ਆਪਣੇ ਹੱਥ ਵਿਚ ਪਕੜੀ ਹੋਈ ਰਾਈਫ਼ਲ ਨਾਲ ਜੋੜ ਗਈ। ਉਸ ਨੇ ਵੇਖਿਆ ਕਿ ਉਸਦੀ ਉਂਗਲ ਰਾਈਫ਼ਲ ਦੇ ਘੋੜੇ ਉੱਤੇ ਸੀ ਅਤੇ ਰਾਈਫ਼ਲ ਦੀ ਨਾਲੀ ਉਸਦੀ ਪੁੜਪੁੜੀ ਨੂੰ ਛੂਹ ਰਹੀ ਸੀ। ਛਿਣ ਦੀ ਛਿਣ, ਉਹ ਮੁਸਕਰਾਇਆ।

"ਹੁਣ ਚੱਲਣਾ ਚਾਹੀਦਾ ਹੈ।"

ਉਹ ਆਪਣੇ ਆਪ ਬੁੜਬੁੜਾਇਆ। ਉਸ ਨੇ ਆਪਣੇ ਦੂਜੇ ਹੱਥ ਵਿਚ ਪਕੜੇ ਹੋਏ ਮੱਗ ਵਿਚੋਂ ਠੰਡੀ ਯੱਖ਼ ਹੋਈ ਕਾਫੀ ਨੂੰ ਗ਼ਟਾ ਗ਼ਟ ਪੀਤਾ। ਪੱਥਰਾਂ ਦੇ ਚੁੱਲ੍ਹੇ ਦੀ ਠੰਡੀ ਸੁਆਹ ਹੇਠ ਆਖ਼ਰੀ ਦਮਾਂ ਉੱਤੇ ਦਗ ਰਹੇ ਕੋਲਿਆਂ ਨੂੰ ਕੋਲ ਪਈ ਮਿੱਟੀ ਹੇਠ ਦੱਬਿਆ ਅਤੇ ਕੈਂਪਿੰਗ ਦਾ ਸਾਰਾ ਸਾਮਾਨ ਇਕੱਠਾ ਕਰ ਕੇ ਆਪਣੇ ਰਕਸੈਕ ਵਿਚ ਪੈਕ ਕੀਤਾ।

ਹੱਥ ਵਿਚ ਰਾਈਫਲ ਅਤੇ ਪਿੱਠ ਉੱਤੇ ਰਕਸੈਕ ਚੁੱਕੀ, ਏਸ ਕੈਂਪ-ਸਾਈਟ ਨੂੰ ਵਿਦਾ ਆਖ ਕੇ – ਚੁਸਤ, ਹੁਸ਼ਿਆਰ, ਅਤੇ ਚੌਕੰਨੇ ਸ਼ਿਕਾਰੀਆਂ ਵਾਂਗ, ਮੁੱਢੋਂ ਸੁੱਢੋਂ ਸ਼ਿਕਾਰ ਦੀ ਭਾਲ ਵਿਚ ਉਸਨੇ ਆਪਣਾ ਸਫ਼ਰ ਸ਼ੁਰੂ ਕੀਤਾ।

ਏਸ ਜੰਗਲ ਵਿਚ ਉਹ ਅਨੇਕਾਂ ਵਾਰ ਸ਼ਿਕਾਰ ਕਰ ਚੁੱਕਾ ਸੀ। ਹਰਨ, ਪਹਾੜੀ ਬੱਕਰੇ, ਮੂਸ (ਬਾਰਾਂ ਸਿੰਗੇ ਵਰਗਾ ਜਾਨਵਰ), ਰਿੱਛ, ਅਤੇ ਹੋਰ ਅਨੇਕਾਂ ਜੰਗਲੀ ਜਾਨਵਰ ਉਸ ਦੀ ਗੋਲੀ ਦਾ ਨਿਸ਼ਾਨਾ ਬਣ ਚੁੱਕੇ ਸਨ। ਕੈਨੇਡਾ ਗੀਜ਼, ਡੱਕਸ, ਗਰਾਊਜ਼, ਅਤੇ ਹੋਰ ਮਾਈਗਰੇਟੋਰੀ ਬੱਰਡਜ਼ ਦੇ ਸ਼ਿਕਾਰ ਦਾ ਸ਼ੌਕ ਵੀ ਉਸਨੂੰ ਸੀ।

ਸ਼ੌਕ ਕਾਹਦਾ! ਇਕ ਤਰ੍ਹਾਂ ਨਾਲ ਸਮੇਂ ਨੇ ਸ਼ਿਕਾਰ ਵੀ ਉਸਦੇ ਗਲ ਵਿਚ ਇਕ ਲੋੜ ਵਾਂਗ ਪਾ ਦਿੱਤਾ ਸੀ। ਜਿਸ ਨਿੱਕੇ ਜਿਹੇ ਪਿੰਡ ਵਿਚ ਉਹ ਪੜ੍ਹਾਉਂਦਾ ਸੀ, ਸ਼ਹਿਰ ਉੱਥੋ 70 ਮੀਲ ਦੂਰ ਸੀ। ਆਪਣੀ ਨੌਕਰੀ ਦੇ ਪਹਿਲੇ ਚਾਰ ਵਰ੍ਹਿਆਂ ਵਿਚ ਉਹ ਹਰ ਸਪਤਾਹ-ਅੰਤ ਉੱਤੇ ਸ਼ਹਿਰ

ਜਾਇਆ ਕਰਦਾ ਸੀ। ਸ਼ਹਿਰ ਦੀਆਂ ਝਿਲਮਿਲਾਉਂਦੀਆਂ ਰੌਸ਼ਨੀਆਂ ਤੇ ਰੰਗੀਨ ਸ਼ਾਮਾਂ ਤੋਂ ਉਸ ਨੂੰ ਹੌਲੀ ਹੌਲੀ ਅਕੇਵਾਂ ਜਿਹਾ ਹੋਣ ਲੱਗ ਪਿਆ ਸੀ। ਉਹ ਹੀ ਕੁਝ ਬਾਰ ਬਾਰ – ਚਾਹੇ, ਅਚਾਹੇ, ਬਾਰ ਬਾਰ। ਏਸ ਦੁਹਰਾਓ ਵਿਚ ਜਿਵੇਂ ਉਹ ਆਪਣੀ ਤਲਾਸ਼ ਦਾ ਅਹਿਸਾਸ ਖੋ ਬੈਠਾ ਸੀ।

ਤਲਾਸ਼ ਕਾਹਦੀ? ਪਦਾਰਥ, ਪਰਮਾਰਥ, ਪ੍ਰਸਿੱਧੀ, ਅਮੀਰੀ ... ਸਮੇਂ ਸਮੇਂ ਇਨ੍ਹਾਂ ਸਭ ਸ਼ਬਦਾਂ ਪਿਛਲੇ ਅਰਥਾਂ ਦੇ ਜੰਗਲ ਨੂੰ ਉਹ ਭੋਗ ਭੁਗਤ ਚੁੱਕਾ ਸੀ। ਇਹ ਸਭ ਕੁਝ ਉਸ ਦੀ ਮੰਜ਼ਲ ਨਹੀਂ ਸੀ।

ਕਦੇ ਕਦੇ ਤਲਾਸ਼ ਉਸ ਨੂੰ ਭਟਕਣ ਦੀ ਸਮ-ਅਰਥਕ ਵੀ ਜਾਪੀ ਸੀ। ਇਸੇ ਲਈ ਸ਼ਾਇਦ ਇਨ੍ਹਾਂ ਦੋਹਾਂ ਦੇ ਵਿਚਕਾਰਲੀ ਅਵਸਥਾ ਵਿਚੋਂ ਤੀਸਰੀ ਦਿਸ਼ਾ ਵਲ ਮੁੜ ਕੇ, ਉਸ ਨੇ ਆਪਣੀ ਤਲਾਸ਼ ਦਾ ਨਾਮ ਮਨ ਦੀ ਸ਼ਾਂਤੀ ਰੱਖ ਲਿਆ ਸੀ। ਜਿਵੇਂ ਵੀ, ਜਿੱਥੇ ਵੀ, ਜਿਸ ਹਾਲ ਵਿਚ ਵੀ ਇਹ ਪਾਈ ਜਾ ਸਕੇ। ਕੁਝ ਪ੍ਰਾਪਤ ਕਰ ਕੇ, ਜਾਂ ਕੁਝ ਖੋ ਕੇ। ਕੀ ਫਰਕ ਪੈਂਦਾ ਸੀ?

ਇਹ ਤੀਸਰੀ ਦਿਸ਼ਾ ਹੀ ਸ਼ਾਇਦ ਉਸ ਲਈ ਸ਼ਿਕਾਰ ਦੀ ਪ੍ਰੇਰਣਾ ਬਣੀ ਸੀ। ਉਸ ਨੇ .308 ਅਤੇ .22 ਆਟੋਮੈਟਿਕ ਰਾਈਫ਼ਲਾਂ ਤੋਂ ਬਿਨਾਂ 12 ਬੋਰ ਦੀ ਇਕ ਸ਼ੌਟ ਗੱਨ ਵੀ ਖ਼ਰੀਦ ਲਈ ਸੀ। ਸ਼ੁੱਕਰਵਾਰ ਦੀ ਸ਼ਾਮ ਸਕੂਲ ਖ਼ਤਮ ਹੋਣ ਉਪਰੰਤ ਉਹ ਕੈਂਪਿੰਗ ਤੇ ਸ਼ਿਕਾਰ ਦਾ ਸਾਰਾ ਸਾਮਾਨ ਇਕੱਠਾ ਕਰ ਕੇ ਆਪਣੇ ਫ਼ੋਰ ਵੀਲ੍ਹ ਡਰਾਈਵ, ਫ਼ੋਰਡ ਬਰੌਂਕੋ, ਵਿਚ ਜੰਗਲ ਤੇ ਪਹਾੜੀਆਂ ਦੀ ਘਣਵੱਸੀ ਸੁੰਨਸਾਨ ਵਲ ਨਿਕਲ ਜਾਂਦਾ ਅਤੇ ਐਤਵਾਰ ਦੀ ਸ਼ਾਮ ਨੂੰ ਵਾਪਸ ਪਰਤਦਾ। ਇਹ ਅਮਲ ਪਿਛਲੇ ਦੋ ਸਾਲ ਤੋਂ ਜਾਰੀ ਸੀ। ਇਸ ਦੌਰਾਨ ਕਈ ਰਾਤਾਂ ਉਸ ਨੇ ਜੰਗਲ, ਧਰਤੀ, ਅਤੇ ਖੁੱਲ੍ਹੇ ਆਕਾਸ਼ ਦੇ ਸੰਗ ਸਾਥ ਵਿਚ ਬਿਤਾਈਆਂ ਸਨ। ਸੂਰਜ, ਚੰਦ, ਸਿਤਾਰਿਆਂ, ਵਗਦੀਆਂ ਨਦੀਆਂ ਸੁਰੀਲੇ ਝਰਨਿਆਂ, ਵਣ ਵਿਚ ਕੋਲ ਕੋਲ ਪਰ ਇਕੱਲੇ ਆਪਣੀ ਹੀ ਇਕੱਲ ਦੀ ਇਕ ਦੂਜੇ ਤੋਂ ਦੂਰੀ ਵਿਚ ਵਸਦੇ ਰੁੱਖਾਂ ਨਾਲ, ਗੱਲਾਂ ਕਰਦਿਆਂ ਉਸ ਨੇ ਅਨੇਕਾਂ ਪਲ ਗੁਜ਼ਾਰੇ ਸਨ।

ਆਪਣੇ ਅੰਦਰ ਵਸਦੇ ਮੌਤ ਦੇ ਭੈ ਨੂੰ ਮਾਰਨ ਲਈ ਉਸ ਨੇ ਏਸ ਭਿਆਨਕ ਜੰਗਲ ਵਿਚ ਹੀ ਵਾਸ ਨਹੀਂ ਸੀ ਕੀਤਾ ਸਗੋਂ ਅਨੇਕ ਜੰਗਲੀ ਜਾਨਵਰਾਂ ਨੂੰ ਮਾਰ ਕੇ "ਸਰਵਾਈਵਲ ਆਫ ਦਾ ਫ਼ਿੱਟੈਸਟ" ਦੇ ਭੇਦ ਨੂੰ ਵੀ ਆਪਣੇ ਨਿੱਜੀ ਤਜ਼ਰਬੇ ਵਿਚੋਂ ਪਾਇਆ ਸੀ।





ਗਿਆਨ ਜਦੋਂ ਪੁਸਤਕਾਂ ਵਿਚ ਪ੍ਰਾਪਤ ਹੈ ਤਾਂ ਮਨੁੱਖ ਅੰਦਰ ਇਸ ਨਿੱਜੀ ਤਜ਼ਰਬੇ ਦੀ ਭਟਕਣ ਕਿਉਂ? ਉਹ ਸੋਚ ਰਿਹਾ ਸੀ। ਸ਼ਾਇਦ ਏਸ ਲਈ ਕਿ ਜੇ ਅਸੀਂ ਆਪਣੇ ਆਪ ਨੂੰ ਪੁਸਤਕਾਂ ਤਕ ਹੀ ਸੀਮਤ ਕਰ ਲਵਾਂਗੇ, ਤਾਂ ਗਿਆਨ ਦਾ ਨਿਰੰਤਰ ਵਿਕਾਸ ਰੁਕ ਜਾਵੇਗਾ। ਅੱਜ ਦਾ ਚਾਨਣ ਹੀ ਕਿਤੇ ਕੱਲ੍ਹ ਦਾ ਅਨ੍ਹੇਰਾ ਨਾ ਬਣ ਜਾਵੇ।

"ਇਹ ਸੱਚ ਹੈ।"

ਉਹ ਬੁੜਬੁੜਾਇਆ ਤੇ ਫਿਰ ਉਸ ਦੇ ਖਿਆਲ ਉਸ ਨੂੰ ਵੱਡੀਆਂ ਸ਼ਕਤੀਆਂ ਵਿਚਕਾਰ ਤਣਾਉ ਵਿਚ ਵਿਚਰਦੇ ਸ਼ਕਤੀ-ਸੰਘਰਸ਼ ਵਲ ਲੈ ਤੁਰੇ। ਅੱਜ ਦੀ ਪ੍ਰਾਪਤੀ ਜੇ ਤਕਨਾਲੋਜੀ ਦੁਆਰਾ ਸਾਡੇ ਜੀਵਨ ਲਈ ਪ੍ਰਾਪਤ ਸਭ ਸੁਵਿਧਾਵਾਂ ਹਨ, ਤਾਂ ਇਨ੍ਹਾਂ ਜੰਗਾਂ-ਯੁੱਧਾਂ ਦੀ ਬਰਬਾਦੀ ਨੂੰ ਏਸ ਤਕਨੀਕੀ ਤੇ ਵਿਗਿਆਨਕ ਯੁੱਗ ਦੇ ਚਾਨਣ ਦੀ ਪੁਸਤਕ ਦੇ ਕਿਹੜੇ ਕਾਂਡ ਦੇ ਰੂਪ ਵਿਚ ਲਿਖੋਗੇ? ਤੀਸਰੇ ਮਹਾਂ-ਯੁੱਧ ਦੇ ਭੈ ਹੇਠ ਛਿਣ ਛਿਣ ਅਜੀਵਨ ਭੁਗਤ ਰਹੇ ਪ੍ਰਾਣੀਆਂ ਅਤੇ ਉਸ ਉਪਰੰਤ ਵਾਪਰਨ ਵਾਲੀ ਮਹਾਂ-ਪਰਲੋ ਨੂੰ ਤੁਸੀਂ ਕੀ ਕਹੋਗੇ? ਕੀ ਇਹ ਸਭ ਕੁਝ ਵੀ ਕਿਸੇ ਤਲਾਸ਼ ਦਾ ਮਾਰਗ ਹੈ?

-ਮਨ ਦੀ ਸ਼ਾਂਤੀ ਦੀ ਤਲਾਸ਼?

-ਹਾਂ ਮਨ ਦੀ ਸ਼ਾਂਤੀ ਦੀ ਤਲਾਸ਼ ਨੇ ਹੀ ਉਸ ਦੇ ਅੱਗੇ ਪਿੱਛੇ - ਆਪਣੇ ਦੁਆਰਾ ਸ਼ਿਕਾਰ ਕਰ ਕੇ ਮਾਰੇ ਜਾਨਵਰਾਂ ਦੇ ਕਰੰਗਾਂ ਦੇ ਅੰਬਾਰ ਲਾ ਦਿੱਤੇ ਸਨ। ਇਕ ਇਕ ਗੋਲੀ ਨੇ ਇਕ ਇਕ ਛਿਣ ਦਾ ਲਹੂ ਡੋਲ੍ਹਿਆ ਸੀ। ਉਸ ਦੀ ਸਗਲੀ ਹੋਂਦ ਉਸ ਦੇ ਦਹਿਕਦੇ ਹੱਥ ਵਿਚ ਸੁੰਗੜ ਗਈ ਸੀ। ਉਸ ਨੂੰ ਏਸ ਹੱਥ ਵਿਚੋਂ ਹੀ ਕਸਾਈ, ਕਰਦ, ਤੇ ਜ਼ਿਬਾਹ ਹੁੰਦੇ ਬੱਕਰਿਆਂ ਦਾ ਜ਼ਾਤੀ ਅਨੁਭਵ ਹੋਇਆ ਸੀ। ਗੋਲੀ ਖਾ ਕੇ ਤੜਫਦੇ ਸ਼ਿਕਾਰ ਨੂੰ ਉਸ ਨੇ ਸ਼ਿਕਰੀ-ਚਾਕੂ ਦੇ ਇਕ ਵਾਰ ਨਾਲ ਹੀ ਖਤਮ ਕਰ ਦਿੱਤਾ ਸੀ।

-"ਸ਼ਿਕਾਰ ਲਈ ਗੋਲੀ ਚਲਾਓ ਤੇ ਫਿਰ ਮਨ ਦੀ ਸ਼ਾਂਤੀ ਲਈ ਤਰਸਮਾਰ ਕਰੋ।" ਉਹ ਬੁੜਬੁੜਾਇਆ।

-"ਅਜੋਕਾ ਰਾਜਨੀਤਕ ਤੇ ਆਰਥਕ ਮਾਹੌਲ ਵੀ ਇਕ ਸ਼ਿਕਾਰਗਾਹ ਹੀ ਹੈ, ਜਿੱਥੇ ਹਰ ਕੋਈ, ਹਰ ਸਮੇਂ, ਹਰ ਕਿਸੇ ਨੂੰ ਸ਼ਿਕਾਰ ਕਰਨ ਦੇ ਆਹਰ ਵਿਚ ਹੈ।"

-"ਮਨ ਦੀ ਸ਼ਾਂਤੀ?"

ਮਨ ਦੀ ਸ਼ਾਂਤੀ ਉਸ ਦੇ ਜ਼ਿਹਨ ਵਿਚ ਇਕ ਸਥਿਰ ਸਵਾਲ ਬਣ ਕੇ ਲਟਕ ਗਈ, ਅਤੇ ਉਸ ਦੇ ਕਦਮ ਰੁਕ ਗਏ।

ਉਸ ਨੇ ਰਕਸੈਕ ਦੀਆਂ ਬੱਧਰੀਆਂ ਨੂੰ ਮੋਢਿਆਂ ਉੱਤੋਂ ਲਾਹਿਆ ਤੇ ਹੇਠਾਂ ਰੱਖ ਦਿੱਤਾ। ਪੱਥਰ ਦੀ ਇਕ ਸਿਲ ਉੱਤੇ ਬੈਠ ਕੇ, ਡੁੱਬਦੇ ਸੂਰਜ ਵਲ ਵੇਖਦਾ ਹੋਇਆ ਉਹ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ। ਇਹ ਸੋਚਾਂ ਉੱਚੇ ਬੋਲਾਂ ਵਾਲੀਆਂ ਸਨ:

-"ਮਨ ਦੀ ਸ਼ਾਂਤੀ ਲਈ ਮੌਤ ਦੇ ਭੈ ਤੋਂ ਮੁਕਤ ਹੋਣਾ ਜ਼ਰੂਰੀ ਹੈ।"

-"ਮੌਤ ਦੇ ਭੈ ਤੋਂ ਮੁਕਤੀ, ਕਿਸੇ ਨੂੰ ਮਾਰਨ ਦਾ ਨਿੱਜੀ ਅਨੁਭਵ ਪ੍ਰਾਪਤ ਕਰ ਕੇ ਹੀ ਹੋ ਸਕਦੀ ਹੈ।"

ਇਕ ਇਕ ਕਰ ਕੇ ਖਿਆਲ ਉਸ ਦੇ ਜ਼ਿਹਨ ਵਿਚ ਤਰਤੀਬ ਲੈ ਰਹੇ ਸਨ।

-ਪੂਰਨ ਸੁਤੰਰਤਾ?

-"ਆਪਣੀ ਮੌਤ?"

"ਆਤਮ-ਹੱਤਿਆ?"

ਉਸ ਦੇ ਸਿਮਰਨ ਵਿਚ "ਮਾਸਟਰ ਆਫ਼ ਗੋ" ਦੇ ਕਰਤਾ ਜਪਾਨੀ ਨਾਵਲਕਾਰ ਕਾਲਾ ਬਾਟਾ ਦਾ ਬਿੰਬ ਉਭਰਿਆ, ਜਿਸ ਨੇ ਆਤਮ-ਹੱਤਿਆ ਨੂੰ ਵੀ ਸੂਰਮਤਾਈ ਦਾ ਪ੍ਰਤੀਕ ਬਣਾਉਣ ਦਾ ਯਤਨ ਕੀਤਾ ਸੀ।

-ਆਪਣੇ ਲਈ, ਸਭ ਲਈ, ਆਦਰਸ਼ ਸਿਰਜਣੇ, ਤੇ ਫਿਰ ਖ਼ੁਦ ਹੀ ਉਨ੍ਹਾਂ ਆਦਰਸ਼ਾਂ ਅਨੁਸਾਰ ਜੀ ਨਾ ਸਕਣਾ। ਉਨ੍ਹਾਂ ਨੂੰ ਸਗਲ ਸੰਸਾਰ ਵਿਚ ਵਿਆਪਕ ਰੂਪ ਨਾ ਦੇ ਸਕਣ ਦੀ ਅਸਮਰੱਥਾ ਨੂੰ ਪਲ ਪਲ, ਛਿਣ ਛਿਣ ਜਿਊਂਦੀ ਮੌਤ ਦੇ ਰੂਪ ਵਿਚ ਸਹਿਣ ਕਰਨਾ, ਸਵੀਕਾਰ ਕਰਨਾ... ਇਹ ਸਭ ਕੁਝ ਅਸਿਹ ਹੋ ਜਾਣਾ ਤੇ ਫਿਰ ਸੂਰਮਤਾਈ-ਆਤਮ-ਹੱਤਿਆ ਨੂੰ ਇਕ ਨਾਇਕ ਦੀ ਅਦਾ ਦੇਣ ਵਾਲੀ ਗੱਲ... ਜਿਵੇਂ ਜੀਣਾ ਤਾਂ ਔਖਾ ਹੈ ਹੀ, ਮਰਨਾ ਉਸ ਤੋਂ ਵੀ ਔਖੇਰਾ ਹੋਵੇ।

ਉਹ ਸੋਚ ਰਿਹਾ ਸੀ ਹੈਮਿੰਗਵੇ ਬਾਰੇ, ਉਸ ਦੇ ਬੁੱਢੇ ਮਾਹੀਗੀਰ ਬਾਰੇ, ਅਤੇ ਸਮੁੰਦਰ ਬਾਰੇ। ਹੈਮਿੰਗਵੇ ਦੇ ਇਸ ਕਥਨ ਬਾਰੇ ਕਿ ਮਨੁੱਖ ਬਰਬਾਦ ਤਾਂ ਹੋ ਸਕਦਾ ਹੈ, ਪਰ ਹਾਰ ਕਦੇ ਨਹੀਂ ਸਕਦਾ... ਉਸ ਦੇ ਨਾਵਲ 'ਏ ਫੇਅਰਵੈਲ ਟੂ ਆਰਮਜ਼" ਦੇ ਨਾਇਕ ਹੈਨਰੀ ਬਾਰੇ ਅਤੇ ਉਸ ਦੇ ਇਸ ਕਥਨ ਬਾਰੇ ਕਿ ਇਹ ਜੰਗ, ਇਹ ਸਭ ਕੁਝ ਉਸ ਦੀ ਮਹਿਬੂਬਾ ਤੋਂ ਬਿਨਾ ਉਸ ਲਈ ਕੁਝ ਅਰਥ ਨਹੀਂ ਰੱਖਦਾ, ਨਿਰਾਰਥਕ ਹੈ। ਹੈਮਿੰਗਵੇ





ਦੇ ਨਾਵਲਾਂ ਵਿਚ ਵਿਦਮਾਨ ਵਿਰੋਧਤਾਵਾਂ ਬਾਰੇ... ਜਿੱਥੇ ਜੀਵਨ ਦਾ ਸਮੁੱਚਾ ਸੰਘਰਸ਼ ਮੁਰਦਾ ਮੱਛੀ ਦੇ ਪਿੰਜਰ ਵਿਚ ਸੁਕੜ ਕੇ ਵਿਅਰਥ ਹੋ ਜਾਂਦਾ ਹੈ... ਜਿੱਥੇ ਜੰਗ ਤੋਂ ਭਗੌੜਾ ਹੋ ਕੇ ਵੀ ਕੋਈ ਆਪਣੀ ਮਹਿਬੂਬਾ ਨੂੰ ਨਹੀਂ ਬਚਾ ਸਕਦਾ।

-"ਕੀ ਕਾਰਨ ਹੈ ਇਨ੍ਹਾਂ ਸੋਚਾਂ ਦਾ?"

ਉਹ ਫਿਰ ਆਪਣੇ ਆਪ ਨੂੰ ਬੁੜਬੁੜਾਇਆ।

ਕੱਲ੍ਹ ਹੀ ਤਾਂ ਉਸ ਨੇ ਰੇਡੀਓ ਤੋਂ ਇਹ ਸੂਚਨਾ ਸੁਣੀ ਸੀ ਕਿ ਹੈਮਿੰਗਵੇ ਦੇ ਭਰਾ ਨੇ ਵੀ ਆਪਣੇ ਆਪ ਨੂੰ ਗੋਲੀ ਮਾਰ ਕੇ ਆਤਮ-ਹੱਤਿਆ ਕਰ ਲਈ ਸੀ, ਢੇਰ ਚਿਰ ਪਹਿਲਾਂ ਹੈਮਿੰਗਵੇ ਦੇ ਬਾਪ ਨੇ ਵੀ ਆਪਣਾ ਇਹ ਹੀ ਹਸ਼ਰ ਕੀਤਾ ਸੀ। ਕਿਉਂ?

-ਮਨ ਦੀ ਸ਼ਾਂਤੀ?

-ਪੂਰਨ ਸੁਤੰਤਰਤਾ?

-ਸੂਰਮਤਾਈ?

ਇਨ੍ਹਾਂ ਸੋਚਾਂ ਸੌਂਹੇਂ ਆਪਮੁਹਾਰੇ ਹੀ ਰਾਈਫ਼ਲ ਦੀ ਨਾਲੀ ਉਸ ਦੀ ਪੁੜਪੁੜੀ ਨਾਲ ਆ ਲੱਗੀ। ਮੈਗਜ਼ੀਨ ਵਿਚ ਚਾਰ ਤੇ ਨਾਲੀ ਵਿਚ ਇਕ, ਮਿਲਾ ਕੇ, ਕੁਲ ਪੰਜ ਗੋਲੀਆਂ ਸਨ। ਉਸ ਨੇ ਸੇਫ਼ਟੀ ਹਟਾਈ ਅਤੇ ਘੋੜੇ ਉੱਤੇ ਉਸ ਦੀ ਪਕੜ ਮਜ਼ਬੂਤ ਹੁੰਦੀ ਗਈ।

ਸੂਰਜ ਡੁੱਬ ਚੁੱਕਾ ਸੀ। ਆਕਾਸ਼ ਉੱਤੇ ਡੁੱਬਦੇ ਦੀ ਲਾਲੀ ਅਜੇ ਵੀ ਖ਼ੂਨ ਦੇ ਛੱਪੜ ਅਤੇ ਛਿੱਟਿਆਂ ਵਾਂਗ ਫੈਲੀ ਹੋਈ ਸੀ।

ਉਸ ਦੇ ਅੰਦਰ ਕੋਈ ਘੋੜੇ ਦੇ ਲਗਾਤਾਰ ਦੱਬ ਹੋਣ ਅਤੇ ਗੋਲੀ ਦੇ ਚੱਲਣ ਦਾ ਇੰਤਜ਼ਾਰ ਕਰ ਰਿਹਾ ਸੀ। ਸਮਾਂ ਜਿਵੇਂ ਪਲ ਦੀ ਪਲ ਰੁਕ ਗਿਆ ਸੀ। ਸਾਹ ਜਿਵੇਂ ਛਿਣ ਦੀ ਛਿਣ ਖੜ੍ਹ ਗਿਆ ਸੀ। ਧੜਕਣ ਜਿਵੇਂ ਬਿੰਦ ਦੀ ਬਿੰਦ ਬੰਦ ਹੋ ਗਈ ਸੀ।

ਤੇ ਫਿਰ... ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਹ ਹੈਮਿੰਗਵੇ ਦਾ ਹੀ ਇਕ ਹੋਰ ਭਰਾ ਹੋਵੇ... ਅਤੇ ਹੈਮਿੰਗਵੇ ਦੇ ਬੁੱਢੇ ਮਾਹੀਗੀਰ ਤੇ ਕਾਵਾ ਬਾਟਾ ਬਾਰੇ ਸੋਚਦਾ ਹੋਇਆ ਘੋੜੇ ਦੇ ਦੱਬ ਹੋਣ ਤੇ ਰਾਈਫ਼ਲ ਦੇ ਚੱਲਣ ਵਿਚਕਾਰਲੇ ਉਡੀਕ-ਬਿੰਦੂ ਉੱਤੇ ਲਗਾਤਾਰ ਬੀਤਦਾ ਹੋਇਆ ਸਮੇਂ ਦੀ ਨਿਰੰਤਰਤਾ ਵਿਚ ਵਿਅਰਥ ਹੋ ਰਿਹਾ ਹੋਵੇ। ਨਾ ਗੋਲੀ ਚੱਲੀ, ਨਾ ਖ਼ੂਨ ਹੀ ਵਗਿਆ। ਲਹਿੰਦੇ ਦੀ ਲਾਲੀ, ਪੱਥਰਾਂ ਦੇ ਚੁੱਲ੍ਹੇ ਵਿਚ, ਕੋਲਿਆਂ ਵਾਂਗ ਦਹਿਕ ਰਹੀ ਸੀ। ●○●

# ਜੂਠੀ ਪਲੇਟ

## ਸੁਖਵੰਤ ਹੁੰਦਲ

ਉਹ ਰਸੋਈ ਵਿਚ ਪਕੌੜੇ ਤਲ਼ ਰਹੀ ਸੀ। ਲਿਵਿੰਗ ਰੂਮ ਵਿਚ ਉਸਦਾ ਪਤੀ ਅਤੇ ਉਸਦੇ ਦੋਸਤ ਤਾਸ਼ ਖੇਡ ਰਹੇ ਸਨ। ਬੇਗੀ, ਬਾਦਸ਼ਾਹ, ਯੱਕੇ ਨੂੰ ਤਿੰਨ ਦੁੱਕੀਆਂ ਜਿੱਤ ਰਹੀਆਂ ਸਨ। ਡਾਲਰ ਇਕ ਤੋਂ ਦੂਜੇ ਵੱਲ, ਦੂਜੇ ਤੋਂ ਤੀਜੇ ਵੱਲ ਸਫਰ ਕਰ ਰਹੇ ਸਨ। ਜੋ ਹਾਰਦਾ ਉਹ ਇਕੋ ਸਾਹ ਪੈੱਗ ਖਾਲੀ ਕਰ ਦਿੰਦਾ, ਜੋ ਜਿੱਤਦਾ ਉਹ ਘੁੱਟੋ-ਘੁੱਟੀ ਪੀ ਸ਼ਰਾਬ ਦਾ ਮਜ਼ਾ ਲੈਂਦਾ।

"ਮਿੰਦਰ ਆ ਪਕੌੜੇ ਲਿਆਈਂ", ਉਸਦੇ ਪਤੀ ਦੀ ਅਵਾਜ਼ ਆਈ। ਉਹ ਪਕੌੜਿਆ ਦੀ ਪਲੇਟ ਭਰ ਲਿਵਿੰਗ ਰੂਮ ਵਿਚ ਗਈ। ਪਤੀ ਦੇ ਦੋਸਤਾਂ ਉਹਨੂੰ ਸਤ ਸ੍ਰੀ ਅਕਾਲ ਬੁਲਾਈ।

"ਕੁਲਦੀਪ ਦਾ ਕੀ ਹਾਲ ਹੈ?" ਉਸ ਇਕ ਤੋਂ ਉਸਦੀ ਪਤਨੀ ਬਾਰੇ ਪੁੱਛਿਆ।

"ਠੀਕ ਹੈ! ਮਜ਼ੇ 'ਚ ਹੈ ਘਰ", ਜੁਆਬ ਮਿਲਿਆ।

ਉਸ ਦੂਜਿਆਂ ਤੋਂ ਉਹਨਾਂ ਦੀਆਂ ਪਤਨੀਆਂ ਬਾਰੇ ਨਹੀਂ ਪੁੱਛਿਆ। ਉਹਨੂੰ ਪਤਾ ਸੀ, ਉਹ ਮਜ਼ੇ ਵਿਚ ਹੋਣਗੀਆਂ ਘਰ। ਉਹ ਮੁੜ ਰਸੋਈ ਵਿਚ ਆ ਗਈ। ਪਕੌੜੇ ਉਹ ਤਲ਼ ਚੁੱਕੀ ਸੀ। ਸਬਜ਼ੀ ਕੱਟਣ ਲੱਗੀ। ਸਬਜ਼ੀ ਕੱਟਦੀ ਪਤਾ ਨਹੀਂ ਕਦੋਂ ਉਹ ਬੀਤੇ ਬਾਰੇ ਸੋਚਣ ਲੱਗੀ।

ਉਹ ਤੇਰ੍ਹਵੀਂ ਵਿਚ ਸੀ ਉਦੋਂ, ਜਦੋਂ ਉਹਨਾਂ ਦੇ ਘਰ ਉਸਦੇ ਵਿਆਹ ਬਾਰੇ ਗੱਲ ਚੱਲੀ ਸੀ। ਇਹ ਸੁਣ ਉਸਦੇ ਮਨ ਵਿਚ ਨਵੀਆਂ ਸਧਰਾਂ ਅਤੇ ਸੋਚਾਂ ਨੇ ਪੁੰਗਰਣਾ ਸ਼ੁਰੂ ਕੀਤਾ। ਉਸਦੇ ਦਿਮਾਗ ਵਿਚ ਇਕ ਸੋਹਣੀ ਸੁਨੱਖੀ ਸੂਰਤ ਉਭਰਨ ਲੱਗੀ। ਇਹ ਸੂਰਤ ਉਸਨੂੰ ਬੜੀ ਪਿਆਰੀ ਲੱਗਦੀ। ਉਹ ਆਪਣੇ ਆਪ ਨੂੰ ਇਸ ਸੋਹਣੀ ਸੂਰਤ ਪਿੱਛੇ ਲਾਵਾਂ ਲੈਂਦੀ ਵੇਖਦੀ। ਫੇਰ ਉਹ ਕਾਰ ਵਿਚ ਬੈਠ ਉਸਦੇ ਨਾਲ ਉਸਦੇ ਘਰ ਜਾਂਦੀ। ਇਕ ਸਜੇ ਹੋਏ ਕਮਰੇ ਵਿਚ ਬੈਠ ਉਹ ਉਸ ਸੂਰਤ ਨੂੰ ਉਡੀਕਦੀ। ਲੰਮੀ ਉਡੀਕ ਬਾਅਦ ਉਹ ਸੂਰਤ ਉਸਦੇ ਕਮਰੇ ਦਾ ਦਰਵਾਜ਼ਾਂ ਖੋਲ੍ਹ ਅੰਦਰ ਆਉਂਦੀ। ਉਹ ਉਸਤੇ ਇਕ ਸੰਗਦੀ ਨਜ਼ਰ ਸੁੱਟ ਨੀਵੀਂ ਪਾ ਲੈਂਦੀ। ਸੂਰਤ ਪਲੰਘ 'ਤੇ ਬੈਠ ਜਾਂਦੀ। ਉਸਦੀ ਠੋਡੀ ਫੜ ਮੂੰਹ ਆਪਣੇ ਵੱਲ





ਘੁਮਾਉਂਦੀ। ਉਸਦੇ ਹੋਠ ਉਸਦੇ ਹੋਠਾਂ ਵਲ ਵੱਧਦੇ। ਇਥੋਂ ਤੱਕ ਸੋਚ ਉਹ ਸ਼ਰਮਾ ਜਾਂਦੀ। ਇਸ ਤੋਂ ਅੱਗੇ ਉਹ ਕਦੇ ਵੀ ਨਹੀਂ ਸੀ ਸੋਚ ਸਕੀ।

ਰਿਸ਼ਤੇਦਾਰੀਆਂ ਵਿਚੋਂ ਉਸ ਲਈ ਮੁੰਡਿਆਂ ਦੀ ਦੱਸ ਪੈਣ ਲੱਗੀ। ਜਦੋਂ ਮੁੰਡੇ ਵਾਲੇ ਉਸਨੂੰ ਵੇਖਣ ਆਉਂਦੇ, ਉਹ ਵੀ ਮੁੰਡੇ ਨੂੰ ਵੇਖ ਆਪਣੇ ਨਾਲ ਮੇਚਦੀ। ਉਸਨੂੰ ਕੋਈ ਵੀ ਮੁੰਡਾ ਪਸੰਦ ਨਾ ਆਉਂਦਾ। ਕਿਸੇ ਦੀਆਂ ਅੱਖਾਂ ਉਸਨੂੰ ਨਿੱਕੀਆਂ ਲੱਗਦੀਆਂ, ਕੋਈ ਹੋਰ ਹੱਸਦਾ ਤਾਂ ਉਸਨੂੰ ਉਸਦੇ ਮੂਹਰਲੇ ਦੋ ਦੰਦ ਚੰਗੇ ਨਾ ਲੱਗਦੇ ਅਤੇ ਕਿਸੇ ਦੀ ਨੌਕਰੀ ਉਸਨੂੰ ਪਸੰਦ ਨਾ ਆਉਂਦੀ। ਮੁੰਡੇ ਵਾਲਿਆਂ ਦੇ ਜਾਣ ਤੋਂ ਬਾਅਦ, ਜਦੋਂ ਉਸਦਾ ਬਾਪੂ ਉਸਨੂੰ ਮੁੰਡੇ ਬਾਰੇ ਪੁੱਛਦਾ ਤਾਂ ਉਹ ਇਨਕਾਰ ਕਰ ਦਿੰਦੀ। ਫਿਰ ਉਸਦੀ ਭੂਆ ਦੀ ਰਿਸ਼ਤੇਦਾਰੀ 'ਚੋਂ ਇਕ ਮੁੰਡੇ ਦੀ ਦੱਸ ਪਈ। ਮੁੰਡਾ ਬੀ. ਏ. ਕਰ ਕਨੇਡਾ ਚਲੇ ਗਿਆ ਸੀ। ਹੁਣ ਵਿਆਹ ਕਰਾਉਣ ਦੇਸ਼ ਆਇਆ ਹੋਇਆ ਸੀ। ਜਦੋਂ ਉਹ ਮੁੰਡਾ ਉਸਨੂੰ ਵੇਖਣ ਆਇਆ ਤਾਂ ਬਾਹਰਲੇ ਚਮੜੇ ਦੀ ਕਾਲੀ ਜੈਕਟ ਅਤੇ ਕਾਲੀ ਪੈਂਟ ਵਿਚ ਉਹ ਮੁੰਡਾ ਉਸਨੂੰ ਉਸਦੀ ਕਲਪੀ ਸੂਰਤ ਵਰਗਾ ਲੱਗਾ। ਗੱਲਾਂ ਗੱਲਾਂ ਵਿਚ ਇਕ ਅੱਧ ਅੰਗ੍ਰੇਜ਼ੀ ਦਾ ਫਿਕਰਾ ਬੋਲਦਾ ਮੁੰਡਾ ਉਸਨੂੰ ਬਹੁਤ ਹੀ ਪਿਆਰਾ ਲੱਗਾ। ਮੁੰਡੇ ਦਾ ਅੱਖਾਂ ਗੱਡੀ ਉਸ ਵੱਲ ਵੇਖੀ ਜਾਣਾ ਉਸਨੂੰ ਬੁਰਾ ਲੱਗਿਆ। ਪਰ ਇਹ ਸੋਚ ਕਿ 'ਉਹ ਮੈਨੂੰ ਵੇਖਣ ਹੀ ਤਾਂ ਆਇਆ', ਉਸ ਇਸ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ। ਮੁੰਡੇ ਅਤੇ ਉਸਦੇ ਰਿਸ਼ਤੇਦਾਰਾਂ ਦੇ ਜਾਣ ਤੋਂ ਬਾਅਦ, ਬਾਪੂ ਦੇ ਪੁੱਛਣ ਤੇ ਉਸ ਹਾਂ ਕਰ ਦਿੱਤੀ।

ਸਬਜ਼ੀ ਕੱਟ ਉਸ ਪਤੀਲੇ ਵਿਚ ਪਾ ਦਿੱਤੀ। ਲਿਵਿੰਗ ਰੂਮ ਵਿਚ ਉਸਦਾ ਪਤੀ ਆਪਣੀ ਪਹਿਲੀ ਰਾਤ ਦੀ ਗੱਲ ਸੁਣਾ ਰਿਹਾ ਸੀ। "ਮੈ ਪਹਿਲਾਂ ਹੀ ਇਕ ਮੁੰਡੇ ਤੋਂ ਫੀਮ ਮੰਗਾ ਲਈ ਸੀ। ਹੱਥ ਹੁੱਥ ਤਾਂ ਕਾਰ ਵਿਚ ਹੀ ਫੇਰਨ ਲੱਗ ਪਿਆ ਸੀ। ਆ ਕੇ ਦੋ ਚਾਰ ਪੈੱਗ ਲਾਏ। ਨਲਕੇ ਤੇ ਜਾ ਕੇ ਫੀਮ ਅੰਦਰ ਸੁੱਟ ਲਈ। ਜਾ ਵੜਿਆ ਅੰਦਰ। ਇਹਦੇ ਆਲੇ ਦੁਆਲੇ ਦੋ ਚਾਰ ਜੁਆਕੜੀਆਂ ਬੈਠੀਆਂ ਸੀ। ਇਕ ਨੂੰ ਮਾੜਾ ਜਿਹਾ ਦਬਕਾ ਮਾਰਿਆ, ਸਾਰੀਆਂ ਨਿਕਲ ਗਈਆਂ ਬਾਹਰ। ਅੰਦਰੋਂ ਕੁੰਡਾ ਮਾਰ ਮੈਂ ਲੱਗ ਪਿਆ ਇਹਦੇ ਕਪੜੇ ਲਾਹੁਣ। ਨਹੀਂ ਜੀ ਨਹੀਂ ਜੀ ਕਰੇ। ਆਪਾਂ ਨਹੀਂ ਪਰਵਾਹ ਕੀਤੀ। ਮਨ 'ਚ ਕਿਹਾ, ਸਾਲੀਏ ਤੈਨੂੰ ਲਿਆਂਦਾ ਕਾਹਦੇ ਲਈ ਆ। ਬੱਸ ਫੇਰ ਹੋ ਗਏ ਸ਼ੁਰੂ।"

ਇਹ ਸੁਣ ਉਸਨੂੰ ਇੰਝ ਲੱਗਾ ਜਿਵੇਂ ਉਸਦੇ ਪਤੀ ਨੇ ਉਸਨੂੰ ਨੰਗੀ

ਕਰ ਦੋਸਤਾਂ ਦੇ ਸਾਹਮਣੇ ਖੜੀ ਕਰ ਦਿੱਤਾ ਹੋਵੇ ਅਤੇ ਉਸ ਕੋਲ ਆਪਾ ਢਕਣ ਲਈ ਕੁੱਝ ਨਾ ਹੋਵੇ। ਉਸਦਾ ਪਤੀ ਅਗਾਂਹ ਦੀ ਗੱਲ ਬੜੇ ਮਾਣ ਨਾਲ ਸੁਣਾ ਰਿਹਾ ਸੀ। ਪਤੀ ਦੇ ਦੋਸਤ ਗੱਲ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ। ਜਿਵੇਂ ਕੋਈ ਬਲੂ ਫਿਲਮ ਵੇਖ ਰਹੇ ਹੋਣ। ਇਕ ਨੇ ਪੈੱਗ ਪਾਇਆ। ਪੈੱਗ ਵਿਚ ਸੋਡਾ ਪਾਉਣ ਲਈ ਸੋਡੇ ਦੀ ਬੋਤਲ ਚੁੱਕੀ। ਬੋਤਲ ਖਾਲੀ ਸੀ।

"ਯਾਰ ਸੋਡਾ ਹੋਰ ਹੈਗਾ?" ਦੋਸਤ ਨੇ ਪਤੀ ਨੂੰ ਕਿਹਾ।

"ਸੋਡਾ ਬੜਾ, ਆਪਾਂ ਨਹੀਂ ਲੋਕਾਂ ਵਾਂਗ ਗਰੋਸਰੀ ਲਿਆਉਣ 'ਚ ਕਦੇ ਸਰਫਾ ਕੀਤਾ।"

"ਐਥੋਂ ਸੋਡਾ ਫੜਾਈਂ" ਪਤੀ ਨੇ ਹਾਕ ਮਾਰੀ।

ਉਹ ਉਹਨਾਂ ਸਾਰਿਆਂ ਦੇ ਸਾਹਮਣੇ ਨਹੀਂ ਸੀ ਜਾਣਾ ਚਾਹੁੰਦੀ। ਉਸਨੂੰ ਆਪਣਾ ਆਪਾ ਅਣਕੱਜਿਆ ਅਣਕੱਜਿਆ ਲੱਗਦਾ ਸੀ। ਉਹ ਜਾਣ ਜਾਂ ਨਾ ਜਾਣ ਬਾਰੇ ਸੋਚ ਰਹੀ ਸੀ ਕਿ ਉਸ ਦਾ ਪਤੀ ਗਰਜਿਆ, "ਤੈਨੂੰ ਸੁਣਦਾ ਨਹੀਂ? ਮੈਂ ਕਿਹਾ ਸੋਡਾ ਫੜਾਈਂ।"

ਉਹ ਫਰਿੱਜ ਵਿਚੋਂ ਬੋਤਲ ਕੱਢ ਫੜਾਉਣ ਚਲੀ ਗਈ। ਉਸਨੂੰ ਲੱਗਾ ਜਿਵੇਂ ਪਤੀ ਦੇ ਦੋਸਤ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਹੋਣ। ਸੋਡਾ ਰੱਖ ਮੁੜਨ ਲੱਗੀ ਦੀ ਬਾਂਹ ਫੜ ਉਸਦਾ ਪਤੀ ਬੋਲਿਆ, "ਕਿਉਂ ਡਾਰਲਿੰਗ, ਥੋੜੀ ਕੁ ਲਾਉਣੀ?"

ਫਿਰ ਉਸਦੇ ਪਤੀ ਨੇ ਉਸਨੂੰ ਆਪਣੇ ਵੱਲ ਖਿੱਚ ਚੁੰਮ ਲਿਆ। ਕਮਰਾ ਜ਼ੋਰਦਾਰ ਠਹਾਕਿਆਂ ਨਾਲ ਭਰ ਗਿਆ। ਉਹ ਬਾਂਹ ਛੁਡਾ ਬੈੱਡਰੂਮ ਵੱਲ ਦੌੜ ਗਈ। ਉਸਦੇ ਅੱਥਰੂ ਰੋਕਦਿਆਂ ਰੋਕਦਿਆਂ ਵਗ ਤੁਰੇ। ਪੰਜ ਸੱਤ ਮਿੰਟ ਰੋਣ ਤੋਂ ਬਾਅਦ ਉਹ ਫਿਰ ਸੋਚਣ ਲੱਗੀ।

ਉਸਦਾ ਸੁਫਨਾ ਤਾਂ ਪਹਿਲੀ ਰਾਤ ਹੀ ਟੁੱਟ ਗਿਆ ਸੀ। ਵਿਆਹ ਤੋਂ ਬਾਅਦ ਦੋ ਤਿੰਨ ਹਫਤੇ ਉਸਦਾ ਪਤੀ ਦੇਸ਼ ਰਿਹਾ। ਦਿਨੇ ਉਹ ਯਾਰਾਂ ਦੋਸਤਾਂ, ਰਿਸ਼ਤੇਦਾਰਾਂ ਵਿਚ ਘਿਰਿਆ ਰਹਿੰਦਾ। ਅੱਧੀ ਰਾਤ ਵਿਹਲਾ ਹੋ ਉਸ ਕੋਲ ਆਉਂਦਾ। ਬਿਨਾਂ ਕੁੱਝ ਬੋਲਿਆਂ, ਆਪਣਾ ਕੰਮ ਮੁਕਾਉਂਦਾ ਅਤੇ ਘੁਰਾੜੇ ਮਾਰਨ ਲੱਗਦਾ। ਸਾਰੇ ਦਿਨ ਦੀਆਂ ਸੋਚੀਆਂ ਉਸਦੇ ਮਨ ਵਿਚ ਹੀ ਰਹਿ ਜਾਂਦੀਆਂ।

ਪਤੀ ਦੇ ਕਨੇਡਾ ਆਉਣ ਦੇ ਛੇਆਂ ਮਹੀਨਿਆਂ ਬਾਅਦ ਉਹ ਵੀ ਕਨੇਡਾ ਆ ਗਈ। ਇਥੇ ਉਸਦਾ ਪਤੀ ਹਫਤੇ ਦੇ ਪੰਜ ਦਿਨ ਕੰਮ ਤੋਂ





ਆ, ਸ਼ਰਾਬ ਪੀ ਸੌਂ ਜਾਂਦਾ ਜਾਂ ਬਾਹਰ ਫਿਰਨ ਚਲਾ ਜਾਂਦਾ। ਵੀਕ-ਐਂਡ ਤੇ ਦੋਸਤਾਂ ਦੀਆਂ ਮਹਿਫਲਾਂ ਜੰਮਦੀਆਂ। ਉਹ ਸੱਭ ਦੋਸਤ ਵਿਆਹੇ ਹੋਏ ਸਨ ਪਰ ਨਾ ਕਦੇ ਉਸਦਾ ਪਤੀ ਉਸਨੂੰ ਕਿਸੇ ਦੇ ਘਰ ਲੈ ਕੇ ਗਿਆ ਸੀ ਅਤੇ ਨਾ ਹੀ ਉਸਦੇ ਦੋਸਤਾਂ ਵਿਚੋਂ ਕੋਈ ਆਪਣੀ ਵਹੁਟੀ ਨੂੰ ਉਹਨਾਂ ਦੇ ਘਰ ਲਿਆਇਆ ਸੀ। ਉਹ ਸਾਰੇ ਦੋਸਤ ਕਿਸੇ ਇਕ ਦੇ ਘਰ ਇਕੱਠੇ ਹੋ ਜਾਂਦੇ। ਸ਼ਰਾਬ ਪੀਂਦੇ, ਜੂਆ ਖੇਡਦੇ। ਵਿਚ ਵਿਚ ਆਪਣੇ ਵਿਆਹਾਂ ਤੋਂ ਪਹਿਲਾਂ ਦੀਆਂ ਆਪਣੀਆਂ ਗੋਰੀਆਂ ਸਹੇਲੀਆਂ ਦੀਆਂ ਗੱਲਾਂ ਕਰਦੇ। ਪਤਨੀਆਂ ਨਾਲ ਉਹਨਾਂ ਦੀ ਕੋਈ ਸਾਂਝ ਨਹੀਂ ਸੀ। ਉਹ ਸਿਰਫ ਉਹਨਾਂ ਲਈ ਸ਼ੁਗਲ ਦਾ ਸਾਧਨ ਸਨ। ਉਸਨੂੰ ਯਾਦ ਆਇਆ ਇਕ ਵਾਰ ਉਸਦੇ ਪਤੀ ਨੇ ਆਪਣੇ ਇਕ ਦੋਸਤ ਦੀ ਉਸ ਨਾਲ ਜਾਣ ਪਛਾਣ ਇੰਝ ਕਰਵਾਈ ਸੀ, "ਇਹ ਫਲਾਣਾ। ਇਸਤੋਂ ਬੱਚ ਕੇ ਰਹੀਂ, ਇਹਦਾ ਪੇਚਾਂ ਵਾਲਾ...।" ਉਸਦਾ ਦੋਸਤ ਹੀ ਹੀ ਕਰਕੇ ਹੱਸਿਆ ਸੀ। ਉਹ ਕੱਚੀ ਜਿਹੀ ਹੋਈ ਕੁੱਝ ਨਹੀਂ ਸੀ ਕਹਿ ਸਕੀ।

"ਰੋਟੀ ਤਿਆਰ ਹੈ?" ਉਸਦੇ ਪਤੀ ਦੀ ਅਵਾਜ਼ ਸੀ।

"ਹੁਣੇ ਪਕਾ ਦਿੰਨੀ ਆਂ"।

ਉਹ ਉੱਠ ਕੇ ਰੋਟੀ ਪਕਾਉਣ ਲੱਗ ਪਈ। ਉਸ ਰੋਟੀ ਟੇਬਲ 'ਤੇ ਲਾ ਦਿੱਤੀ। ਉਹ ਸਾਰੇ ਰੋਟੀ ਖਾਣ ਲੱਗੇ। ਉਹ ਸਾਰੇ ਜਿੱਦ ਜਿੱਦ ਕੇ ਰੋਟੀ ਖਾ ਰਹੇ ਸਨ। "ਅੱਜ ਭਾਬੀ ਦਾ ਆਟਾ ਮੁਕਾਉਣਾ।" ਉਸ ਦੋ ਵਾਰ ਆਟਾ ਗੁੰਨਿਆ। ਉਹ ਆਪਣੀ ਜਿੱਤ 'ਤੇ ਖੁਸ਼ ਹੁੰਦੇ ਰਹੇ, ਸ਼ਰਾਬ ਡੀਕਦੇ ਰਹੇ।

ਰੋਟੀ ਖਾ ਲਿਵਿੰਗ ਰੂਮ ਵਿਚ ਆ ਉਹਦੇ ਪਤੀ ਨੇ ਕਿਹਾ, "ਡਾਊਨ-ਟਾਊਨ ਵਿਚ ਗੇੜਾ ਗੂੜਾ ਮਾਰ ਆਈਏ।"

"ਭਾਬੀ ਨੇ ਤੈਨੂੰ ਗਾਹਲਾਂ ਕੱਢਣੀਆਂ", ਇਕ ਨੇ ਉਸਦੇ ਪਤੀ ਨੂੰ ਕਿਹਾ।

"ਜੁੱਤੀ ਨੀ ਦਿਸਦੀ ਉਹਨੂੰ", ਉਸਦਾ ਪਤੀ ਬੋਲਿਆ।

ਇਹ ਕਹਿ, ਬੂਹਾ ਖੋਲ੍ਹ ਉਹ ਬਾਹਰ ਨਿਕਲ ਗਿਆ। ਪਿੱਛੇ ਪਿੱਛੇ ਸੱਭ ਦੋਸਤ ਨਿਕਲ ਗਏ। ਕਾਰ ਸਟਾਰਟ ਹੋਈ। ਉੱਚੀ ਉੱਚੀ ਰੌਲਾ ਪਾਉਂਦੇ ਉਹ ਬਾਹਰ ਚਲੇ ਗਏ। ਉਹ ਰਸੋਈ ਵਿਚ ਜੂਠੀਆਂ ਪਲੇਟਾਂ ਸਾਫ ਕਰਨ ਲੱਗ ਪਈ। ਉਸਨੂੰ ਜਾਪਿਆ ਜਿਵੇਂ ਉਹ ਵੀ ਇਹਨਾਂ ਜੂਠੀਆਂ ਪਲੇਟਾਂ ਵਿਚੋਂ ਇਕ ਹੋਵੇ। ●○●

# ਬੇਗਾਨੀਆਂ ਕੰਧਾਂ

## ਮੇਜਰ ਮਾਂਗਟ

ਅੱਜ ਵਰਗਾ ਦਿਨ ਹਰਦਿੱਤ ਕੌਰ ਦੀ ਜ਼ਿੰਦਗੀ ਵਿਚ ਸ਼ਾਇਦ ਹੀ ਕੋਈ ਆਇਆ ਹੋਵੇ। ਹਾਂ, ਆਏ ਸੀ ਕੁੱਝ ਦਿਨ, ਜਿਹਨਾਂ ਨੂੰ ਹਮੇਸ਼ਾਂ ਉਹ ਯਾਦ ਰੱਖਦੀ ਹੈ ਅਤੇ ਉਹ ਦਿਨ ਉਸ ਦੇ ਮਨ ਤੇ ਉੱਕਰ ਪਏ ਹਨ। ਜਿਵੇਂ ਛੋਟੀ ਉਮਰ ਵਿਚ ਹੀ ਉਸ ਦੀ ਮਾਂ ਦਾ ਹਮੇਸ਼ਾਂ ਲਈ ਵਿਛੜ ਜਾਣਾ, ਵਿਆਹ ਸਮੇਂ ਉਸਦਾ ਆਪਣਾ ਤੀਲਾ ਤੀਲਾ ਜੋੜ ਕੇ ਬਣਾਇਆ ਘਰ ਛੱਡਕੇ ਆਪਣੇ ਸਹੁਰਿਆਂ ਦੇ ਘਰ ਜਾ ਵਸਣਾ। ਫੇਰ ਉਹ ਉਸ ਦਿਨ ਬਹੁਤ ਰੋਈ ਸੀ ਜਦੋਂ ਉਸ ਦੀ ਸਭ ਤੋਂ ਛੋਟੀ ਕੁੜੀ ਦੀ ਡੋਲੀ ਵਿਦਾ ਹੋਈ ਸੀ ਅਤੇ ਜਾਂ ਫਿਰ ਉਸ ਨੂੰ ਉਹ ਦਿਨ ਬਹੁਤ ਝੰਜੋੜ ਕੇ ਰੱਖ ਗਿਆ ਸੀ, ਜਿਸ ਦਿਨ ਉਹ ਪ੍ਰਦੇਸਾਂ ਨੂੰ ਆਏ ਸਨ। ਉਹ ਦਿਨ ਵੀ ਅੱਜ ਵਰਗਾ ਭਿਆਨਕ ਦਿਨ ਸੀ, ਉਸ ਦਿਨ ਵੀ ਉਹ ਬਹੁਤ ਰੋਈ ਸੀ। ਜਿਵੇਂ ਥੰਮੀਆਂ ਸਹਾਰੇ ਖੜੀ ਛੱਤ ਦਾੜ ਦਾੜ ਕਰਦੀ ਧਰਤੀ ਉੱਤੇ ਆ ਡਿੱਗੀ ਹੋਵੇ। ਅੱਜ ਵੀ ਉਸਨੂੰ ਜਾਪਦਾ ਸੀ ਜਿਵੇਂ ਉਸ ਦੀਆਂ ਅੱਖਾਂ ਜੋਤਹੀਣ ਹੋ ਗਈਆਂ ਹੋਣ। ਨਾਲੇ ਪੰਜ ਸਾਲ ਦਾ ਵਕਤ ਵੀ ਕਿਹੜਾ ਥੋੜਾ ਵਕਤ ਹੁੰਦਾ ਹੈ, ਜੇ ਪੰਜ ਸਾਲ ਪਾਣੀ ਦੀ ਬੂੰਦ ਲਗਾਤਾਰ ਪੱਥਰ ਤੇ ਡਿੱਗਦੀ ਰਹੇ ਤਾਂ ਪੱਥਰ ਵਿਚ ਛੇਕ ਹੋ ਜਾਂਦਾ ਹੈ ਉਹ ਤਾਂ ਫਿਰ ਇਨਸਾਨ ਸੀ ਇਕ ਜਿਉਂਦੀ ਜਾਗਦੀ ਇਨਸਾਨ...। ਮਨ ਦੇ ਕਿਸੇ ਕੋਨਿਓਂ ਫਿਰ ਆਵਾਜ਼ ਉੱਠੀ "ਆਖਿਰ ਕੀ ਰਿਸ਼ਤਾ ਸੀ ਤੇਰਾ ਉਸ ਦੇ ਨਾਲ? ਕੀ ਤੇਰਾ ਉਹ ਕੋਈ ਸਕਾ ਪੁੱਤ, ਪੋਤਾ, ਜਾਂ ਦੋਹਤਾ ਸੀ? ਕੀ ਸੀ ਤੇਰਾ ਉਹੋ?" ਦੂਸਰੇ ਹੀ ਪਲ ਮਨ 'ਚੋਂ ਫਿਰ ਆਵਾਜ਼ ਉੱਠੀ "ਮਨਾਂ ਕੀ ਸਾਰੇ ਰਿਸ਼ਤੇ ਖ਼ੂਨ ਨਾਲ ਹੀ ਜੁੜੇ ਹੁੰਦੇ ਹਨ?" ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ ਜੋ ਖ਼ੂਨ ਦੀਆਂ ਹੱਦਾਂ ਤੋਂ ਵੀ ਅਗਾਂਹ ਲੰਘ ਕੇ ਧੁਰ ਕਾਲਜੇ ਵਿਚ ਉਤਰ ਜਾਂਦੇ ਹਨ। ਖ਼ੈਰ! ਇਕ ਅਜਿਹਾ ਹੀ ਰਿਸ਼ਤਾ ਸੀ, ਧੁਰ ਅੰਦਰ ਤੱਕ ਲਹਿ ਜਾਣ ਵਾਲਾ ਰਿਸ਼ਤਾ। ਉਸਦੀ ਸੋਚ ਦਸ ਸਾਲ ਪਿੱਛੇ ਪਰਤਦੀ ਹੈ।

ਪੰਜਾਬ ਵਿਚ ਉਹਨਾਂ ਦਾ ਆਪਣਾ ਇਕ ਘਰ ਹੁੰਦਾ ਸੀ ਤੀਲਾ ਤੀਲਾ





ਜੋੜ ਕੇ ਬਣਾਇਆ ਹੋਇਆ ਘਰ। ਪਾਕਿਸਤਾਨ ਬਣਨ ਵੇਲੇ ਉਹ ਉੱਜੜ ਕੇ ਇੱਥੇ ਹੀ ਆ ਕੇ ਵਸੇ ਸਨ, ਜਿਸ ਨੂੰ ਬਾਅਦ ਵਿਚ ਉਨ੍ਹਾਂ ਦੀ ਸਖ਼ਤ ਮਿਹਨਤ ਨੇ ਇੱਕ ਭਰਿਆ ਭਕੁੰਨਿਆਂ ਘਰ ਬਣਾ ਦਿੱਤਾ ਸੀ। ਪਿੰਡ ਵਿਚ ਉਨ੍ਹਾਂ ਦੀ ਚੰਗੀ ਜ਼ਮੀਨ ਸੀ, ਚੰਗਾ ਮਾਲ ਪਸ਼ੂ ਸੀ। ਜੇ ਘਾਟ ਸੀ ਤਾਂ ਇੱਕੋ ਉਹਨਾਂ ਦੇ ਕਿਸੇ ਪੁੱਤਰ ਨੇ ਜਨਮ ਨਹੀਂ ਸੀ ਲਿਆ। ਬੜਾ ਦਿਲ ਕਰਦਾ ਸੀ ਉਸ ਦਾ ਇਕ ਨੰਨੇ ਜਿਹੇ ਪੁੱਤਰ ਦੀ ਮਾਂ ਬਣਨ ਨੂੰ, ਪਰ ਸੁਪਨੇ ਗੁੰਦੇ ਗੁੰਦਾਏ ਹੀ ਰਹਿ ਗਏ ਸਨ। ਤਾਂ ਵੀ ਉਹ ਪਿੰਡ ਵਿਚ ਇਕ ਸਰਦੇ ਪੁਜਦੇ ਪਰਿਵਾਰ ਦੇ ਤੌਰ ਤੇ ਜਾਣੇ ਜਾਂਦੇ ਸਨ। ਉਸਦਾ ਪਤੀ ਠਾਕਰ ਸਿੰਘ ਬੜਾ ਖੁਸ਼ਮਿਜਾਜ਼, ਮਿਹਨਤੀ ਅਤੇ ਨੇਕ ਇਨਸਾਨ ਸੀ । ਉਹਨਾਂ ਦੇ ਘਰ ਤਿੰਨ ਕੁੜੀਆਂ ਨੇ ਜਨਮ ਲਿਆ, ਬੜੇ ਚਾਵਾਂ ਨਾਲ ਉਨ੍ਹਾਂ ਕੁੜੀਆਂ ਨੂੰ ਪਾਲਿਆ, ਜਵਾਨ ਕੀਤਾ ਅਤੇ ਉਹਨਾਂ ਦੇ ਵਿਆਹ ਕੀਤੇ। ਵਿਚਕਾਰਲੀ ਕੁੜੀ ਦਾ ਵਿਆਹ ਵਿਚ ਪੈ ਕੇ ਕਿਸੇ ਰਿਸ਼ਤੇਦਾਰ ਨੇ ਕਨੇਡਾ ਰਹਿ ਰਹੇ ਕਿਸੇ ਮੁੰਡੇ ਨਾਲ ਕਰਵਾ ਦਿੱਤਾ ਸੀ ਅਤੇ ਫਿਰ ਉਹਨਾਂ ਦੀ ਕੁੜੀ ਕਨੇਡਾ ਆ ਗਈ ਸੀ। ਸਮਾਂ ਬੀਤਿਆ ਤਾਂ ਉਹਨਾਂ ਦੀ ਉਸ ਕੁੜੀ ਨੇ ਜ਼ੋਰ ਪਾਕੇ ਉਹਨਾਂ ਨੂੰ ਕਨੇਡਾ ਆਉਣ ਲ਼ਈ ਮਨਾ ਲਿਆ ਅਤੇ ਉਹਨਾਂ ਦੇ ਕਾਗਜ਼ ਪੱਤਰ ਭਰ ਦਿੱਤੇ। ਇਕ ਉਹ ਦਿਨ ਵੀ ਆਇਆ ਜਦੋਂ ਉਹ ਆਪਣਾ ਪਿੰਡ ਛੱਡਕੇ ਕਨੇਡਾ ਲਈ ਰਵਾਨਾ ਹੋਏ। ਉਹ ਦਿਨ ਵੀ ਬੜਾ ਔਖਾ ਦਿਨ ਸੀ। ਉਸ ਦਿਨ ਵੀ ਉਹ ਬਹੁਤ ਰੋਈ ਸੀ ਜਿਵੇਂ ਘਰ ਦੀਆਂ ਕੰਧਾਂ ਤੇ ਉਸਦੇ ਹੱਥਾਂ ਨਾਲ ਚਿੱਤਰੇ ਮੋਰ ਘੁੱਗੀਆਂ ਵਿਰਲਾਪ ਕਰ ਰਹੇ ਹੋਣ, ਜਿਨ੍ਹਾਂ ਨੂੰ ਜਾਂਦੀ ਵਾਰ ਦੀਆਂ ਥਾਪੀਆਂ ਦੇ ਕੇ ਹਰਦਿੱਤ ਕੌਰ ਦੀਆਂ ਭੁੱਬਾਂ ਨਿਕਲ ਗਈਆਂ ਸਨ। ਲਗਦਾ ਸੀ ਜਿਵੇਂ ਇਕੱਲੀ ਇਕੱਲੀ ਚੀਜ਼ ਉਹਨਾਂ ਦੇ ਪੈਰਾਂ ਨਾਲ ਚੁੰਬੜ ਕੇ ਬੈਠ ਗਈ ਹੈ। ਤਾਂ ਵੀ ਉਹ ਇਹਨਾਂ ਪੀਢੀਆਂ ਗੰਢਾਂ ਦੇ ਰਿਸ਼ਤੇ ਨਾਤੇ ਤੋੜਕੇ ਅਤੇ ਆਪਣਾ ਘਰ ਕਿਸੇ ਰਿਸ਼ਤੇਦਾਰ ਨੂੰ ਸੰਭਾਲ ਕੇ ਪ੍ਰਦੇਸਾਂ ਵਿਚ ਆ ਗਏ ਸਨ।

ਕਨੇਡਾ ਆ ਕੇ ਕੁੱਝ ਦੇਰ ਤਾਂ ਉਹ ਆਪਣੀ ਕੁੜੀ ਨਾਲ ਰਹੇ ਪਰ ਜਦੋਂ ਕੁੜੀ ਦੇ ਸਹੁਰੇ ਘਰ ਵਾਲਿਆਂ ਦੇ ਨਖ਼ਰੇ ਹੱਦ ਤੋਂ ਵੱਧਣ ਲੱਗੇ ਤਾਂ ਉਹਨਾਂ ਦਾ ਮਨ ਉਚਾਟ ਹੋ ਗਿਆ। ਫਿਰ ਇਕ ਦਿਨ ਉਹਨਾਂ ਨੇ ਆਪਣੀ ਕੁੜੀ ਅਤੇ ਪਰਾਹੁਣੇ ਨਾਲ ਗੱਲ ਕਰਕੇ ਆਪਣੀ ਇਕ ਵੱਖਰੀ ਬੇਸਮੈਂਟ ਕਿਰਾਏ ਤੇ ਲੈ ਲਈ। ਫਿਰ ਇਥੋਂ ਹੀ ਸ਼ੁਰੂ ਹੋ ਗਿਆ

ਸੀ ਉਹਨਾਂ ਲਈ ਮੁਸੀਬਤਾਂ ਦਾ ਸਮਾਂ। ਜੇ ਉਹਨਾਂ ਦੇ ਕੋਈ ਵੀ ਮੁੰਡਾ ਹੁੰਦਾ ਤਾਂ ਹੋਰ ਗੱਲ ਸੀ, ਪਰ ਉਹ ਅਤੇ ਇਕੱਲੀ ਕੁੜੀ, ਘਰ ਨੂੰ ਕਿਸ ਤਰ੍ਹਾਂ ਤੋਰਦੇ। ਉਹ ਇਸ ਦੇਸ਼ ਵਿਚ ਨਵੇਂ ਹੋਣ ਕਰਕੇ ਇਥੋਂ ਦੇ ਰਸਮਾਂ ਰਿਵਾਜ਼ਾਂ ਅਤੇ ਬੋਲੀ ਬਾਰੇ ਵੀ ਕੁੱਝ ਨਹੀਂ ਸੀ ਜਾਣਦੇ। ਪਰ ਜਦੋਂ ਸਮਾਂ ਜਾਂ ਹਾਲਾਤ ਅਤੇ ਮਜ਼ਬੂਰੀਆਂ ਮਨੁੱਖ ਨੂੰ ਝੰਬਦੀਆਂ ਹਨ ਤਾਂ ਉਹ ਕੁੱਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ। ਹੁਣ ਉਸ ਹੀ ਠਾਕਰ ਸਿੰਘ ਦੀਆਂ ਕੁੜੀਆਂ, ਜੋ ਇਕੱਲੀਆਂ ਕਦੇ ਬਾਪੂ ਦੀ ਰੋਟੀ ਦੇਣ ਜਾਂ ਸਾਗ ਤੋੜਨ ਵੀ ਖੇਤਾਂ ਤੱਕ ਨਹੀਂ ਸੀ ਗਈਆਂ ਅੱਧੀ ਰਾਤ ਨੂੰ ਫੈਕਟਰੀਆਂ ’ਚੋਂ ਕੰਮ ਕਰਕੇ ਆਪ ਕਾਰ ਚਲਾ ਕੇ ਘਰ ਮੁੜਦੀਆਂ। ਘਰ ਦੀ ਤੰਗੀ ਨੂੰ ਦੇਖ ਕੇ ਹੁਣ ਆਪ ਵੀ ਠਾਕੁਰ ਸਿੰਘ ਅਤੇ ਹਰਦਿੱਤ ਕੌਰ ਨੇ ਫਾਰਮ ਵਿਚ ਕੰਮ ਲੱਭ ਲਿਆ ਸੀ। ਉੱਥੇ ਸਾਰੇ ਦੇਸੀ ਬੰਦੇ ਹੀ ਕੰਮ ਕਰਦੇ ਸਨ ਜਿਹਨਾਂ ਵਿਚੋਂ ਉਨ੍ਹਾਂ ਦੋਨਾਂ ਦੀ ਉਮਰ ਕਾਫੀ ਵਡੇਰੀ ਸੀ। ਪਰ ਤਾਂ ਵੀ ਆਪਣੀ ਭਾਸ਼ਾ ਅਤੇ ਆਪਣੇ ਦੇਸ਼ ਦੇ ਲੋਕਾਂ ਨਾਲ ਗੱਲਾਂ ਕਰਕੇ, ਮਿਲਜੁਲ ਕੇ ਉਹਨਾਂ ਦਾ ਦਿੱਲ ਲੱਗਿਆ ਰਹਿੰਦਾ। ਪਰ ਕਦੇ ਕਦੇ ਆਪਣੇ ਬੁਢਾਪੇ ਬਾਰੇ ਅਤੇ ਆਪਣੀ ਇਸ ਹਾਲਤ ਬਾਰੇ ਸੋਚਦੇ ਤਾਂ ਮਨ ਉਚਾਟ ਵੀ ਹੋ ਜਾਂਦਾ। ਇਹੋ ਉਮਰ ਉਹਨਾਂ ਦੇ ਆਰਾਮ ਕਰਨ ਦੀ ਸੀ ਪਰ ਹੁਣ ਉਹ ਮੂੰਹ ਹਨੇਰੇ ਰੋਟੀ ਵਾਲਾ ਝੋਲਾ ਚੁੱਕੀ ਬੱਸ ਅੱਡੇ ਤੇ ਖੜੇ ਬੱਸ ਦੀ ਉਡੀਕ ਕਰਦੇ ਅਤੇ ਸੋਚਦੇ ਰਹਿੰਦੇ, “ਮਨਾ ਕੀ ਮਾੜਾ ਸੀ‘ ਪੰਜਾਬ ਵਿੱਚ, ਆਪਣਾ ਘਰ ਸੀ, ਐਨਾ ਡੰਗਰ ਪਸ਼ੂ ਅਤੇ ਸਮਾਨ ਸੀ, ਇੱਜ਼ਤ ਸੀ, ਪੈਸਾ ਸੀ, ਕੀ ਖੱਟਿਆ ਇਸ ਬੇਗਾਨੇ ਮੁਲਕ ’ਚ ਆ ਕੇ? ਚੰਗੇ ਭਲੇ ਰਹਿੰਦੇ ਰਹਿੰਦੇ ਕਿੱਥੇ ਆ ਕੇ ਫਸ ਗਏ ਸੀ। ਪਹਿਲਾਂ ਸੰਤਾਲੀ ’ਚ ਉਜੜ ਕੇ ਮਸਾਂ ਠੀਕ ਹੋਏ ਸੀ। ਪਰ ਹੁਣ ਦੇ ਉਜੜਿਆਂ ਨੂੰ ਤਾਂ ਕੋਈ ਠਿਕਾਣਾ ਵੀ ਨਜ਼ਰ ਨਹੀਂ ਸੀ ਆਉਂਦਾ।” ਪਰ ਜਦੋਂ ਕਦੇ ਉਹ ਵੀਕ ਐਂਡ ਤੇ ਬਹਿ ਕੇ ਪੈਸੇ ਗਿਣਦੇ ਤਾਂ ਸੋਚਦੇ, “ਮਨਾ ਮਾੜਾ ਵੀ ਕੀ ਹੈ, ਇੱਥੇ ਐਨਾ ਵਧੀਆ ਮੌਸਮ, ਐਨਾ ਵਧੀਆ ਖਾਣ ਪੀਣ ਨੂੰ, ਐਨੀਆਂ ਸਹੂਲਤਾਂ।” ਨਾਲੇ ਉਧਰ ਪੰਜਾਬ ਵਿਚ ਪਿੱਛੇ ਉਹਨਾਂ ਦਾ ਹੈ ਵੀ ਕੌਣ ਸੀ? ਵੱਡੀ ਕੁੜੀ ਆਪਣੇ ਸਹੁਰੇ ਘਰ ਵਸਦੀ ਰਸਦੀ ਸੀ ਅਤੇ ਦੋ ਛੋਟੀਆਂ ਕਨੇਡਾ ਵਿਚ ਹੀ ਸਨ। ਬਸ ਇਸੇ ਦੋਚਿੱਤੀ ਜਿਹੀ ਵਿਚ ਹੀ ਉਹ ਸਮਾਂ ਪਾਸ ਕਰਦੇ ਰਹੇ ਨਾ ਹੀ ਵਾਪਿਸ ਪੰਜਾਬ ਜਾ ਸਕੇ ਅਤੇ ਨਾ ਹੀ ਉਨ੍ਹਾਂ ਦਾ ਮਨ ਕਨੇਡਾ ਵਿਚ ਹੀ ਭਿੱਜਿਆ। ਇਸੇ ਤਰ੍ਹਾਂ





ਉਨ੍ਹਾਂ ਦੇ ਪੰਜ ਸਾਲ ਬੀਤ ਗਏ। ਫਿਰ ਉਹਨਾਂ ਨੇ ਕਨੇਡਾ ਵਿਚ ਹੀ ਮੁੰਡਾ ਲੱਭ ਕੇ ਸਭ ਤੋਂ ਛੋਟੀ ਕੁੜੀ ਦਾ ਵਿਆਹ ਵੀ ਕਰ ਦਿੱਤਾ। ਆਖਰੀ ਕੁੜੀ ਦੀ ਡੋਲੀ ਤੋਰ ਕੇ ਹਰਦਿੱਤ ਕੌਰ ਫੇਰ ਫੁੱਟ ਫੁੱਟ ਕੇ ਰੋਈ ਸੀ। ਜਿੱਥੇ ਇਕਲਾਪੇ ਦਾ ਖਿਆਲ ਉਸ ਨੂੰ ਝੰਬ ਕੇ ਸੁੱਟ ਗਿਆ ਸੀ ਉੱਥੇ ਰੋਟੀ ਟੁੱਕ ਤੋਂ ਇਲਾਵਾ ਹੋਰ ਅਣਗਿਣਤ ਛੋਟੇ ਮੋਟੇ ਕੰਮ ਵੀ ਉਸਦੇ ਗੱਲ ਆ ਪਏ ਸਨ। ਨਾਲੇ ਪਾਲੀ ਦੇ ਪੜ੍ਹੀ ਲਿਖੀ ਹੋਣ ਕਰਕੇ ਉਹਨਾਂ ਨੂੰ ਹੋਰ ਬਹੁਤ ਗੱਲਾਂ ਵਿਚ ਅਸਾਨੀ ਸੀ। ਫਿਰ ਕੁੱਝ ਹੀ ਚਿਰ ਦੇ ਇਕਲਾਪੇ ਤੋਂ ਉਹ ਉਕਤਾ ਗਏ ਜਿਵੇਂ ਇਕੱਲਾਪਨ ਸੂਲਾਂ ਬਣਕੇ ਉਹਨਾਂ ਦੇ ਪੈਰਾਂ ਹੇਠ ਵਿਛ ਗਿਆ ਸੀ। ਉਹ ਸੋਚਦੇ, “ਮਨਾਂ ਇਸ ਤਰ੍ਹਾਂ ਜ਼ਿੰਦਗੀ ਕਿਵੇਂ ਗੁਜ਼ਰੇਗੀ?” ਫਿਰ ਕਿਸੇ ਨੇ ਸਲਾਹ ਦਿੱਤੀ ਸੀ ਕਿ ਉਹ ਇਕ ਦੋ ਬੱਚੇ ਸੰਭਾਲ ਲੈਣ ਭਾਵ, ‘ਬੇਬੀ ਸਿਟਿੰਗ’ ਦਾ ਕੰਮ ਕਰ ਲੈਣ। ਨਾਲੇ ਚਾਰ ਪੈਸੇ ਆਉਣਗੇ ਅਤੇ ਨਾਲੇ ਉਹਨਾਂ ਦਾ ਇਕਲਾਪਾ ਦੂਰ ਹੋ ਜਾਵੇਗਾ। ਗੱਲ ਉਹਨਾਂ ਦੇ ਮਨ ਨੂੰ ਲੱਗ ਗਈ ਸੀ। ਹਰਦਿੱਤ ਕੌਰ ਨੇ ਕਨੇਡਾ ਆਉਣ ਸਾਰ ਆਪਣੀ ਵਿਚਕਾਰਲੀ ਕੁੜੀ ਬੰਸੋ ਦਾ ਜੁਆਕ ਵੀ ਤਾਂ ਸੰਭਾਲਿਆ ਹੀ ਸੀ, ਉਦੋਂ ਦਾ ਉਸ ਨੂੰ ਕਾਫੀ ਤਜ਼ਰਬਾ ਸੀ। ਫਿਰ ਇਸ ਤਜ਼ੁਰਬੇ ਦੇ ਅਧਾਰ ’ਤੇ ਉਸ ਨੇ ਦੂਰ ਨੇੜੇ ਦੀ ਪਛਾਣ ਵਿਚੋਂ ਦੋ ਜੁਆਕ ਸੰਭਾਲਣੇ ਸ਼ੁਰੂ ਕੀਤੇ। ਉਹਨਾਂ ਹੀ ਜੁਆਕਾਂ ਵਿਚ ਆਇਆ ‘ਮਿੰਨਾ’। ਮਿੰਨੇ ਦਾ ਖਿਆਲ ਆਉਂਦਿਆਂ ਹੀ ਉਸ ਦੇ ਸਾਰੇ ਸਰੀਰ ਵਿਚੋਂ ਇਕ ਕਰੰਟ ਜਿਹਾ ਗੁਜ਼ਰ ਗਿਆ। ਸਾਰਾ ਘਰ ਭਾਂਅ ਭਾਂਅ ਕਰ ਰਿਹਾ ਸੀ। ਨਾ ਕਿਤੇ ਸ਼ੋਰ, ਨਾ ਚੀਕਾਂ ਤੇ ਨਾ ਹਾਸਾ। ਹਰ ਪਾਸੇ ਹੀ ਇਕ ਉਦਾਸੀ ਅਤੇ ਇਕੱਲਤਾ ਸੀ। ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਪਤਾ ਨਹੀਂ ਅੱਜ ਉਹ ਕੀ ਸੋਚੀ ਜਾ ਰਹੀ ਸੀ। ਸਵੇਰ ਦੀ ਭੁੱਖਣ ਭਾਣੀ ਨਾ ਕੁੱਝ ਖਾਧਾ ਨਾ ਪੀਤਾ, ਰੋਟੀ ਤਾਂ ਜਿਵੇਂ ਮੂੰਹ ਵਿਚ ਫੁੱਲਦੀ ਸੀ। ਪਾਠ ਕਰਨ ਲਗਦੀ ਤਾਂ ਮਨ ਉੱਖੜ ਜਾਂਦਾ। ਬਥੇਰਾ ਮਨ ਨੂੰ ਸਮਝਾਉਂਦੀ, ਮੋਹ ਦੇ ਜਾਲ ਲਾਹ ਲਾਹ ਕੇ ਸੁੱਟਦੀ ਕਿ ਆਖਿਰ ਉਹ ਮੇਰਾ ਕੀ ਲੱਗਦਾ ਸੀ? ਮੈਂ ਸਿਰਫ਼ ਉਸਦੀ ‘ਬੇਬੀ ਸਿਟਰ’ ਹੀ ਸੀ, ਪੈਸੇ ਲੈਂਦੀ ਸੀ ਅਤੇ ਉਸ ਨੂੰ ਸੰਭਾਲਦੀ ਸੀ। ਪਰ ਦੂਜੇ ਹੀ ਪਲ ਉਹ ਰੋ ਰਹੀ ਹੁੰਦੀ।

ਇਕ ਖੋਹ ਜਿਹੀ ਲਗਾਤਾਰ ਉਸ ਦੇ ਮਨ ਵਿਚ ਪੈ ਰਹੀ ਸੀ। ਉਸ ਨੇ ਸਾਰੇ ਘਰ ਵਿਚ ਗੇੜਾ ਕੱਢਿਆ। ਇਕ ਕੋਨੇ ਵਿਚ ਮਿੰਨੇ ਦੇ ਖੇਡਣ ਵਾਲੀ ਬਾਲ ਪਈ ਸੀ, ਹੋਰ ਵੀ ਦੋ ਚਾਰ ਖੇਡਾਂ ਪਈਆਂ ਸਨ। ਕਾਰਪਿਟ

ਤੇ ਅੱਜ ਭੋਰਾ ਗੰਦ ਨਹੀਂ ਸੀ ਪਿਆ। ਘਰ ਦਾ ਸਾਰਾ ਸਮਾਨ ਥਾਂ ਸਿਰ ਸੀ, ਕੁੱਝ ਵੀ ਨਹੀਂ ਸੀ ਖਿਲਰਿਆ, ਜਿਸ ਨੂੰ ਪਹਿਲਾਂ ਹਮੇਸ਼ਾਂ ਠੀਕ ਕਰਦੀ ਉਹ ਥੱਕ ਜਾਇਆ ਕਰਦੀ ਸੀ। ਉਹ ਉੱਥੇ ਹੀ ਕੰਧ ਨਾਲ ਢਾਸਣਾ ਲਾ ਕੇ ਬੈਠ ਗਈ ਅਤੇ ਕਮਰੇ ਦੇ ਸਮਾਨ ਨੂੰ ਘੂਰਦੀ ਰਹੀ। ਸਾਹਮਣੇ ਕਲਾਕ ਤੇ ਦਸ ਵੱਜੇ ਸਨ। ਅਜੇ ਤਾਂ ਪਹਾੜ ਜਿੱਡਾ ਦਿਨ ਪਿਆ ਸੀ। ਉਸਨੂੰ ਸਮਝ ਨਹੀਂ ਸੀ ਆਉਂਦੀ ਕਿਵੇਂ ਬੀਤੇਗਾ ਐਨਾ ਵੱਡਾ ਦਿਨ? ਉਸ ਦੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਅੱਥਰੂ ਕਿਰ ਰਹੇ ਸਨ। ਘਰ ਵਿਚ ਮਿੰਨੇ ਦੀ ਇਕ ਵੀ ਫੋਟੋ ਨਹੀਂ ਸੀ ਜਿਸ ਨੂੰ ਵੇਖ ਸਕਦੀ। ਫਿਰ ਉਹ ਸੋਚਦੀ ਹੁਣ ਸ਼ਾਇਦ ਮਿੰਨਾ ਕਦੇ ਕਦੇ ਕਿਸੇ ਸਟੋਰ ਤੇ ਆਪਣੀ ਮੰਮੀ ਨਾਲ ਮਿਲਿਆ ਕਰੇਗਾ, ਪਰ ਉਸੇ ਵਕਤ ਉਸਨੂੰ ਖਿਆਲ ਆਇਆ ਕਿ ਉਸ ਦੇ ਮੰਮੀ ਡੈਡੀ ਨੇ ਤਾਂ ਹੁਣ ਘਰ ਬਦਲ ਕੇ ਨਾਲ ਦੇ ਸ਼ਹਿਰ ਵਿਚ ਲੈ ਲਿਆ ਹੈ। ਇਹ ਸੋਚਕੇ ਉਸ ਦੇ ਮਨ ਅੰਦਰਲੀ ਪੀੜ ਦਾ ਅਹਿਸਾਸ ਹੋਰ ਵੀ ਤਿੱਖਾ ਹੋ ਗਿਆ।

ਉਸੇ ਵਕਤ ਕੰਮ ਤੋਂ ਉਸ ਦੇ ਪਤੀ ਠਾਕੁਰ ਸਿੰਘ ਦਾ ਫੋਨ ਆਇਆ। ਉਹ ਆਪਣੇ ਪਤੀ ਨੂੰ ਦਸਦੀ ਹੈ ਕਿ ਉਹ ਵਿਹਲੀ ਹੈ, ਸਮਾਂ ਬਿਲਕੁਲ ਹੀ ਨਹੀਂ ਲੰਘਦਾ। ਫਿਰ ਉਸਨੇ ਆਪਣੀ ਕੁੜੀ ਬੰਸੋ ਨੂੰ ਫੋਨ ਕੀਤਾ ਤੇ ਸਰਸਰੀ ਜਿਹੀਆਂ ਗੱਲਾਂ ਕਰਕੇ ਰੱਖ ਦਿੱਤਾ। ਮਨ ਦੀ ਗੱਲ ਜ਼ੁਬਾਨ ਤੇ ਆ ਕੇ ਰੁਕ ਜਾਂਦੀ ਜੇ ਉਹ ਗੱਲ ਕਰੇ ਤਾਂ ਕੀ ਕਰੇ। ਕੁੜੀ ਨੂੰ ਕਹੇ ਕਿ ਮੇਰਾ ਮਿੰਨੇ ਬਗੈਰ ਦਿਲ ਨਹੀਂ ਲੱਗਦਾ। ਅੱਗੋਂ ਕੁੜੀ ਨੇ ਭੱਜ ਕੇ ਪੈਣਾ ਸੀ ਕਿ, "ਬੀਬੀ ਤੂੰ ਐਵੇਂ ਨਾ ਕਰੀ ਜਾਇਆ ਕਰ, ਆਪਣੇ ਦੋਹਤੇ ਦੋਹਤੀਆਂ ਦਾ ਤਾਂ ਕਰਦੀ ਨਹੀਂ, ਐਵੇਂ ਲੋਕਾਂ ਦੇ ਜੁਆਕਾਂ ਦੀਆਂ ਗੱਲਾਂ ਲੈ ਕੇ ਬਹਿ ਜਾਂਦੀ ਹੈ।" ਪਰ ਕੁੜੀ ਨੂੰ ਕੀ ਪਤਾ ਸੀ ਕਿ ਖ਼ੂਨ ਦੇ ਰਿਸ਼ਤਿਆਂ ਤੋਂ ਤਕੜਾ ਇਕ ਹੋਰ ਰਿਸ਼ਤਾ ਵੀ ਹੁੰਦਾ ਹੈ 'ਮਨ ਦਾ ਰਿਸ਼ਤਾ'। ਇਹੋ ਮਨ ਦਾ ਰਿਸ਼ਤਾ ਸੀ ਉਸ ਦਾ ਮਿੰਨੇ ਨਾਲ।

ਅੱਜ ਤੋਂ ਪੰਜ ਸਾਲ ਪਹਿਲਾਂ ਜਦੋਂ ਮਿੰਨੇ ਦੀ ਮੰਮੀ ਉਸ ਨੂੰ, ਇਸ ਘਰ ਛੱਡਣ ਆਈ ਸੀ ਤਾਂ ਉਹ ਸਿਰਫ਼ ਸੱਤ ਮਹੀਨਿਆਂ ਦਾ ਸੀ ਐਵੇਂ ਬਲੂੰਗੜਾ ਜਿਹਾ, ਕੰਬਲ ਵਿਚ ਲਪੇਟਿਆ ਹੋਇਆ, ਸਿਰ ਤੇ ਵੱਡੀ ਸਾਰੀ ਟੋਪੀ ਅਤੇ ਹੱਥਾਂ ਵਿਚ ਛੋਟੇ ਛੋਟੇ ਦਸਤਾਨੇ। ਉਦੋਂ ਉਸਦੀ ਮਾਂ ਕੋਲੋਂ ਫੜਦਿਆਂ ਹਰਦਿੱਤ ਕੌਰ ਨੇ ਮਿੰਨੇ ਦਾ ਮੱਥਾਂ ਚੁੰਮ ਕੇ ਕਿਹਾ ਸੀ, "ਲੈ ਤੂੰ ਹੁਣ ਇਸਦਾ ਭੋਰਾ ਫ਼ਿਕਰ ਨਾ ਕਰੀ, ਮੈਂ ਤਾਂ ਇਸ ਨੂੰ ਆਪਣੇ ਕਲੇਜੇ





ਨਾਲ ਲਾ ਕੇ ਰੱਖੂੰ, ਦੇਖੀਂ ਤੈਨੂੰ ਵੀ ਇਕ ਦਿਨ ਭੁੱਲ ਜੂਗਾ। ਹਾਂ ਸੱਚ ਕੀ ਨਾਂਉ ਹੈ ਇਸਦਾ?" ਅੱਗੋਂ ਮਿੰਨੇ ਦੀ ਮੰਮੀ ਭੁਪਿੰਦਰ ਬੋਲੀ ਸੀ, "ਨਾਉਂ ਤਾਂ ਇਸ ਦਾ ਮਨਦੀਪ ਹੈ ਪਰ ਅਸੀਂ ਤਾਂ ਇਸ ਨੂੰ ਮਿੰਨਾ ਹੀ ਕਹਿੰਦੇ ਹਾਂ।" ਫਿਰ ਉਹ ਮਿੰਨੇ ਨੂੰ ਹਰਦਿੱਤ ਕੌਰ ਕੋਲ ਸੰਭਾਲ ਕੇ ਆਪਣੇ ਕੰਮ 'ਤੇ ਤੁਰ ਗਈ ਸੀ।

ਪਹਿਲਾ ਦਿਨ ਤਾਂ ਹਰਦਿੱਤ ਕੌਰ ਨੂੰ ਕੁੱਝ ਔਖਾ ਜਿਹਾ ਜਾਪਿਆ ਸੀ। ਇਕ ਤਾਂ ਜੁਆਕ ਓਪਰਾ ਮਹਿਸੂਸ ਕਰਦਾ ਸੀ, ਸਾਰਾ ਦਿਨ ਰੋਂਦਾ ਰਿਹਾ। ਦੂਜਾ ਉਸ ਦਾ ਡਾਇਪਰ ਬਦਲਣਾ, ਨਹਾਉਣਾ, ਕੱਪੜੇ ਬਦਲਣੇ ਅਤੇ ਉਸਨੂੰ ਫੂਡ ਖੁਆਉਣਾ ਅਤੇ ਦੁੱਧ ਪਿਆਉਣਾ ਕੁੱਝ ਔਖੇ ਜਾਪੇ ਸਨ। ਪਰ ਆਪਣੇ ਦੋਹਤੇ ਦੋਹਤੀਆਂ ਨੂੰ ਸੰਭਾਲਣ ਕਰਕੇ ਉਸਨੂੰ ਹੁਣ ਜੁਆਕ ਸੰਭਾਲਣ ਦਾ ਢੰਗ ਸੀ। ਜੁਆਕ ਤਾਂ ਭਾਵੇਂ ਉਸਨੇ ਆਪਣੇ ਵੀ ਪਾਲੇ ਸੀ ਪਰ ਉਹ ਕਾਹਦਾ ਜੁਆਕ ਪਾਲਣ ਸੀ। ਵਿਚਾਰੇ ਐਵੇਂ ਰੁਲ ਖੁਲ ਕੇ ਪਲ ਗਏ। ਪਰ ਇੱਥੇ ਵਿਦੇਸ਼ਾਂ ਵਿਚ ਤਾਂ ਜੁਆਕ ਪਾਲਣ ਦੇ ਤੌਰ ਤਰੀਕੇ ਹੀ ਹੋਰ ਸਨ। ਪਹਿਲਾਂ ਪਹਿਲਾਂ ਉਸਨੂੰ ਓਪਰੇ ਜੁਆਕ ਦਾ 'ਡਾਇਪਰ' ਬਦਲਣ ਲੱਗਿਆਂ ਗਿਲਾਨੀ ਜਿਹੀ ਆਈ ਸੀ ਪਰ ਫਿਰ ਉਸਨੇ ਆਪਣੇ ਆਪ ਹੀ ਸੋਚ ਲਿਆ "ਮਨਾਂ ਜੇ ਨੌਕਰੀ ਹੀ ਕਰਨੀ ਹੈ ਤਾਂ ਨਖ਼ਰਾ ਕੀ?" ਫਿਰ ਤਾਂ ਇਹ ਕੰਮ ਨਿੱਤ ਪ੍ਰਤੀ ਦਾ ਹੋ ਗਿਆ ਸੀ। ਮਿੰਨੇ ਦੇ ਮੰਮੀ ਡੈਡੀ ਉਸਨੂੰ ਸਵੇਰੇ ਅੱਠ ਵਜੇ ਛੱਡ ਜਾਂਦੇ, ਕਦੇ ਉਹ ਸੁੱਤਾ ਪਿਆ ਹੁੰਦਾ ਅਤੇ ਕਦੇ ਜਾਗਦਾ। ਫੇਰ ਉਹ ਉਸਨੂੰ ਛੋਟੇ ਜਿਹੇ ਟੱਬ ਵਿਚ ਬਿਠਾ ਕੇ ਕਿੰਨੀ ਕਿੰਨੀ ਦੇਰ ਨਹਾਉਂਦੀ, ਡਾਇਪਰ ਲਾਉਂਦੀ, ਕੱਪੜੇ ਪਾਉਂਦੀ, ਫੂਡ ਖੁਆਉਂਦੀ ਅਤੇ ਦੁੱਧ ਪਿਆਉਂਦੀ। ਤਰ੍ਹਾਂ ਤਰ੍ਹਾਂ ਦੇ ਯਤਨ ਕਰਕੇ ਉਸਨੂੰ ਹਸਾਉਂਦੀ। ਹੌਲੀ ਹੌਲੀ ਉਸਦੀ ਜ਼ਿੰਮੇਵਾਰੀ ਇਕ ਅਪਣਤ ਜਿਹੀ ਵਿਚ ਬਦਲਣ ਲੱਗੀ। ਉਸ ਦਾ ਜ਼ਿਆਦਾ ਤੋਂ ਜ਼ਿਆਦਾ ਸਮਾਂ ਮਿੰਨੇ ਨਾਲ ਗੁਜ਼ਰਨ ਲੱਗਿਆ। ਨਾਲੇ ਹੋਰ ਉਸਨੂੰ ਕੰਮ ਵੀ ਕੀ ਸੀ? ਚਾਹ ਬਣਾ ਲਈ, ਰੋਟੀ ਲਾਹ ਲਈ, ਘਰ ਸਾਫ਼ ਕਰ ਲਿਆ ਅਤੇ ਜਾਂ ਫੇਰ ਕਿਸੇ ਨੂੰ ਫੋਨ ਕਰ ਲਿਆ। ਹੌਲੀ ਹੌਲੀ ਇਹ ਪਿਆਰ ਏਨਾ ਵਧ ਗਿਆ ਕਿ ਉਹ ਆਪਣੇ ਆਪ ਨੂੰ ਸੁਆਲ ਕਰਨ ਲੱਗੀ "ਆਖਰ ਉਹ ਇਸ ਬੱਚੇ ਦਾ ਐਨਾ ਕਿਉਂ ਕਰਦੀ ਹੈ?" ਨਾਲ ਹੀ ਮਨ 'ਚ ਖਿਆਲ ਆਉਂਦਾ, ਸ਼ਾਇਦ ਜ਼ਿੰਦਗੀ ਵਿਚ ਜੋ ਘਾਟ ਰਹਿ ਗਈ ਸੀ, ਉਹ ਉਸਨੂੰ ਪੂਰਾ ਕਰ ਰਹੀ ਹੈ। ਗੋਲ ਮਟੋਲ ਜਿਹਾ ਮਿੰਨਾ

ਉਸ ਨੂੰ ਬੇ-ਹੱਦ ਪਿਆਰਾ ਜਾਪਦਾ। ਕਦੇ ਉਹ ਉਸਦੇ ਨੰਨੇ ਹੱਥ ਘੁੱਟਦੀ ਅਤੇ ਆਪਣੇ ਬੁੱਲਾਂ ਥੱਲੇ ਰੱਖ ਕੇ ਸ਼ੀ ਸ਼ੀ ਕਰਕੇ ਉਸਨੂੰ ਹਸਾਉਣ ਦੇ ਯਤਨ ਕਰਦੀ ਤੇ ਫਿਰ ਇਕ ਦਿਨ ਜ਼ਿੰਦਗੀ ਦੀ ਸੱਭ ਤੋਂ ਪਹਿਲੀ ਮੁਸਕਰਾਹਟ ਮਿੰਨੇ ਨੇ ਹਰਦਿੱਤ ਕੌਰ ਦੀ ਬੁੱਕਲ ਵਿਚ ਬਿਖੇਰੀ। ਜਦੋਂ ਵੀ ਮਿੰਨਾ ਕੋਈ ਨਵੀਂ ਗੱਲ ਸਿੱਖਦਾ ਤਾਂ ਹਰਦਿੱਤ ਕੌਰ ਬੜੇ ਚਾਅ ਨਾਲ ਮਿੰਨੇ ਦੀ ਮੰਮੀ ਨੂੰ ਦੱਸਦੀ ਕਿ ਹੁਣ ਤਾਂ ਮਿੰਨਾ ਥੋੜਾ ਥੋੜਾ ਹੱਸਣ ਵੀ ਲੱਗ ਪਿਆ ਹੈ। ਉਹ ਹੈਰਾਨ ਹੋ ਕੇ ਸਿਰਫ 'ਅੱਛਾ!' ਕਹਿ ਛੱਡਦੀ। ਫਿਰ ਹੌਲੀ ਹੌਲੀ ਮਿੰਨੇ ਨੇ ਬੈਠਣਾ, ਰੁੜ੍ਹਨਾ, ਖੜਨਾ ਅਤੇ ਤੁਰਨਾ ਸਿੱਖਿਆ। ਉਸਨੂੰ ਇਹ ਸੱਭ ਕੁੱਝ ਸਿਖਾਉਣ ਵਾਲੀ ਹਰਦਿੱਤ ਕੌਰ ਹੀ ਤਾਂ ਸੀ। ਮਿੰਨੇ ਦੇ ਮੰਮੀ ਡੈਡੀ ਨੂੰ ਤਾਂ ਸਾਰਾ ਦਿਨ ਕੰਮ ਤੋਂ ਵਿਹਲ ਹੀ ਨਹੀਂ ਸੀ ਮਿਲਦੀ। ਉਹ ਤਾਂ ਮੂੰਹ ਹਨ੍ਹੇਰੇ ਕਦੇ ਸੁੱਤੇ ਕਦੇ ਜਾਗਦੇ ਮਿੰਨੇ ਨੂੰ ਛੱਡਕੇ ਤੁਰ ਜਾਂਦੇ ਅਤੇ ਹਨ੍ਹੇਰਾ ਪਏ 'ਤੇ ਆ ਕੇ ਲੈ ਜਾਂਦੇ। ਮਿੰਨਾ ਕੀ ਖਾਂਦਾ, ਕੀ ਪੀਂਦਾ ਅਤੇ ਕੀ ਪਹਿਨਦਾ ਜਾਂ ਕਿਵੇਂ ਉਸਨੇ ਤੋਤਲੀਆਂ ਤੋਤਲੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਇਹ ਗੱਲਾਂ ਜਾਨਣ ਦਾ ਤਾਂ ਉਨ੍ਹਾਂ ਕੋਲ ਸਮਾਂ ਹੀ ਨਹੀਂ ਸੀ। ਮਿੰਨਾ ਤਾਂ ਸਿਰਫ ਰਾਤ ਨੂੰ ਉਸ ਘਰ ਸੌਣ ਜਾਂਦਾ ਸੀ। ਕਈ ਵਾਰੀ ਹਰਦਿੱਤ ਕੌਰ ਸੋਚਦੀ "ਕੀ ਜ਼ਿੰਦਗੀ ਹੈ ਇੱਥੇ ਬੱਚਿਆਂ ਦੀ ਅਤੇ ਮਾਪਿਆਂ ਦੀ? ਬੱਚੇ ਇਸ ਤਰ੍ਹਾਂ ਭਟਕਦੇ ਅਤੇ ਰੁਲਦੇ ਰਹਿੰਦੇ ਨੇ ਮਾਂ ਬਾਪ ਮਸ਼ੀਨਾਂ ਬਣਕੇ ਪੈਸੇ ਕਮਾਈ ਜਾਂਦੇ ਨੇ। ਜੈ-ਖਾਣੇ ਇਸ ਤਰ੍ਹਾਂ ਦੇ ਕਨੇਡਾ ਨਾਲੋਂ ਤਾਂ ਆਪਣਾ ਮੁਲਕ ਸੌ ਗੁਣਾ ਚੰਗਾ ਸੀ।"

ਇਹਨਾਂ ਹੀ ਦਿਨਾਂ ਦੌਰਾਨ ਹਰਦਿੱਤ ਕੌਰ ਨੇ ਕਿੰਨੇ ਹੀ ਹੋਰ ਬੱਚੇ ਸਮੇਂ ਸਮੇਂ ਤੇ ਸੰਭਾਲੇ ਅਤੇ ਛੱਡੇ, ਇਕ ਮਿੰਨਾ ਹੀ ਸੀ ਜੋ ਲਗਾਤਾਰ ਉਸ ਕੋਲ ਰਿਹਾ ਸੀ ਸ਼ਾਇਦ ਇਸੇ ਕਰਕੇ ਹਰਦਿੱਤ ਕੌਰ ਦਾ ਇਹ ਕੰਮ ਪੈਸੇ ਕਮਾਉਣ ਨਾਲੋਂ ਅਪਣਤ ਵਿਚ ਜ਼ਿਆਦਾ ਬਦਲ ਗਿਆ ਸੀ। ਮਿੰਨਾ ਵੀ ਹਰਦਿੱਤ ਕੌਰ ਦਾ ਬਹੁਤ ਕਰਦਾ ਸੀ। ਹਫਤੇ ਬਾਅਦ, ਦੋ ਦਿਨ ਘਰ ਰਹਿ ਕੇ ਸੋਮਵਾਰ ਨੂੰ ਹਰਦਿੱਤ ਕੌਰ ਨੂੰ ਉੱਡ ਕੇ ਮਿਲਦਾ। ਜਦੋਂ ਕਦੇ ਹਰਦਿੱਤ ਕੌਰ ਦੇ ਦੋਹਤੇ ਦੋਹਤੀਆਂ ਮਿਲਣ ਆਏ ਹੁੰਦੇ, ਅਤੇ ਉਹ ਮਿੰਨੇ ਨਾਲ ਖੇਡ ਰਹੇ ਹੁੰਦੇ ਤਾਂ ਉਹ ਉਹਨਾਂ ਨੂੰ ਝਿੜਕ ਕੇ ਪਰੇ ਹਟਾ ਦਿੰਦੀ ਕਿ "ਦੇਖਿਓ ਕਿਤੇ ਮੁੰਡੇ ਦੇ ਘਰੂਟ ਨਾ ਵੱਢਿਓ।" ਉਸਦੀਆਂ ਅਜਿਹੀਆਂ ਗੱਲਾਂ ਉਸ ਦੀਆਂ ਦੋਵੇਂ ਧੀਆਂ ਨੂੰ ਚੰਗੀਆਂ ਨਾ ਲਗਦੀਆਂ।





ਉਹ ਹਮੇਸ਼ਾਂ ਸ਼ਿਕਾਇਤ ਕਰਦੀਆਂ ਕਿ "ਬੀਬੀ ਜਿੰਨਾ ਇਸ ਜੁਆਕ ਦਾ ਕਰਦੀ ਹੈ ਆਪਣੇ ਖ਼ੂਨ ਦਾ ਨੀ ਕਰਦੀ।" ਪਰ ਉਹ ਨਹੀਂ ਸੀ ਜਾਣਦੀ ਕਿ ਇਹ ਸਾਰਾ ਕੁੱਝ ਉਹ ਕਿਉਂ ਕਰਦੀ ਹੈ। ਫੇਰ ਹੌਲੀ ਹੌਲੀ ਰੀਸੋ ਰੀਸ ਮਿੰਨਾ ਵੀ ਹਰਦਿੱਤ ਕੌਰ ਨੂੰ ਬੀਬੀ ਕਹਿ ਕੇ ਬੁਲਾਉਣ ਲੱਗ ਪਿਆ। ਹਰਦਿੱਤ ਕੌਰ ਜਿੱਧਰ ਨੂੰ ਵੀ ਜਾਂਦੀ ਮਿੰਨਾ ਬੀਬੀ, ਬੀਬੀ ਕਰਦਾ ਉਸਦੇ ਮਗਰ ਤੁਰਿਆ ਰਹਿੰਦਾ। ਕਦੇ ਉਸਦੀਆਂ ਲੱਤਾਂ ਫੜਕੇ ਖੜ੍ਹ ਜਾਂਦਾ, ਕਦੇ ਬੈਠੀ ਦੀ ਗੋਦੀ 'ਚ ਆ ਕੇ ਲੇਟ ਜਾਂਦਾ, ਉਸ ਦੀਆਂ ਵਾਲੀਆਂ ਜਾਂ ਨੱਕ ਫੜਕੇ ਖੇਡਦਾ ਰਹਿੰਦਾ।

ਫੇਰ ਹੌਲੀ ਹੌਲੀ ਮਿੰਨੇ ਨੇ ਇਲਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਦੇ ਉਹ ਬੈਠੀ ਬੈਠੀ, ਹਰਦਿੱਤ ਕੌਰ ਦੀਆਂ ਐਨਕਾਂ ਲਾਹ ਦਿੰਦਾ, ਕਦੇ ਟੀ. ਵੀ. ਨੂੰ ਛੇੜਦਾ, ਰੀਮੋਟ ਚੁੱਕ ਕੇ ਥੱਲੇ ਮਾਰਦਾ, ਟੇਪਾਂ ਖਿਲਾਰ ਦਿੰਦਾ, ਟੇਬਲ ਤੋਂ ਫੋਨ ਖਿੱਚ ਕੇ ਥੱਲੇ ਸੁੱਟ ਦਿੰਦਾ। ਜਦੋਂ ਹਰਦਿੱਤ ਕੌਰ ਉਸਨੂੰ ਘੂਰਦੀ ਤਾਂ ਉਹ ਦੋਵੇਂ ਮੁੱਠੀਆਂ ਘੁੱਟ ਕੇ ਮੀਟ ਲੈਂਦਾ ਅੱਖਾਂ ਬੰਦ ਕਰਕੇ ਬਹੁਤ ਵਿਚਾਰਾ ਜਿਹਾ ਮੂੰਹ ਬਣਾ ਕੇ ਖੜੋ ਜਾਂਦਾ। ਫੇਰ ਹਰਦਿੱਤ ਕੌਰ ਨੂੰ ਉਸਦਾ ਪਿਆਰ ਆ ਜਾਂਦਾ ਅਤੇ ਉਹ ਉਸ ਨੂੰ ਬੁੱਕਲ ਵਿਚ ਲੈ ਕੇ ਆਖਦੀ "ਨਾ ਮੇਰਾ ਮੱਲ, ਇਲਤਾਂ ਨਹੀਂ ਕਰੀਦੀਆਂ...।" ਅੱਗੋਂ ਮਿੰਨਾ ਮੁਸਕਰਾ ਦਿੰਦਾ। ਕਦੇ ਕਦੇ ਉਹ ਬੈਠੀ ਸੋਚਦੀ, 'ਜੇ ਭਲਾ ਮਿੰਨਾ ਮੇਰਾ ਹੀ ਪੁੱਤ ਹੁੰਦਾ, ਮੈਂ ਇਸ ਨੂੰ ਪਾਲ ਕੇ ਜਵਾਨ ਕਰਦੀ। ਫੇਰ ਬੜੇ ਚਾਵਾਂ ਨਾਲ ਇਸ ਦਾ ਵਿਆਹ ਕਰਦੀ, ਇਸ ਦੀ ਘਰਵਾਲੀ ਦੇ ਸਿਰ ਤੋਂ ਪਾਣੀ ਵਾਰ ਵਾਰ ਕੇ ਪੀਂਦੀ ਅਤੇ ਫਿਰ ਇਹ ਕੋਈ ਵੱਡਾ ਅਫ਼ਸਰ ਲੱਗ ਜਾਂਦਾ ਤੇ ਮੈਂ ਕਿੰਨੇ ਮਾਣ ਨਾਲ ਆਖਦੀ, "ਮੈਂ ਮਨਦੀਪ ਸਿਉਂ ਦੀ ਮਾਂ ਹਾਂ।" ਪਰ ਦੂਸਰੇ ਹੀ ਪਲ ਉਹ ਸੋਚਦੀ, "ਹਰਦਿੱਤ ਕੁਰੇ, ਇਹ ਤਾਂ ਘੜੀਆਂ ਪਲਾਂ ਦੀ ਖੇਡ ਹੈ, ਤੂੰ ਐਵੇਂ ਥੋੜੋਂ ਇਸ ਨੂੰ ਪਾਲਦੀ ਹੈ, ਪਾਲਣ ਦੇ ਪੈਸੇ ਲੈਂਦੀ ਹੈਂ। ਤੂੰ ਇਸ ਦੀ ਅਸਲੀ ਮਾਂ ਥੋੜੋਂ ਹੈਂ, ਬਲਕਿ ਮਮਤਾ ਵੇਚਣ ਵਾਲੀ ਇਕ ਵਪਾਰਨ ਹੈ। ਫੇਰ ਕੀ ਵਪਾਰ ਅਤੇ ਕੀ ਮੋਹ? ਇਕ ਦਿਨ ਇਸ ਦੀ ਮਾਂ ਨੇ ਤੇਰੀ ਮਮਤਾ ਦਾ ਸਾਰਾ ਮੁੱਲ ਉਤਾਰ ਕੇ ਹਮੇਸ਼ਾਂ ਲਈ ਇਸਨੂੰ ਤੇਰੇ ਕੋਲੋਂ ਲੈ ਜਾਣਾ ਹੈ ਤੇ ਫਿਰ ਇਕ ਦਿਨ ਇਸਨੇ ਵੀ ਭੁੱਲ ਜਾਣਾ ਹੈ ਕਿ ਇਸ ਨੂੰ ਪਾਲਣ ਵਾਲੀ ਬੀਬੀ ਕੌਣ ਹੁੰਦੀ ਸੀ।" ਇਸ ਤਰ੍ਹਾਂ ਦੀ ਕਲਪਨਾ ਦੇ ਭਵਸਾਗਰ ਵਿਚ ਗੋਤੇ ਖਾਂਦਿਆਂ ਇਕ ਤਸਵੀਰ ਉਸਦੇ ਮਨ ਵਿਚ ਉਭਰਦੀ ਕਿ, ਜਿਵੇਂ ਮਿੰਨਾ ਬਹੁਤ

ਵੱਡਾ ਅਫਸਰ ਬਣਕੇ ਉਸਦੇ ਆਪਣੇ ਇਲਾਕੇ ਵਿਚ ਹੀ ਕਿਤੇ ਆ ਰਿਹਾ ਹੈ, ਬਹੁਤ ਸਾਰੇ ਲੋਕ ਉਸਨੂੰ ਵੇਖਣ ਆ ਰਹੇ ਹਨ, ਉਨ੍ਹਾਂ ਲੋਕਾਂ ਵਿਚ ਹਰਦਿੱਤ ਕੌਰ ਵੀ ਹੈ ਅਤੇ ਉਹ ਬੜੇ ਮਾਣ ਨਾਲ ਹਰ ਕਿਸੇ ਨੂੰ ਦੱਸ ਰਹੀ ਹੈ ਕਿ ਇਹ ਮਨਦੀਪ ਸਿੰਘ ਉਹੀ ਹੈ ਜਿਸਨੂੰ ਉਸਨੇ ਛੋਟੇ ਹੁੰਦੇ ਨੂੰ ਪਾਲਿਆ ਸੀ, ਫਿਰ ਬੈਠਣਾ, ਰੁੜਨਾ, ਤੁਰਨਾ, ਹੱਸਣਾ ਅਤੇ ਬੋਲਣਾ ਸਿਖਾਇਆ ਸੀ। ਪਰ ਕੋਈ ਵੀ ਉਸਦੀ ਗੱਲ ਦਾ ਯਕੀਨ ਨਹੀਂ ਸੀ ਕਰ ਰਿਹਾ। ਫੇਰ ਉਹ ਸੋਚਦੀ ਮਿੰਨਾ ਤਾਂ ਜ਼ਰੂਰ ਉਸਨੂੰ ਪਛਾਣ ਲਵੇਗਾ। ਪਰ ਦੂਸਰੇ ਹੀ ਪਲ ਮਿੰਨਾ ਉਸ ਦੇ ਕੋਲੋਂ ਮੂੰਹ ਫੇਰ ਕੇ ਲੰਘ ਗਿਆ। ਉਸਨੇ ਬਥੇਰਾ ਰੌਲਾ ਪਾਇਆ "ਮਿੰਨਿਆ ਪੁੱਤ ਮੈਂ ਤੇਰੀ ਉਹੋ ਛੋਟੇ ਹੁੰਦੇ ਦੀ ਬੀਬੀ ਹਾਂ ਜਿਸ ਦਾ ਤੂੰ ਭੋਰਾ ਵਸਾਹ ਨਹੀਂ ਸੀ ਕਰਦਾ।" ਪਰ ਉਹ ਤਾਂ ਸਾਰਾ ਕੁੱਝ ਭੁੱਲ ਚੁੱਕਾ ਸੀ, ਉਹ ਤਾਂ ਸਿਰਫ਼ ਇਹ ਹੀ ਜਾਣਦਾ ਕਿ ਉਸ ਦੀ ਮੰਮੀ ਹੀ ਇਕ ਉਸਦੀ ਮਾਂ ਹੈ ਅਤੇ ਉਹ ਉਸ ਦਾ ਇਕ ਨੇਕ ਪੁੱਤ ਹੈ ਜਿਸ ਤੇ ਮਾਂ ਦੇ ਅਨੇਕਾਂ ਅਹਿਸਾਨ ਹਨ। ਇਹ ਸਾਰਾ ਕੁੱਝ ਸੋਚਕੇ ਹਰਦਿੱਤ ਕੌਰ ਦੇ ਅੰਗਾਂ ਵਿਚੋਂ ਸੇਕ ਨਿਕਲਣ ਲੱਗ ਪਿਆ। ਉਹ ਮਨ ਨੂੰ ਬਥੇਰੇ ਦਿਲਾਸੇ ਦਿੰਦੀ ਕਿ ਮਨਾਂ ਸਿਰਫ ਇਹ ਤਾਂ ਤੇਰਾ ਖਿਆਲ ਹੀ ਹੈ। ਪਰ ਮਨ ਵਿਚੋਂ ਇਕ ਗੱਲ ਵਾਰ ਵਾਰ ਆਉਂਦੀ ਰਹੀ ਕਿ ਆਖ਼ਿਰ ਇਕ ਦਿਨ ਇਸਨੇ ਜਾਣਾ ਤਾਂ ਹੈ ਹੀ। ਆਪਣੀ ਬੇਚੈਨੀ ਨੂੰ ਘਟਾਉਣ ਲਈ ਉਸਨੇ ਕਿਚਨ ਵਿਚ ਜਾ ਕੇ ਠੰਡੇ ਪਾਣੀ ਦਾ ਗਿਲਾਸ ਪੀਤਾ। ਪਰ ਅਜੇ ਵੀ ਉਸਦੇ ਕੰਨਾਂ ਵਿਚ ਸੇਕ ਨਿਕਲ ਰਿਹਾ ਸੀ।

ਫਿਰ ਉਸ ਨੂੰ ਖ਼ਿਆਲ ਆਇਆ ਕਿ ਮਿੰਨੇ ਦੀ ਮੰਮੀ ਦੱਸਦੀ ਹੁੰਦੀ ਹੈ ਕਿ ਕਿਵੇਂ ਮਿੰਨਾਂ ਘਰ ਜਾ ਕੇ ਹਰ ਗੱਲ ਨਾਲ ਉਸ ਨੂੰ ਐਨਾ ਯਾਦ ਕਰਦਾ ਹੈ ਕਿ ਮੇਰੀ ਬੀਬੀ ਮੈਨੂੰ ਇਉਂ ਕੱਪੜੇ ਪਵਾਉਂਦੀ ਹੈ, ਇਉਂ ਖੁਆਉਂਦੀ ਹੈ, ਆਹ ਕਰਦੀ ਹੈ, ਉਹ ਕਰਦੀ ਹੈ, ਇਉਂ ਕਰਦੀ ਹੈ। ਇਹ ਗੱਲਾਂ ਸੁਣ ਕੇ ਕਈ ਵਾਰੀ ਮਿੰਨੇ ਦੀ ਮੰਮੀ ਨੂੰ ਖਿੱਝ ਜਿਹੀ ਚੜ੍ਹ ਜਾਂਦੀ ਅਤੇ ਖੁਸ਼ੀ ਜਿਹੀ ਵੀ ਹੁੰਦੀ। ਖਿੱਝ ਇਸ ਕਰਕੇ ਕਿ ਉਹ ਸੋਚਦੀ ਕਿ ਮਿੰਨਾਂ ਆਪਣੀ ਸਕੀ ਮਾਂ ਨਾਲੋਂ ਆਪਣੀ 'ਬੇਬੀ ਸਿਟਰ' ਦਾ ਜ਼ਿਆਦਾ ਕਰਦਾ ਹੈ। ਖੁਸ਼ੀ ਇਸ ਗੱਲੋਂ ਕਿ ਉਹ ਸੋਚਦੀ ਕਿ 'ਬੇਬੀ ਸਿਟਰ' ਉਸ ਦੇ ਪੁੱਤ ਦਾ ਕਿੰਨਾ ਖਿਆਲ ਰੱਖਦੀ ਹੈ। ਉਹ 'ਵੀਕ ਐਂਡ' ਤੋਂ ਬਾਅਦ ਜਦੋਂ ਵੀ ਮਿੰਨੇ ਨੂੰ ਛੱਡਣ ਆਉਂਦੀ ਤਾਂ ਹਰਦਿੱਤ ਕੌਰ ਨੂੰ ਨਿਹੋਰੇ ਜਿਹੇ





ਨਾਲ ਆਖਦੀ, "ਆਂਟੀ ਮਿੰਨਾਂ ਤਾਂ ਹੁਣ ਸਾਡੇ ਵਿਚ ਰਲਦਾ ਹੀ ਨਹੀਂ, ਹਮੇਸ਼ਾਂ ਬੀਬੀ ਬੀਬੀ ਕਰਦਾ ਰਹਿੰਦਾ ਹੈ, ਸੱਚੀਂ ਤੁਹਾਡਾ ਤਾਂ ਬਹੁਤ ਜ਼ਿਆਦਾ ਕਰਦਾ ਹੈ।" ਅੱਗੋਂ ਹਰਦਿੱਤ ਕੌਰ ਮਾਣ ਅਤੇ ਖੁਸ਼ੀ 'ਚ ਫੁੱਲੀ ਹੋਈ ਮਿੰਨੇ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲੈਂਦੀ।

ਫਿਰ ਇਸ ਤਰ੍ਹਾਂ ਦਿਨ ਮਹੀਨੇ ਸਾਲ ਬੀਤਦੇ ਗਏ ਅਤੇ ਪਤਾ ਹੀ ਨਾ ਲੱਗਿਆ ਕਿ ਕਦੋਂ ਪੰਜ ਸਾਲ ਗੁਜ਼ਰ ਗਏ। ਫਿਰ ਇਕ ਦਿਨ ਅਚਾਨਕ ਹੀ ਕੰਮ ਤੋਂ ਮਿੰਨੇ ਦੀ ਮੰਮੀ ਦਾ ਫੋਨ ਆਇਆ "ਆਂਟੀ ਮੈਂ ਤੁਹਾਡੇ ਨਾਲ ਜ਼ਰੂਰੀ ਗੱਲ ਕਰਨੀ ਹੈ।" ਹਰਦਿੱਤ ਕੌਰ ਨੇ ਸੋਚਿਆ ਸ਼ਾਇਦ ਕੋਈ 'ਬੇਬੀ ਸਿਟਿੰਗ' ਦੀ ਫੀਸ ਦੀ ਗੱਲ ਹੋਵੇਗੀ। ਪਰ ਅੱਗੋਂ ਭਿੰਦਰ ਨੇ ਆਖਿਆ "ਆਂਟੀ ਇਸ ਵੀਕ ਐਂਡ ਤੇ ਅਸੀਂ ਘਰ ਬਦਲ ਰਹੇ ਹਾਂ। ਹੁਣ ਮਾਲਟਨ ਛੱਡ ਕੇ ਬਰੈਂਪਟਨ ਵਿਚ ਘਰ ਲਿਆ ਹੈ। ਨਾਲੇ ਅਗਲੇ ਸਾਲ ਮਿੰਨੇ ਨੂੰ ਸਕੂਲ ਵੀ ਭੇਜਣਾ ਹੈ। ਸੋ ਮਿੰਨਾ ਆਹ ਹੀ ਹਫ਼ਤਾ ਤੁਹਾਡੇ ਕੋਲ ਆਵੇਗਾ।" ਕਹਿਣ ਨੂੰ ਤਾਂ ਹਰਦਿੱਤ ਕੌਰ "ਅੱਛਾ ਕੋਈ ਨਾ ਕਹਿ ਗਈ ਪਰ ਉਸ ਨੂੰ ਤਾਂ ਇਕ ਕੰਬਣੀ ਜਿਹੀ ਛਿੜ ਗਈ, ਜਿਵੇਂ ਸੌ ਘੜਾ ਪਾਣੀ ਦਾ ਸਿਰ ਤੇ ਆ ਪਿਆ ਹੋਵੇ। ਉਹ ਉੱਥੇ ਹੀ ਬੈਠੀ ਸੋਚਦੀ ਰਹੀ ਕਿ ਕੀ ਮਿੰਨਾ ਸੱਚ ਮੁੱਚ ਚਲਾ ਜਾਵੇਗਾ? ਉਹ ਮਿੰਨਾ ਜਿਹੜਾ ਪਿਛਲੇ ਪੰਜਾਂ ਸਾਲਾਂ ਤੋਂ ਉਸਦੀ ਇਕ ਇਕ ਪਲ ਦੀ ਸਾਂਝ ਹੈ। ਜਿਸ ਨੂੰ ਉਸਨੇ ਪੁੱਤਾਂ ਵਾਂਗੂੰ ਪਾਲਿਆ ਹੈ, ਇਕੱਲੀ ਇਕੱਲੀ ਗੱਲ ਸਿਖਾਈ ਹੈ, ਨਾਲੇ ਕੱਲ ਹੀ ਤਾਂ ਉਹ ਸਟੋਰ ਜਾ ਕੇ ਆਪ ਪੈਸੇ ਖਰਚ ਕੇ ਮਿੰਨੇ ਦੇ ਖੇਡਣ ਲਈ ਇਕ ਬਾਲ ਲੈ ਕੇ ਆਈ ਸੀ ਅਤੇ ਇਕ ਦੋ ਹੋਰ ਖੇਡਾਂ। ਅਜੇ ਤਾਂ ਉਨ੍ਹਾਂ ਨਾਲ ਖੇਡਕੇ ਮਿੰਨੇ ਦਾ ਮਨ ਵੀ ਨਹੀਂ ਸੀ ਭਰਿਆ। ਫੇਰ ਆਪ ਮੁਹਾਰੇ ਹੀ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ ਸਨ। ਠਾਕੁਰ ਸਿੰਘ ਨੇ ਉਸ ਨੂੰ ਬੜਾ ਸਮਝਾਇਆ ਸੀ, "ਐਵੇਂ ਕਾਹਨੂੰ ਐਨਾ ਕਰਦੀ ਹੈ ਅੱਜ ਨਹੀਂ ਤਾਂ ਕੱਲ੍ਹ ਉਸ ਨੇ ਜਾਣਾ ਹੀ ਸੀ।" ਪਰ ਹਰਦਿੱਤ ਕੌਰ ਦਾ ਮਨ ਨਹੀਂ ਸੀ ਟਿੱਕਦਾ।

ਉਸ ਰਾਤ ਉਸ ਨੂੰ ਭੋਰਾ ਵੀ ਨੀਂਦ ਨਾ ਪਈ। ਹਫ਼ਤੇ ਦੇ ਬਾਕੀ ਬਚੇ ਦਿਨ ਉਹ ਮਿੰਨੇ ਨੂੰ ਘੁੱਟ ਘੁੱਟ ਕੇ ਛਾਤੀ ਨਾਲ ਲਾਉਂਦੀ ਅਤੇ ਰੋਂਦੀ ਰਹੀ। ਰਾਤ ਨੂੰ ਭੈੜੇ-ਭੈੜੇ ਸੁਪਨੇ ਆਉਂਦੇ ਰਹੇ। ਜਿਵੇਂ ਮਿੰਨੇ ਦੇ ਮੰਮੀ ਡੈਡੀ ਉਸਨੂੰ ਛੱਡ ਕੇ ਕੰਮ ਤੇ ਚਲੇ ਗਏ ਹਨ ਤੇ ਉਹ ਭੁੱਖਣ ਭਾਣਾ ਰੋਂਦਾ, ਅਤੇ ਬੀਬੀ ਬੀਬੀ ਪੁਕਾਰਦਾ ਹੈ। ਫੇਰ ਉਸ ਨੂੰ ਸੁਪਨਾ ਆਉਂਦਾ

ਮਿੰਨੇ ਨੂੰ ਬਹੁਤ ਬੁਖਾਰ ਹੈ, ਉਹ ਨਾ ਕੁੱਝ ਖਾਂਦਾ ਹੈ ਅਤੇ ਨਾ ਪੀਂਦਾ ਹੈ। ਹਰਦਿੱਤ ਕੌਰ ਅਜਿਹੇ ਸੁਪਨਿਆਂ ਤੋਂ ਬਾਅਦ ਹੋਰ ਵੀ ਉਦਾਸ ਹੋ ਜਾਂਦੀ। ਬਾਕੀ ਬਚਦਾ ਹਫ਼ਤਾ ਉਸ ਲਈ ਸੂਲਾਂ ਦੀ ਸੇਜ ਬਣ ਗਿਆ ਸੀ। ਜਿਵੇਂ ਕਿਸੇ ਮਾਂ ਨੇ ਆਪਣੀ ਹੱਥੀਂ ਪਾਲਿਆ ਪਲੋਸਿਆ ਪੁੱਤ ਜੰਗ ਨੂੰ ਤੋਰਨਾ ਹੋਵੇ। ਉਹ ਮਿੰਨੇ ਦਾ ਬਹੁਤ ਖਿਆਲ ਰੱਖਦੀ, ਕਦੇ ਕਦੇ ਪੁੱਛ ਲੈਂਦੀ, "ਮਿੰਨੇ ਪੁੱਤ, ਤੂੰ ਆਪਣੀ ਬੀਬੀ ਨੂੰ ਭੁੱਲ ਤਾਂ ਨਹੀਂ ਜਾਵੇਗਾ", ਤੇ ਫੇਰ ਉਸਦੀਆਂ ਅੱਖਾਂ 'ਚੋਂ ਹੰਝੂ ਡਿੱਗ ਕੇ ਚਿਹਰੇ ਉੱਤੇ ਫੈਲ ਜਾਂਦੇ। ਮਿੰਨਾ ਵੀ ਉਦਾਸ ਹੋ ਜਾਂਦਾ ਅਤੇ ਸਹਿਮ ਕੇ ਉਸਦੀ ਬੁੱਕਲ ਵਿਚ ਵੜ ਕੇ ਬੈਠ ਜਾਂਦਾ।

ਆਖ਼ਰ ਸ਼ੁਕਰਵਾਰ ਦਾ ਦਿਨ ਵੀ ਆ ਗਿਆ। ਅੱਜ ਮਿੰਨੇ ਦਾ ਉਸ ਕੋਲ ਆਖ਼ਰੀ ਦਿਨ ਸੀ। ਉਹ ਸਵੇਰ ਤੋਂ ਹੀ ਬਹੁਤ ਉਦਾਸ ਸੀ। ਮਿੰਨੇ ਦੀਆਂ ਖੇਡਾਂ, ਕੱਪੜੇ ਅਤੇ ਹੋਰ ਕਾਫੀ ਸਾਰਾ ਸਾਮਾਨ ਇਕੱਠਾ ਕਰਕੇ ਰੱਖ ਰਹੀ ਸੀ। ਇਹ ਦਿਨ ਵੀ ਉਸੇ ਤਰ੍ਹਾਂ ਦਾ ਦਿਨ ਸੀ ਜਦੋਂ ਬੰਸੋ ਉਹਨਾਂ ਤੋਂ ਵਿਛੜ ਕੇ ਕਨੇਡਾ ਆਈ ਸੀ ਜਾਂ ਪਾਲੀ ਦੀ ਡੋਲੀ ਵਿਦਾ ਕੀਤੀ ਸੀ। ਸਾਰੀਆਂ ਚੀਜ਼ਾਂ ਉਸਨੇ ਇਕੱਠੀਆਂ ਕਰਕੇ ਇਕ ਬੈਗ ਵਿਚ ਪਾ ਦਿੱਤੀਆਂ ਅਤੇ ਮਿੰਨੇ ਨੂੰ ਅਨੇਕਾਂ ਹੀ ਵਾਰ ਘੁੱਟਕੇ ਪਿਆਰ ਦਿੱਤਾ। ਆਖ਼ਰ, ਪ੍ਰਛਾਵੇਂ ਢਲ ਗਏ, ਕਲ਼ਾਕ ਨੇ ਸਾਢੇ ਪੰਜ ਵਜਾਏ ਅਤੇ ਉਧਰ ਮਿੰਨੇ ਦੀ ਮੰਮੀ ਦੀ ਕਾਰ ਡਰਾਈਵ-ਵੇਅ 'ਚ ਆਣ ਖੜ੍ਹੀ ਹੋਈ। ਬੂਹੇ ਦੀ ਘੰਟੀ ਇਉਂ ਵੱਜੀ ਜਿਵੇਂ ਮੁਜ਼ਰਮ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੋਵੇ। ਉਹ ਤਾਂ ਅਜੇ ਸੋਚਦੀ ਸੀ, ਕਿ ਮਿੰਨੇ ਦੀ ਮੰਮੀ ਨੂੰ ਸਾਰਾ ਕੁੱਝ ਦੱਸੂ ਕਿ ਐਨੇ ਵਜੇ ਇਹ ਨਹਾਉਂਦਾ ਹੈ, ਐਨੇ ਵਜੇ ਖਾਣਾ ਖਾਂਦਾ ਹੈ ਅਤੇ ਇਨ੍ਹਾਂ ਚੀਜ਼ਾਂ ਨਾਲ ਖੇਡਦਾ ਹੈ ਜਾਂ ਆਹ ਇਹਦੀਆਂ ਆਦਤਾਂ ਨੇ। ਪਰ ਬੂਹੇ 'ਤੇ ਆ ਕੇ ਸਾਰਾ ਕੁੱਝ ਉਸ ਦੇ ਗਲ ਵਿਚ ਅਟਕ ਗਿਆ ਸੀ। ਉਸ ਨੂੰ ਜਾਪਿਆ ਕਿ ਜੇ ਉਹ ਇਕ ਲਫ਼ਜ਼ ਵੀ ਬੋਲੇਗੀ ਤਾਂ ਰੋਣ ਨਿਕਲ ਜਾਵੇਗਾ ਅਤੇ ਮੁੜਕੇ ਉਹ ਸੰਭਲ ਨਹੀਂ ਸਕੇਗੀ। ਆਖ਼ਿਰ ਮਿੰਨੇ ਦੀ ਮੰਮੀ ਨੇ ਮਿੰਨੇ ਦਾ ਸਾਮਾਨ ਉਸਦੇ ਹੱਥੋਂ ਫੜਿਆ, ਬੜੀ ਨੀਝ ਨਾਲ ਤੱਕਿਆ ਅਤੇ ਬੋਲੀ, "ਆਹ ਬਾਲ ਅਤੇ ਦੋ ਖੇਡਾਂ ਤਾਂ ਸਾਡੀਆਂ ਨਹੀਂ ਹਨ।" ਅਤੇ ਬਾਲ ਥੱਲੇ ਸੁੱਟ ਦਿੱਤੀ। ਹਰਦਿੱਤ ਕੌਰ ਨੂੰ ਜਾਪਿਆ ਜਿਵੇਂ ਕਿਸੇ ਨੇ ਉਸਦੀ ਮਮਤਾ ਨੂੰ ਪਟਕਾ ਕੇ ਧਰਤੀ 'ਤੇ ਮਾਰਿਆ ਹੋਵੇ। ਉਹ ਮਸਾਂ ਹੀ ਮਿੰਨੇ ਨੂੰ ਬੁੱਕਲ 'ਚ ਘੁੱਟ ਕੇ "ਚੰਗਾ ਪੁੱਤ" ਕਹਿ ਸਕੀ।





ਉਧਰ ਮਿੰਨੇ ਦੀ ਮੰਮੀ ਉਸਨੂੰ ਲੈ ਕੇ ਬੂਹਿਓਂ ਬਾਹਰ ਹੋ ਗਈ ਅਤੇ ਇਧਰ ਅੰਦਰ ਆਉਣ ਸਾਰ ਹੀ ਹਰਦਿੱਤ ਕੌਰ ਦੀਆਂ ਭੁੱਬਾਂ ਨਿਕਲ ਗਈਆਂ। ਠਾਕੁਰ ਸਿੰਘ ਨੇ ਉਸ ਨੂੰ ਬੜਾ ਸਮਝਾਇਆ ਪਰ ਉਹ ਉਸੇ ਤਰ੍ਹਾਂ ਹੀ ਉਦਾਸੀ 'ਚ ਡੁੱਬੀ ਰਹੀ ਅਤੇ ਦੂਜਾ ਦਿਨ ਚੜ੍ਹ ਆਇਆ।

ਦੂਜਾ ਦਿਨ ਚੜ੍ਹਦੇ ਸਾਰ ਤੋਂ ਹੀ ਉਹ ਕਦੇ ਦਰਵਾਜ਼ੇ ਵਿਚ ਜਾ ਖੜ੍ਹਦੀ ਕਦੇ ਸੋਫ਼ੇ 'ਤੇ ਆ ਬੈਠਦੀ। ਜਾਂ ਫਿਰ ਖਿੜਕੀ ਦਾ ਪਰਦਾ ਚੁੱਕ ਕੇ ਡਰਾਈਵ-ਵੇਅ ਵੱਲ ਤੱਕਦੀ। ਸੜਕ 'ਤੇ ਅਨੇਕਾਂ ਕਾਰਾਂ ਗੁਜ਼ਰ ਰਹੀਆਂ ਸਨ ਪਰ ਇਕ ਵੀ ਕਾਰ ਉਹਨਾਂ ਦੇ ਘਰ ਵੱਲ ਨਾ ਮੁੜੀ। ਮਿੰਨੇ ਦੀ ਮੰਮੀ ਨੇ ਤਾਂ ਨਾ ਆਉਣਾ ਸੀ ਅਤੇ ਨਾ ਹੀ ਉਹ ਆਈ। ਮਿੰਨਾ ਲਗਾਤਾਰ ਹਰਦਿੱਤ ਕੌਰ ਦੀਆਂ ਅੱਖਾਂ ਅੱਗੇ ਘੁੰਮਦਾ ਰਿਹਾ। ਘੜੀ ਨੇ ਦਸ ਵਜਾਏ, ਆਖ਼ਰ ਉਹ ਸੋਫੇ 'ਤੇ ਢਹਿ ਪਈ ਅਤੇ ਹੁਬਕੀਂ ਹੁਬਕੀਂ ਰੋਣ ਲੱਗੀ। ਠਾਕੁਰ ਸਿੰਘ ਨੇ ਕਿੰਨੀ ਵਾਰੀ ਕੰਮ ਤੋਂ ਫੋਨ ਕਰਕੇ ਸਮਝਾਇਆ। ਪਰ ਮਨ ਹਰ ਵਾਰੀ ਪਿਘਲ ਜਾਂਦਾ ਰਿਹਾ। ਉਸ ਦੇ ਵਾਂਗ ਹੀ ਸਾਰਾ ਘਰ ਉਦਾਸ ਸੀ। ਨਾ ਕੋਈ ਸ਼ੋਰ ਸ਼ਰਾਬਾ ਨਾ ਕੋਈ ਚੀਕ, ਨਾ ਹਾਸਾ। ਸਾਰਾ ਸਮਾਨ ਥਾਂ ਸਿਰ ਪਿਆ ਸੀ, ਕੁੱਝ ਵੀ ਨਹੀਂ ਸੀ ਖਿਲਰਿਆ। ਸੁੰਨੇ ਘਰ ਵਿਚ ਇਕ ਸੋਫ਼ੇ 'ਤੇ ਉਹ ਇਕੱਲੀ ਬੈਠੀ ਸੀ। ਸਾਹਮਣੇ ਕੋਨੇ ਵਿਚ ਬਾਲ ਪਈ ਸੀ, ਉਹੀ ਕੱਲ੍ਹ ਵਾਲੀ ਬਾਲ। ਉਸ ਨੂੰ ਫੇਰ ਜਾਪਿਆ ਜਿਵੇਂ ਕਿਸੇ ਨੇ ਉਸਦੀ ਮਮਤਾ ਨੂੰ ਪਟਕਾ ਕੇ ਧਰਤੀ ਨਾਲ ਮਾਰਿਆ ਹੋਵੇ। ਉਸਦੀਆਂ ਅੱਖਾਂ ਫੇਰ ਇਕ ਵਾਰੀ ਸਿੱਲ੍ਹੀਆਂ ਹੋ ਗਈਆਂ। ਘੜੀ ਦੀ ਘੜੀ ਉਸ ਨੂੰ ਜਾਪਿਆ ਜਿਵੇਂ ਕਿਸੇ ਨੇ ਸਾਰੀਆਂ ਹੀ ਕੰਧਾਂ ਉਨ੍ਹਾਂ ਦੀ ਛੱਤ ਹੇਠੋਂ ਕੱਢ ਲਈਆਂ ਹੋਣ ਅਤੇ ਘਰ ਦੀ ਛੱਤ ਧੜਾਮ ਕਰਦੀ ਉਸਦੇ ਸਿਰ ਤੇ ਆ ਡਿੱਗੀ ਹੋਵੇ। ●○●

# ਵਿਚਕਾਰਲੀ ਸੜਕ

## ਹਰਪ੍ਰੀਤ ਸੇਖਾ

ਉਨ੍ਹਾਂ ਦਾ ਘਰ ਸਾਡੇ ਘਰ ਦੇ ਸਾਹਮਣੇ ਹੈ। ਵਿਚਕਾਰ ਇਕ ਸੜਕ ਹੈ। ਆਸੇ-ਪਾਸੇ ਸਿਰਫ਼ ਦੋ ਹੀ ਘਰ ਈਸਟ-ਇੰਡੀਅਨਾਂ ਦੇ ਹਨ। ਇਕ ਸਾਹਮਣਾ ਘਰ, ਇਕ ਸਾਡਾ ਘਰ। ਬਾਕੀ ਘਰ ਗੋਰਿਆਂ ਦੇ ਹਨ। ਗਰਮੀਆਂ ਦੇ ਦਿਨੀਂ ਗੋਰੇ ਸ਼ਾਮ ਨੂੰ ਘਰਾਂ 'ਚੋਂ ਬਾਹਰ ਨਿਕਲ, ਇਕੱਠੇ ਖੜ੍ਹਦੇ, ਗੱਲਾਂ ਕਰਦੇ, ਹੱਸਦੇ ਹਨ। ਮੈਂ ਕਈ ਵਾਰ ਉਨ੍ਹਾਂ ਵਿਚ ਜਾ ਕੇ ਖੜ੍ਹ ਜਾਂਦਾ ਹਾਂ। ਉਹ ਚੁਪ ਕਰ ਜਾਂਦੇ ਹਨ, ਉਨ੍ਹਾਂ ਦੀਆਂ ਗੱਲਾਂ ਮੁੱਕ ਜਾਂਦੀਆਂ ਹਨ, ਹਾਸੇ ਰੁੱਕ ਜਾਂਦੇ ਹਨ। ਸ਼ਾਇਦ ਮੇਰੀ ਭੂਰੀ ਚਮੜੀ ਉਨ੍ਹਾਂ ਦੇ ਦਿਮਾਗ ਸੁੰਨ ਕਰ ਦਿੰਦੀ ਹੈ। ਮੈਂ ਕਦੇ ਸਾਹਮਣੇ ਘਰ ਵਾਲਿਆਂ ਨੂੰ ਵੀ ਉਨ੍ਹਾਂ ਵਿਚ ਖੜ੍ਹੇ ਨਹੀਂ ਦੇਖਿਆ।

ਸਾਡੇ ਘਰ ਪਹਿਲੀ ਵਾਰ ਮਿਲਣ ਆਉਣ ਵਾਲਾ ਤਕਰੀਬਨ ਹਰੇਕ ਸਾਕ-ਸਬੰਧੀ ਜ਼ਰੂਰ ਪੁੱਛਦਾ ਹੈ ਕਿ ਨੇੜੇ-ਤੇੜੇ 'ਆਪਣਿਆਂ' ਦਾ ਵੀ ਕੋਈ ਘਰ ਹੈ? ਅਸੀਂ ਝੱਟ ਸਾਹਮਣੇ ਘਰ ਵੱਲ ਇਸ਼ਾਰਾ ਕਰ ਦਿੰਦੇ ਹਾਂ, 'ਉਹ ਆਪਣਿਆਂ' ਦਾ ਹੀ ਘਰ ਹੈ। ਤੇ ਉਹ ਆਖਦੇ ਹਨ ਕਿ ਇਹ ਬਹੁਤ ਚੰਗਾ ਹੈ 'ਆਪਣਿਆਂ' ਦੀ ਦੁੱਖ-ਸੁੱਖ ਵਿਚ ਸੌ ਸਹੂਲਤ।

ਪਰ ਸਾਡੇ ਘਰਾਂ ਵਿਚਕਾਰ ਇਕ ਸੜਕ ਵੀ ਹੈ ਤੇ ਸੜਕ ਉਪਰ ਸੂਲਾਂ ਉੱਗੀਆਂ ਹੋਈਆਂ ਹਨ। ਉਹ ਸਾਡੇ ਨਹੀਂ ਆਉਂਦੇ, ਅਸੀਂ ਉਨ੍ਹਾਂ ਦੇ ਨਹੀਂ ਜਾਂਦੇ। ਪਹਿਲਾਂ ਤਾਂ ਇੰਝ ਨਹੀਂ ਸੀ। ਮਾਂ ਸਾਹਮਣੇ ਘਰਵਾਲੀ ਸੁਰਿੰਦਰ ਦੀ ਮੰਮੀ ਨਾਲ ਬੋਲਦੀ-ਚੱਲਦੀ ਸੀ। ਕਈ ਵਾਰ ਦੁਪਹਿਰ ਵੇਲੇ ਜਦ ਦੋਹਾਂ ਘਰਾਂ ਦੇ ਬਾਕੀ ਜੀਅ ਕੰਮ 'ਤੇ ਗਏ ਹੁੰਦੇ, ਉਹ ਇਕੱਠੀਆਂ ਇਕ ਘਰ ਬੈਠ ਕੋਟੀਆਂ ਬੁਣਦੀਆਂ। ਉਹ ਸਾਡੇ ਆ ਜਾਂਦੀ ਜਾਂ ਮਾਂ ਉਨ੍ਹਾਂ ਦੇ ਚਲੀ ਜਾਂਦੀ। ਸੁਰਿੰਦਰ ਦੇ ਡੈਡੀ ਨਾਲ ਵੀ 'ਹਾਏ-ਸ਼ਾਏ' ਹੁੰਦੀ ਰਹਿੰਦੀ। ਪਰ ਜਿਸ ਦਿਨ ਸੁਰਿੰਦਰ ਨੇ ਆਪਣੇ ਮੰਮੀ-ਡੈਡੀ ਨਾਲ ਅਤੇ ਮੈਂ ਆਪਣੇ ਮਾਂ-ਡੈਡੀ ਨਾਲ ਆਪਣੇ ਵਿਆਹ ਦੀ ਗੱਲ ਕੀਤੀ, ਸੜਕ ਉਪਰ ਸੂਲਾਂ ਉੱਗ ਖੜ੍ਹੋਤੀਆਂ। ਹੁਣ ਉਹ ਸਾਡੇ ਨਹੀਂ ਆਉਂਦੇ, ਅਸੀਂ ਉਨ੍ਹਾਂ ਦੇ ਨਹੀਂ ਜਾਂਦੇ।

ਸੁਰਿੰਦਰ ਦੀ ਫੈਕਟਰੀ ਮੇਰੇ ਦਫ਼ਤਰ ਵਾਲੀ ਬਿਲਡਿੰਗ ਵਿਚ ਹੀ ਹੈ।





ਦੋਹਾਂ ਦੇ ਲੰਚ ਦਾ ਟਾਈਮ ਇਕ। ਕਈ ਵਾਰ ਧੁੱਪ ਵਾਲੇ ਦਿਨ ਉਸਦੀ ਫੈਕਟਰੀ ਵਿਚ ਕੰਮ ਕਰਨ ਵਾਲੇ ਲੰਚ-ਟਾਈਮ ਧੁੱਪ ਸੇਕਣ ਬਾਹਰ ਆ ਜਾਂਦੇ, ਮੇਰੇ ਦਫ਼ਤਰ ਵਾਲੇ ਵੀ ਬਾਹਰ ਨਿਕਲ ਜਾਂਦੇ। ਕੋਈ ਅੱਖਾਂ ਮੀਚ ਸੂਰਜ ਵੱਲ ਮੂੰਹ ਕਰ ਬੈਠ ਜਾਂਦਾ, ਕੋਈ ਧੁੱਪ 'ਚ ਬੈਠ ਕਿਤਾਬ ਪੜ੍ਹਨ ਲੱਗ ਜਾਂਦਾ। ਕਈ ਗੱਲੀਂ ਲੱਗ ਜਾਂਦੇ। ਗੁਆਂਢੀ ਹੋਣ ਦੇ ਨਾਤੇ ਮੈਂ ਕਈ ਵਾਰ ਸੁਰਿੰਦਰ ਕੋਲ ਜਾ ਖੜ੍ਹਦਾ, ਜਾਂ ਉਹ ਮੇਰੇ ਕੋਲ ਆ ਖੜ੍ਹਦੀ। ਗੱਲਾਂ ਕਰਦੇ। ਇੰਡੀਆ ਦੀਆਂ ਗੱਲਾਂ ਛਿੜ ਪੈਂਦੀਆਂ। ਇੰਡੀਆਂ ਦੇ ਫਿਰਕੂ-ਫਸਾਦਾਂ ਉੱਪਰ ਉਹ ਚਿੰਤਤ ਹੁੰਦੀ, ਸਮਾਜ ਵਿਚ ਜਾਤ-ਪਾਤ, ਊਚ-ਨੀਚ ਦੀਆਂ ਵੰਡੀਆਂ ਵਿਰੁੱਧ ਗਿਲ੍ਹਾ ਕਰਦੀ। ਸਾਡੇ ਵਿਚਾਰ ਰਲਦੇ।

ਫਿਰ ਸਾਡੀ ਸਾਂਝ ਵਧਦੀ ਗਈ। ਲੰਚ ਟਾਈਮ ਉਹ ਮੇਰੇ ਦਫ਼ਤਰ ਆ ਜਾਂਦੀ, ਅਸੀਂ ਇਕੱਠੇ ਲੰਚ ਕਰਦੇ। ਮੇਰੇ ਵਾਂਗ ਉਸਨੂੰ ਵੀ ਇੰਡੀਆ ਤੋਂ ਆਇਆਂ ਹਾਲੇ ਚਾਰ-ਪੰਜ ਸਾਲ ਹੀ ਹੋਏ ਸਨ। ਬੀ. ਏ. ਕਰ ਰਹੀ ਸੀ ਜਦ ਮਾਂ-ਬਾਪ ਨਾਲ ਕੈਨੇਡਾ ਆ ਗਈ। ਕਪੜੇ ਸੀਣ ਦਾ ਕੋਰਸ ਕਰ, ਰਜਾਈਆਂ ਸਿਉਣ ਵਾਲੀ ਇਸ ਛੋਟੀ ਜਿਹੀ ਫੈਕਟਰੀ ਵਿਚ ਲੱਗ ਗਈ। ਆਪਣੇ ਘਰ ਦੀ ਪੂਰੀ ਜ਼ਿੰਮੇਵਾਰੀ ਸਮਝਦੀ। ਘਰ ਵਿਚ ਉਹ ਅਤੇ ਉਸਦੇ ਡੈਡੀ ਹੀ ਕੰਮ ਕਰਨ ਵਾਲੇ ਸਨ। ਮੰਮੀ ਨੂੰ ਉਹ ਕੰਮ 'ਤੇ ਨਾ ਲੱਗਣ ਦਿੰਦੀ। 'ਕਿੱਥੇ ਫਾਰਮਾਂ 'ਚ ਧੱਕੇ ਖਾਂਦੀ ਫਿਰੇਗੀ' ਉਹ ਆਖਦੀ। ਫਾਰਮਾਂ ਤੋਂ ਬਿਨਾਂ ਅਨਪੜ੍ਹ ਮਾਂ ਨੂੰ ਹੋਰ ਕਿੱਥੇ ਕੰਮ ਮਿਲਦਾ? ਛੋਟੇ ਭਰਾ ਨੂੰ ਉਹ ਆਖਦੀ ਕਿ ਪੜ੍ਹੇ। ਏਨੀ ਜ਼ਿੰਮੇਵਾਰ ਤੇ ਸਿਆਣੀ ਕੁੜੀ ਮੇਰੇ ਧੁਰ-ਅੰਦਰ ਤੱਕ ਆਪਣਾ ਥਾਂ ਬਣਾਉਂਦੀ ਗਈ। ਮੈਂ ਕਈ ਵਾਰ ਹਾਸੇ-ਹਾਸੇ 'ਚ ਉਸਨੂੰ ਆਖ ਦਿੰਦਾ, 'ਸੁਰਿੰਦਰ ਤੂੰ ਐਨ੍ਹੀ ਚੰਗੀ ਕਾਹਤੋਂ ਐਂ'?

'ਕਿਉਂਕਿ ਚੰਗਾਂ ਬਣਨ ਲਈ ਮੈਨੂੰ ਤੁਹਾਡਾ ਸਾਥ ਮਿਲਿਆ ਹੋਇਐ', ਉਹ ਝੱਟ ਆਖ ਦਿੰਦੀ। ਤੇ ਇਕ ਦਿਨ ਅਸੀਂ ਜ਼ਿੰਦਗੀ ਭਰ ਲਈ ਇਕ ਦੂਜੇ ਦੇ ਸਾਥ ਦੀ ਗੱਲ ਤੋਰੀ। ਸਾਂਝੇ ਪਰਿਵਾਰ ਵਾਲੇ ਘਰਾਂ ਵਿਚ ਮਾਪਿਆਂ ਦੀ ਸਹਿਮਤੀ ਜ਼ਰੂਰੀ ਸੀ। ਉਹਦੇ ਲਈ ਵੀ ਤੇ ਮੇਰੇ ਲਈ ਵੀ। ਉਹ ਵੀ ਮਾਪਿਆਂ ਦੀ ਸਿਆਣੀ ਜ਼ਿੰਮੇਵਾਰ ਧੀ, ਮੈਂ ਵੀ ਆਗਿਆਕਾਰ ਪੁੱਤ।

ਪਰ ਉਸ ਦਿਨ ਮੈਨੂੰ ਮਹਿਸੂਸ ਕਰਾਇਆ ਜਾ ਰਿਹਾ ਸੀ ਜਿਵੇਂ ਮੈਂ ਮੁਜ਼ਰਿਮ ਹੋਵਾਂ। ਘਰਦਿਆਂ ਦੇ ਤੌਰ ਬਦਲ ਗਏ। 'ਸਾਨੂੰ ਇਹਤੋਂ ਇਹ ਉਮੀਦ ਨਹੀਂ ਸੀ, ਐਨਾਂ ਸਿਆਣਾਂ-ਬਿਆਣਾਂ', ਮਾਂ ਆਖ ਰਹੀ ਸੀ।

ਵੱਡੀ ਭੈਣ ਆਈ, ਭਣਵੱਈਆ ਆਇਆ। ਮੈਨੂੰ ਵਿਚਕਾਰ ਬਿਠਾ ਲਿਆ। 'ਇਹ ਭਾਈ ਤੇਰਾ ਚੰਗਾ ਕੰਮ ਨਹੀਂ', ਉਨ੍ਹਾਂ ਦੇ ਵਿਚਾਰ ਸਨ। ਪਰ ਮੈਨੂੰ ਸੁਰਿੰਦਰ ਦੇ ਜੁਲਾਹਾ ਪਰਿਵਾਰ ਵਿਚ ਜਨਮ ਲੈਣ ਵਿਚ ਕੋਈ ਭੈੜ ਨਹੀਂ ਸੀ ਦਿਸ ਰਹੀ।

'ਐਨੀਆਂ ਸੱਧਰਾਂ ਨਾਲ ਪਾਲਿਆ-ਪੋਸਿਆ ਇਕੋ-ਇਕ ਪੁੱਤ। ਸੋਚਿਆ ਸੀ ਇਹਦੇ ਵਿਆਹ 'ਚ ਚਾਅ ਪੂਰੇ ਕਰੂੰਗੀ।' ਮਾਂ ਨੇ ਹਉਕਾ ਲਿਆ।

'ਹੁਣ ਚਾਅ ਪੂਰੇ ਕਰ ਲਓ। ਸੁਰਿੰਦਰ 'ਚ ਨੁਕਸ ਤਾਂ ਦੱਸੋ'? ਮੈਂ ਪਤਾ ਨਹੀਂ ਕਿਵੇਂ ਮੂੰਹ-ਫੱਟ ਹੋ ਗਿਆ।

'ਜੁਲਾਹਿਆਂ ਦੀ ਕੁੜੀ ਘਰ ਲਿਆ ਕੇ ਚਾਅ ਪੂਰੇ ਕਰੀਏ, ਵੇਖ ਖਾਂ, ਇਹਦੀ ਮੱਤ ਨੂੰ ਪਤਾ ਨਹੀਂ ਕੀ ਹੋ ਗਿਆ। ਸਰੀਕੇ 'ਚ ਨੱਕ ਵਢਾਉਣੀ ਆਂ। ਲਾਗੀ ਜਾਤ ਦੀ ਕੁੜੀ। ਆਪਣੇ ਕੁੜੀਆਂ ਦਾ ਕਾਲ ਤਾਂ ਨੀਂ ਆ ਗਿਆ', ਮਾਂ ਬੋਲੀ।

'ਸਿੱਧੂ-ਬਰਾੜਾਂ ਦੀਆਂ ਹੁਣ ਜੁਲਾਹੀਆਂ ਨੂੰਹਾਂ ਬਣਨਗੀਆਂ'। ਡੈਡੀ ਸ਼ਾਇਦ ਜਵਾਨ ਪੁੱਤ ਨਾਲ ਟੱਕਰ ਨਹੀਂ ਸੀ ਲੈਣਾ ਚਾਹੁੰਦੇ, ਪਰ ਉਨ੍ਹਾਂ ਦੇ ਜਬਤ ਕੀਤੇ ਗੁੱਸੇ ਵਿਚੋਂ ਵੀ ਵਿਅੰਗ ਦਾ ਤੀਰ ਛੱਡਿਆ ਗਿਆ।

'ਰਾਜੇ ਹਰੇਕ ਕੰਮ ਜ਼ਰੂਰੀ ਨਹੀਂ ਹੁੰਦਾ ਕਿ ਆਵਦੇ ਵਾਸਤੇ ਹੀ ਕੀਤਾ ਜਾਵੇ। ਸਾਨੂੰ ਇਹਨਾਂ ਵੱਡਿਆਂ ਦਾ ਵੀ ਖਿਆਲ ਕਰਨਾਂ ਪੈਣਾਂ ਜਿੰਨਾਂ ਨੇ ਸਾਨੂੰ ਪਾਲਿਆ ਪੋਸਿਆ। ਜੇ ਤੇਰੀ ਉਹ ਘਰਵਾਲੀ ਹੋਵੇਗੀ ਤਾਂ ਇਉਂ ਵੀ ਸੋਚ ਬਈ ਮਾਂ ਦੀ ਨੂੰਹ ਵੀ ਤਾਂ ਹੋਵੇਗੀ'। ਭੈਣ ਨੇ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

'ਸੁਰਿੰਦਰ ਇਕ ਸਮਝਦਾਰ ਕੁੜੀ ਹੈ। ਜੇ ਉਹ ਜ਼ਿੰਮੇਵਾਰ ਪਤਨੀ ਹੋਵੇਗੀ ਤਾਂ ਜ਼ਿੰਮੇਵਰ ਨੂੰਹ ਵੀ ਹੋਵੇਗੀ। ਮੈਨੂੰ ਇਉਂ ਨੀਂ ਸਮਝ ਆਉਂਦੀ ਕਿ ਅਸੀਂ ਜੱਟ ਉੱਚੇ ਕਿਉਂ ਹਾਂ ਅਤੇ ਜੁਲਾਹੇ ਨੀਵੇਂ ਕਿਉਂ?

ਪਰ ਘਰਦਿਆਂ ਮੇਰੀ ਸੁਣੀ ਹੀ ਨਾ ਤੇ ਆਖਰੀ ਸੁਣਾ ਦਿੱਤੀ ਕਿ ਜੇ ਜੁਲਾਹਿਆਂ ਦੀ ਕੁੜੀ ਨਾਲ ਵਿਆਹ ਕਰਾਇਆ ਤਾਂ ਉਹ ਵਾਪਸ ਇੰਡੀਆ ਚਲੇ ਜਾਣਗੇ।

ਭਣਵੱਈਏ ਨੇ ਮੇਰੇ ਵੱਲ ਇਉਂ ਦੇਖਿਆ ਜਿਵੇਂ ਆਖ ਰਿਹਾ ਹੋਵੇ, 'ਫਿੱਟ ਲਾਹਨਤ ਆ ਤੇਰੇ, ਆਵਦੀਆਂ ਮਰਜੀਆਂ ਖਾਤਰ ਬੁਢੇਪੇ ਵੱਲ ਵਧਦੇ ਮਾਂ-ਬਾਪ ਦੀਆਂ ਸੱਧਰਾਂ ਦਾ ਖੂਨ ਕਰਕੇ ਰੋਲਣ ਲਈ ਘਰੋਂ ਕੱਢ ਰਿਹੈਂ'। ਭੈਣ ਨੇ ਤਾਂ ਮਲਵੀਂ ਜਿਹੀ ਜੀਭ ਨਾਲ ਆਖ ਵੀ ਦਿੱਤਾ, 'ਜੇ





ਤੂੰ ਮਾਂ-ਬਾਪ ਦਾ ਨੀਂ ਕੁੱਝ ਲਗਦਾ, ਤਾਂ ਸਾਡਾ ਕਦੋਂ ਲਗਿਆਂ'।

ਦੂਜੇ ਦਿਨ ਮਿਲੀ ਸੁਰਿੰਦਰ ਵੀ ਬੁੱਕ-ਬੁੱਕ ਰੋਈ ਸੀ। ਉਸਦੇ ਮਾਪਿਆਂ ਉਸਨੂੰ ਪੂਰੀ ਫਿੱਟ ਲਾਹਨਤ ਦਿੱਤੀ। 'ਮੁੰਡੇ ਨਾਲ ਪਹਿਲਾਂ ਹੀ ਰਲੀ ਹੋਊ ਜਿਹੜੀ ਜੱਟਾਂ ਦੇ ਮੁੰਡੇ ਨਾਲ ਵਿਆਹੀ ਐ'। ਸ਼ਰੀਕੇ ਵਾਲਿਆਂ ਮੇਹਣੇ ਮਾਰਨੇ ਸਨ ਜੋ ਉਸਦੇ ਮਾਪਿਆਂ ਦੀ ਇੱਜ਼ਤ ਉਪਰ ਧੱਬਾ ਸਨ।

ਉਸ ਦਿਨ ਤੋਂ ਉਨ੍ਹਾਂ ਦਾ ਸਾਡੇ ਆਉਣਾ ਬੰਦ ਤੇ ਸਾਡਾ ਉਨ੍ਹਾਂ ਦੇ ਜਾਣਾ ਬੰਦ। ਕਈ ਵਾਰ ਮੈਂ ਆਪਣੇ ਘਰ ਦੇ ਲਿਵਿੰਗ ਰੂਮ ਵਿਚ ਖੜ੍ਹਾ ਦੇਖਦਾ ਹਾਂ ਕਿ ਸਾਹਮਣੇ ਘਰ ਦੇ ਲਿਵਿੰਗ ਰੂਮ ਵਿਚ ਲੱਗੀਆਂ ਤਸਵੀਰਾਂ ਤੱਕ ਸਾਡੇ ਘਰੋਂ ਦਿਸਦੀਆਂ ਹਨ, ਫਿਰ ਇਹ ਘਰ ਐਨੇ ਦੂਰ ਦੂਰ ਕਿਉਂ? ਤੇ ਮੈਨੂੰ ਇਉਂ ਖੜ੍ਹਾ ਦੇਖ ਸੁਰਿੰਦਰ ਦੀ ਮੰਮੀ ਆਪਣੇ ਘਰ ਦੇ ਲਿਵਿੰਗ ਰੂਮ ਦੇ ਪਰਦੇ ਬੰਦ ਕਰ ਦਿੰਦੀ। ਉਨ੍ਹਾਂ ਦੇ ਘਰ ਲੱਗੀ ਗੁਰੂ ਨਾਨਕ ਦੇਵ ਦੀ ਤਸਵੀਰ ਪਰਦਿਆਂ ਪਿੱਛੇ ਲੁਕ ਜਾਂਦੀ। ਇਹੋ ਜਿਹੀ ਤਸਵੀਰ ਸਾਡੇ ਘਰ ਵੀ ਹੈ। ਕਮਾਲ ਹੈ ਦੋਹੀਂ ਘਰੀਂ ਇਕੋ ਜਿਹੀਆਂ ਤਸਵੀਰਾਂ। ਉਹ ਵੀ ਪੰਜਾਬੀ, ਅਸੀਂ ਵੀ ਪੰਜਾਬੀ। ਉਹ ਵੀ ਮਲਵਈ, ਅਸੀਂ ਵੀ ਮਲਵਈ। ਉਹ ਜੁਲਾਹੇ, ਅਸੀਂ ਜੱਟ। ਵਿਚਕਾਰ ਇਕ ਸੜਕ ਹੈ, ਤੇ ਸੜਕ ਉੱਪਰ ਸੂਲਾਂ ਉੱਗੀਆਂ ਹੋਈਆਂ ਹਨ।

ਰਾਤ ਕੋਈ ਸ਼ਰਾਰਤ ਕਰ ਗਿਆ। ਸ਼ੀਸ਼ੇ ਭੰਨ ਗਿਆ। ਉਨ੍ਹਾਂ ਦੀ ਕਾਰ ਦੇ ਤੇ ਸਾਡੇ ਘਰ ਦੇ। ਸੁਰਿੰਦਰ ਦੇ ਡੈਡੀ ਅਤੇ ਮੇਰੇ ਡੈਡੀ ਦੋਨੋਂ ਹੀ ਗੁੱਸੇ ਵਿਚ, ਦੋਨੋਂ ਹੀ ਸਹਿਮੇ-ਸਹਿਮੇ। ਦੋਨੋਂ ਸੜਕ ਉੱਪਰ ਆ ਜਾਂਦੇ ਹਨ। ਉਹ ਅਖਬਾਰ ਨੂੰ ਖ਼ਬਰ, ਪੁਲਿਸ ਨੂੰ ਇਤਲਾਹ, ਅਤੇ ਨਸਲੀ ਦੰਗਿਆਂ ਵਿਰੁੱਧ ਬਣੀ ਜਥੇਬੰਦੀ ਨੂੰ ਸੂਚਿਤ ਕਰਨ ਦੀਆਂ ਸਲਾਹਾਂ ਕਰਦੇ ਹਨ। ਮਾਂ ਅਤੇ ਸੁਰਿੰਦਰ ਦੀ ਮੰਮੀ ਵਿਚਕਾਰਲੀ ਸੜਕ ਉਪਰ ਇੱਕਠੀਆਂ ਖੜ੍ਹੀਆਂ ਸ਼ਰਾਰਤੀਆਂ ਨੂੰ ਕੋਸਦੀਆਂ ਹਨ।

'ਆਸੇ-ਪਾਸੇ ਹੋਰ ਕਿਸੇ ਦੇ ਘਰ ਨੂੰ ਨੁਕਸਾਨ ਨਹੀਂ ਕੀਤਾ। ਸਾਡੇ ਦੋਹਾਂ ਘਰਾਂ ਉਪਰ ਹੀ ਗਰਕ ਜਾਣਾ ਕੋਈ ਕਹਿਰਵਾਨ ਹੋਇਆ'।

'ਰੁੜ ਜਾਣੇ ਗੋਰੇ ਸਾਡੇ ਲੋਕਾਂ ਨੂੰ ਖਾਂਦਿਆਂ-ਪੀਂਦਿਆਂ ਦੇਖ ਨੀਂ ਜਰਦੇ। ਇੰਨ੍ਹਾਂ ਦੇ ਢਿੱਡ 'ਚ ਸੂਲ ਉਠਦੀ ਐ ਬਈ ਇਹ ਇਥੇ ਆ ਕੇ ਵੱਡੇ-ਵੱਡੇ ਘਰਾਂ 'ਚ ਰਹਿੰਦੇ ਆ'।

ਮੈਨੂੰ ਲਗਿਆ ਜਿਵੇਂ ਸੂਲਾਂ ਸਿੱਧੀਆਂ ਗਈਆਂ ਹੋਣ। ਹੁਣ ਮੈਂ ਅਤੇ ਸੁਰਿੰਦਰ ਵਿਚਕਾਰਲੀ ਸੜਕ ਉਪਰ ਤੁਰ ਮੰਜ਼ਿਲ ਵੱਲ ਵਧਾਂਗੇ। ਮੇਰਾ

ਕੰਮ ਤੇ ਜਾਣ ਦਾ ਟਾਈਮ ਹੈ। ਸੁਰਿੰਦਰ ਨੇ ਵੀ ਕੰਮ ਤੇ ਜਾਣਾ ਹੈ, ਪਰ ਉਸਦੀ ਕਾਰ ਦੇ ਸ਼ੀਸ਼ੇ ਟੁੱਟੇ ਹੋਏ ਹਨ। ਮੈਂ ਸੁਰਿੰਦਰ ਦੇ ਡੈਡੀ ਕੋਲ ਸੁਰਿੰਦਰ ਨੂੰ ਰਾਈਡ ਦੇਣ ਦਾ ਪ੍ਰਸਤਾਵ ਰੱਖਦਾ ਹਾਂ ਪਰ ਉਸ ਦਾ ਖਰਵ੍ਹਾ ਜਵਾਬ ਹੈ, 'ਨਹੀਂ, ਮੈਂ ਆਪ ਹੀ ਛੱਡ ਆਊਂ'। ●○●



# ਸੱਖਣਾ ਦਿਲ

## ਸ਼ਮਸ਼ੇਰ ਭੱਟੀ

ਤਾਕੀ 'ਚੋਂ ਆਉਂਦੀ ਲੋਅ ਨਾਲ ਉਹਦੀ ਅੱਖ ਨੇ ਵੀ ਲੋਅ ਫੜੀ। ਸਿਰ ਥੱਲਿਉਂ ਬਾਂਹ ਕੱਢ ਘੜੀ 'ਤੇ ਟਾਇਮ ਦੇਖਿਆ। ਦਸ ਵੱਜਣ ਵਾਲੇ ਸਨ। ਕਾਹਲੀ ਨਾਲ ਉੱਠ ਕੇ ਉਹ ਬਿਸਤਰੇ ਉੱਤੇ ਬੈਠ ਗਿਆ। ਅਵਾਰਾ ਜਿਹੀ ਨਜ਼ਰ ਨਾਲ ਆਸੇ ਪਾਸੇ ਤੱਕਿਆ। ਅੱਖਾਂ 'ਚ ਕਸਕ ਸੀ। ਕਸਕ ਭੰਨਣ ਲਈ ਉਹਨੇ ਅੱਖਾਂ ਮਲੀਆਂ। ਉਹਨੂੰ ਲੱਗਿਆ ਇਕ ਪਪੋਟੇ 'ਚ ਕੁੱਝ ਚੁੱਭਿਆ ਹੈ। ਦਵਾ ਸੱਟ ਹੱਥ ਅੱਗੇ ਤਾਣ ਕੇ ਨਿਰਖਣ ਲੱਗਾ। ਰੱਟਣ ਸਨ ਉੱਖੜੇ ਉੱਖੜੇ। ਕੰਮ ਤੋਂ ਮਿਲੇ। ਵਿਪਰੀਤ ਮੋਢਿਆਂ ਨੂੰ ਫੜ ਖਿੱਚਿਆ। ਚੀਕ ਜਿਹੀ ਨਿਕਲ ਚੱਲੀ ਸੀ। "ਹਾਇ ਉਏ" ਕਹਿੰਦਾ ਮੁੜ ਬਿਸਤਰੇ 'ਚ ਲਿਟਦਾ ਸੋਚ ਰਿਹਾ ਸੀ, 'ਇਥੇ ਤਾਂ ਸਾਲੇ ਫੱਟੇ ਖਿੱਚਦੇ ਆ ਬਾਹਾਂ ਨੂੰ।' ਫਿਰ ਕੁੱਝ ਸੋਚਦਿਆਂ ਕੂਹਣੀ ਦੇ ਸਹਾਰੇ ਵੱਖੀ ਭਾਰ ਹੁੰਦਿਆਂ ਤਾਕੀ ਦਾ ਪਰਦਾ ਪਰ੍ਹਾਂ ਕੀਤਾ। "ਬੱਲੇ ਬੜੀ ਬਰਫ਼ ਪਈ ਆ ਰਾਤੀਂ ਤਾਂ। ਵੈਨਕੂਵਰ ਇੰਨੀ ਬਰਫ਼?" ਸਭ ਪਾਸੇ ਬਰਫ਼ ਈ ਬਰਫ਼ ਦੇਖ ਉਹ ਹੈਰਾਨ ਰਹਿ ਗਿਆ। ਚਿੱਟੀ ਬਰਫ਼ ਤੋਂ ਤਿਲਕ ਤਿਲਕ ਪੈਂਦੀ ਦੂਧੀਆ ਚਮਕੋਰ ਨੇ ਪਲ ਭਰ ਲਈ ਉਹਦੀਆਂ ਅੱਖਾਂ ਮੁੰਧ ਦਿੱਤੀਆਂ।

'ਉਦੋਂ ਅਜੇ ਕੋਈ ਕੋਈ ਫੁੱਟੀ ਡਿਗਦੀ ਸੀ ਰਾਤੀਂ ਜਦੋਂ ਬੱਲੀ ਦੇ ਘਰੋਂ ਆਇਆ ਸੀ। ਬੱਲੀ ਨਾਲ ਝਗੜ ਪਿਆ ਸੀ।' ਇਹ ਖਿਆਲ ਆਉਂਦਿਆਂ ਈ ਉਹਨੂੰ ਬੁਰਾ ਲੱਗਿਆ। 'ਭੈੜੀ ਗੱਲ ਹੋਈ' ਸੋਚਦਿਆਂ ਉਹਨੇ ਚਮਕੌੜ ਕੱਢਣ ਲਈ ਜੋਰ ਦੀ ਅੱਖਾਂ ਮੀਚੀਆਂ। ਖੁਲ੍ਹਦੀਆਂ ਅੱਖਾਂ ਉਹਦੀ ਆਪਣੀ ਫੋਟੋ ਉੱਤੇ ਪਈਆਂ। ਕੁੱਝ ਦੇਰ ਫੋਟੋ ਵੱਲ ਝਾਕਦਾ ਰਿਹਾ। 'ਕਿਰਨੀ ਨੇ ਖਿੱਚੀ ਸੀ ਉਨਟੇਰੀਓ ਪਲੇਸ ਦੇ ਬਗੀਚੇ 'ਚ। ਕਿਰਨੀ ਦਾ ਵੀ ਭੈੜਾ ਈ ਹਾਲ ਆ! ਪਤਾ ਨਹੀਂ ਕਿਉਂ ਵਿਰਾਨ ਖੰਡਰਾਂ, ਰੁੰਡ-ਮਰੁੰਡ ਦਰੱਖਤਾਂ, ਕਿਸੇ ਖਾਸ ਦਸ਼ਾ ਬਿਰਤੀਆਂ ਦੀਆਂ ਫੋਟੋਆਂ ਖਿੱਚਣ 'ਚ ਦਿਲਚਸਪੀ ਲੈਂਦਾ ਆ।' ਫੋਟੋ ਦੇ ਪਸਾਰ 'ਚ ਪਸਰੀ ਉਦਾਸੀ ਉਹਨੂੰ ਆਪ ਨੂੰ ਚੁੱਭਣ ਲੱਗੀ ਸੀ। ਉਹ ਉਦਾਸ ਸੀ। ਉਦਾਸ ਉਦਾਸ ਉਹ ਛੱਤ ਵੱਲ ਦੇਖਣ ਲੱਗਾ। ਛੱਤ ਵੱਲ ਦੇਖਦਿਆਂ ਉਹਨੂੰ ਬਿਸਤਰੇ ਦੇ

ਪਸਾਰ 'ਚ ਖਾਲੀ ਜਗ੍ਹਾ ਦਾ ਅਹਿਸਾਸ ਹੋ ਰਿਹਾ ਸੀ। ਉਸਦੇ ਮਨ 'ਚ ਕੁੱਝ ਹੋਣ ਲੱਗਾ। ਇਕ ਟੁੱਟ ਭੱਜ। ਇਹ ਟੁੱਟ ਭੱਜ ਉਹਦੇ ਦਿਲ 'ਚ ਵੀ ਇਕ ਸੱਖਣੇਪਣ ਦਾ ਅਹਿਸਾਸ ਜਗਾ ਗਈ। ਸੱਖਣਾਪਣ ਜਿਹਨੇ ਕਦੀ ਉਹਨੂੰ ਖਾਲੀ ਵੀ ਨਹੀਂ ਸੀ ਰਹਿਣ ਦਿੱਤਾ ਤੇ ਜਿਹੜਾ ਕਦੀ ਭਰਿਆ ਵੀ ਨਹੀਂ ਸੀ।

ਉਹ ਮੁੜ ਬਾਹਰ ਤੱਕਣ ਲੱਗਾ। ਧਰਤੀ ਤੋਂ ਅਸਮਾਨ ਤੱਕ ਵਾਯੂਮੰਡਲ ਸਾਫ ਸੀ। ਬਰਫ਼ ਨੇ ਸਾਰੀ ਗਰਦ ਧੋ ਦਿੱਤੀ ਸੀ। ਧੁੱਪ 'ਚ ਹੋਰ ਚਮਕ ਤੇ ਚਮਕੋਰ ਸੀ। 'ਇਵੇਂ ਤਾਂ ਮੌਂਟਰੀਅਲ ਜਾਂ ਟਰਾਂਟੋ ਹੁੰਦਾ ਸੀ।' ਸੋਚਦਿਆਂ ਈ ਉਹਨੂੰ ਮੀਸ਼ੈਲ ਦੀ ਯਾਦ ਆਈ। 'ਮੀਸ਼ੈਲ – ਚਮਕੋਰ ਵਰਗੀ ਸਾਫ ਸਾਫ, ਧੁੱਪ ਵਾਂਗੂ ਹੱਥਾਂ 'ਤਿਲਕ ਤਿਲਕ ਡਿੱਗਦੀ ਮੀਸ਼ੈਲ। ਵੰਝਲੀ ਪਾ, ਪੈਂਦੀ ਬਰਫ਼ 'ਚ ਘੁੰਮਦੇ ਰਹੇ ਸਨ। ਬਰਫ਼ ਤੇ ਘੁਲੇ ਸਨ। ਇਕ ਦੂਜੇ ਦੇ ਚੇਹਰੇ ਬਰਫ਼ ਨਾਲ ਮਲੇ ਸਨ।'

ਉਦਣ ਕਰਿਸਮਸ ਰਾਤ ਨੂੰ ਮੀਸ਼ੈਲ ਦੇ ਮੰਮੀ ਡੈਡੀ ਨੇ ਉਹਨਾਂ ਨੂੰ ਘਰ ਸੱਦਿਆ ਸੀ। ਉੱਥੇ ਮੀਸ਼ੈਲ ਦੇ ਬਾਕੀ ਭੈਣ ਭਰਾ ਵੀ ਸਨ। ਟਰਕੀ ਖਾਧੀ ਗਈ ਸੀ। ਸੁਗਾਤਾਂ ਦੇ ਅਦਲ ਬਦਲ ਹੋਏ ਸਨ। ਚੁੰਮਣ ਵੰਡੇ ਗਏ ਸਨ। ਕਰਿਸਮਸ ਟੋਸਟ ਤੋਂ ਬਾਅਦ ਸੱਭ ਆਪਣੇ ਆਪਣੇ ਘਰ ਚਲੇ ਆਏ ਸਨ। ਉਸ ਰਾਤ ਮੀਸ਼ੈਲ ਉਹਦੇ ਨਾਲ ਨਹੀਂ ਸੀ ਆਈ। ਉਦੋਂ ਇਮਾਰਤ ਦੀ ਪੰਜਵੀਂ ਮੰਜ਼ਿਲ ਉੱਤੇ ਅਪਾਰਟਮੈਂਟ 'ਚ ਰਹਿੰਦਾ ਸੀ। ਤੀਜੇ ਦਿਨ ਕੰਮ ਤੋਂ ਮੁੜਿਆ ਸੀ ਤਾਂ ਲਿਫਟ 'ਚੋਂ ਬਾਹਰ ਨਿਕਲਦਿਆਂ ਮੀਸ਼ੈਲ ਦਰਵਾਜ਼ਾ ਖੋਲ੍ਹੀ ਖੜੀ ਸੀ। ਥੋੜ੍ਹਾ ਕੋਲ ਆਉਂਦਿਆਂ ਈ ਪੁੱਛਿਆ ਸੀ, "ਕਦੋਂ ਆਈ ਸੀ ਮੀਸ਼ੈਲ?"

"ਦੁਪਹਿਰ ਕੁ ਵੇਲੇ। ਤੇਰੀ ਉਡੀਕ ਕਰ ਰਹੀ ਸੀ।"

"ਮੈਂ ਕੱਲ ਫੋਨ ਕੀਤਾ ਸੀ ਤਕਾਲੀਂ, ਤੂੰ ਘਰ ਨਹੀਂ ਸੀ ਮਿਲੀ।"

"ਮੈਂ ਘਰ ਈ ਸੀ, ਖਿੱਚੋਤਾਣ ਜਿਹੀ 'ਚ।" ਕਹਿੰਦਿਆਂ ਮੀਸ਼ੈਲ ਨੇ ਉਹਨੂੰ ਜੱਫੀ ਪਾ ਲਈ ਸੀ।

"ਖਿੱਚੋਤਾਣ ਜਿਹੀ 'ਚ?" ਦਰਵਾਜ਼ੇ 'ਚ ਪੈਰ ਪਾਉਂਦਿਆਂ ਉਹ ਹੈਰਾਨ ਰਹਿ ਗਿਆ ਸੀ। ਮੀਸ਼ੈਲ ਦਾ ਅਟੈਚੀ ਅਤੇ ਕੁੱਝ ਕੱਪੜੇ ਪਏ ਸਨ। "ਇਹ ਕੀ ਮੀਸ਼ੈਲ?" ਉਸ ਜਲਦੀ ਨਾਲ ਪੁੱਛਿਆ ਸੀ।

"ਮੈਂ ਇਥੋਂ ਜਾ ਰਹੀ ਆਂ।" ਜੱਫੀ ਛੱਡ ਡਾਈਨਿੰਗਟੇਬਲ ਦੀ ਇਕ ਕੁਰਸੀ ਉੱਤੇ ਬੈਠਦਿਆਂ ਉਹ ਬੋਲੀ ਸੀ।





"ਕਿਉਂ ਕੀ ਗੱਲ ਹੋ ਗਈ ਮੀਸ਼ੈਲ?"

"ਪਰਸੋਂ ਕਰਿਸਮਸ ਰਾਤ, ਤੂੰ ਮੈਨੂੰ ਬੇਇੱਜ਼ਤ ਕੀਤਾ ਸੀ।"

"ਬੇਇੱਜ਼ਤ!"

"ਹਾਂ, ਉਸ ਰਾਤ ਜਦੋਂ ਅਸੀਂ ਸੁਗਾਤਾਂ ਵਟਾ ਰਹੇ ਸੀ, ਤੂੰ ਮੈਨੂੰ ਚੁੰਮਿਆ ਨਹੀਂ ਸੀ। ਮੇਰੇ ਮੰਮੀ ਡੈਡੀ ਕੀ ਸੋਚਦੇ ਹੋਣਗੇ?"

"ਮੈਨੂੰ ਇਸ ਰਿਵਾਜ਼ ਬਾਰੇ ਬਹੁਤਾ ਪਤਾ ਨਹੀਂ ਸੀ। ਨਾਲੇ ਮੈਂ ਸੰਗ ਗਿਆ ਸੀ। ਪਤਾ ਨਹੀਂ ਕਿਉਂ? ਸ਼ਾਇਦ ਮੈਂ ਸੋਚਦਾ ਸੀ ਕਿ ਤੇਰੇ ਮੰਮੀ ਡੈਡੀ ਦੇ ਸਾਹਮਣੇ ਤੈਨੂੰ ਚੁੰਮਦਿਆਂ ਕੋਈ ਗੁਸਤਾਖੀ ਕਰ ਰਿਹਾ ਹੋਵਾਂ।"

"ਪਰ ਉਹ ਸੋਚਦੇ ਹੋਣਗੇ ਕਿ ਤੂੰ ਮੈਨੂੰ ਪਿਆਰ ਨਹੀਂ ਕਰਦਾ।"

"ਇਹ ਗੱਲ ਤਾਂ ਨਹੀਂ ਮੀਸ਼ੈਲ, ਪਰ ਮੈਨੂੰ ਇਸ ਗੱਲ ਦਾ ਅਫਸੋਸ ਆ।"

"ਪਰ ਤੂੰ ਕਦੀ ਇਹ ਵੀ ਤਾਂ ਨਹੀਂ ਕਿਹਾ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ।"

"ਇਸ ਗੱਲ ਦਾ ਮੈਨੂੰ ਅਹਿਸਾਸ ਹੈ, ਮੀਸ਼ੈਲ।"

"ਨਾਲੇ ਤੂੰ ਮੇਰੇ ਕੋਲ ਕਦੇ ਵਿਆਹ ਦਾ ਪ੍ਰਸਤਾਵ ਤੱਕ ਵੀ ਤਾਂ ਨਹੀਂ ਰੱਖਿਆ।"

"ਮੈਨੂੰ ਇਸ ਗੱਲ ਦਾ ਵੀ ਅਹਿਸਾਸ ਹੈ।"

"ਮੈਂ ਕੋਈ ਵੇਸਵਾ ਤਾਂ ਨਹੀਂ। ਤੇਰੇ ਨਾਲ ਰਹਿੰਦੀ ਆਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਤੂੰ ਮੈਨੂੰ ਕੁੱਝ ਸਮਝੇਂ ਨਾ, ਮੇਰਾ ਮਤਲਬ ਮੇਰੀ ਹਸਤੀ ਨੂੰ। ਮੈਂ ਚਾਹੁੰਦੀ ਹਾਂ ਕਿ ਤੂੰ ਦਿਖਾਵੇਂ ਕਿ ਤੂੰ ਮੇਰਾ ਮਾਣ ਕਰਦਾ ਹੈਂ, ਮੈਨੂੰ ਆਦਰ ਦਿੰਦਾ ਹੈਂ। ਜਿਸ ਨਾਲ ਮੈਨੂੰ ਤਸੱਲੀ ਰਹੇ।"

"ਮੈਨੂੰ ਇਸ ਦਾ ਅਹਿਸਾਸ ਹੈ ਮੀਸ਼ੈਲ! ਮੈਂ ਇਹ ਸਭ ਕੁੱਝ ਮਹਿਸੂਸ ਕਰਦਾ ਆਂ।"

ਉਦੋਂ ਉਸਨੇ ਧਾ ਜੱਫੀ ਆ ਪਾਈ ਸੀ। ਬੁੱਲ ਚੁੰਮੇ ਸਨ ਅਤੇ ਬੋਲੀ ਸੀ, "ਤੂੰ ਕਿੰਨਾ ਚੰਗਾ ਆਂ। ਫਿਰ ਵੀ... ਤੇਰੀ ਚੁੱਪ ਵੀ ਧੂਹ ਪਾਉਂਦੀ ਆ... ਪਰ ਬਹੁਤੀ ਚੁੱਪ ਤਾਂ ਚੰਗੀ ਨਹੀਂ। ਆਦਮੀ ਨੂੰ ਚਾਹੀਦਾ ਜੋ ਕੁੱਝ ਸੋਚੇ ਜਾਂ ਮਹਿਸੂਸ ਕਰੇ ਕਿਸੇ ਨੂੰ ਦੱਸੇ, ਕਿਸੇ ਨੂੰ ਪੁੱਛੇ।"

ਉਦੋਂ ਮੀਸ਼ੈਲ ਦਾ ਸਿਰ ਉਹਦੇ ਮੋਢੇ 'ਤੇ ਸੀ। ਛਾਤੀ ਨਾਲ ਲੱਗੀ ਨੇ ਉਹਦਾ ਇਕ ਹੱਥ ਆਪਣੇ ਕਮਰ ਦੁਆਲੇ ਵਲ ਲਿਆ ਸੀ। ਦੂਜਾ ਹੱਥ ਉਹਦੇ ਵਾਲਾਂ 'ਚ ਫੇਰਦਾ ਉਹ ਸੋਚ ਰਿਹਾ ਸੀ ਕਿ ਚੁੱਪ ਰਹਿਣ ਨਾਲ

ਵੀ ਕਿੰਨਾ ਵਿਗਾੜ ਪੈ ਸਕਦਾ ਹੈ। ਸੋਚਦਿਆਂ ਹੀ ਉਹਨੇ ਪੁੱਛਿਆ ਸੀ, "ਤੂੰ ਚਲੀ ਜਾਏਂਗੀ ਮੀਸ਼ੈਲ?"

"ਮੈਂ ਇਹ ਫੈਸਲਾ ਕਰ ਚੁੱਕੀ ਆਂ" ਜੱਫੀ ਛੱਡਦਿਆਂ ਉਹ ਬੋਲੀ ਸੀ। "ਤੂੰ ਮੈਨੂੰ ਟੈਕਸੀ ਬੁਲਾ ਦੇ।"

"ਹੁਣ ਤੂੰ ਕਿੱਥੇ ਰਹੇਂਗੀ ਮੀਸ਼ੈਲ। ਮੇਰਾ ਮਤਲਬ ਕੋਈ ਜਗ੍ਹਾ ਲੱਭੀ ਆ ਕਿ ਨਹੀਂ?" ਟੈਲੀਫੋਨ ਕਰਦਿਆਂ ਉਸ ਪੁੱਛਿਆ ਸੀ।

"ਆਪਣੀ ਮੰਮੀ ਡੈਡੀ ਦੇ ਘਰ ਰਹੂੰਗੀ ਕੁੱਝ ਦਿਨ, ਫਿਰ ਕੋਈ ਆਪਣਾ ਕਮਰਾ ਕਿਰਾਏ 'ਤੇ ਲੱਭ ਲਊਂਗੀ।"

ਇਕ ਹੱਥ 'ਚ ਅਟੈਚੀ ਅਤੇ ਦੂਜੀ ਬਾਹਾਂ ਉੱਤੇ ਕੁੱਝ ਕੱਪੜੇ ਲਟਕਾਈ ਵਿਦਾ ਕਹਿਣ ਵੇਲੇ ਉਹ ਉਹਦੇ ਵੱਲ ਦੇਖੀ ਜਾ ਰਹੀ ਸੀ। ਪਹਿਲਾਂ ਥੋੜ੍ਹਾ ਮੁਸਕਰਾਈ ਸੀ ਫਿਰ ਉਸਦੀਆਂ ਅੱਖਾਂ 'ਚ ਹੰਝੂ ਵਹਿ ਤੁਰੇ ਸਨ। ਅਟੈਚੀ ਮੁੜ ਫਰਸ਼ ਉੱਤੇ ਰੱਖ ਹੰਝੂ ਪੂੰਝਦੀ ਬੋਲੀ ਸੀ, "ਦੇਖ ਤੇਰੇ ਦਿਲ ਦੀ ਉਦਾਸੀ ਤੇਰੇ ਚਿਹਰੇ 'ਤੇ ਵਿਖਰੀ ਪਈ ਆ। ਪਰ ਤੂੰ ਨਾ ਤਾਂ ਬੁੱਲ੍ਹਾਂ ਤੇ ਕੋਈ ਗੱਲ ਆਉਣ ਦਿੰਦਾ ਨਾ ਅੱਖਾਂ 'ਚ ਹੰਝੂ। ਮੈਂ ਮਹਿਸੂਸ ਕਰ ਸਕਦੀ ਆਂ ਕਿ ਕੱਲੇ ਦਿਲ ਨੂੰ ਇਹ ਸੱਭ ਕੁੱਝ ਸਹਿਣਾ ਕਿੰਨਾ ਔਖਾ ਹੁੰਦਾ ਹੋਏਗਾ।"

'ਮੀਸ਼ੈਲ ਨੂੰ ਘੁਟ ਲਵੇ, ਚੁੰਮ ਲਵੇ, ਉਹਨੂੰ ਨਾ ਜਾਣ ਦੇਵੇ ਉਹਨੂੰ ਮਨਾ ਲਵੇ।' ਸੋਚਦਿਆਂ ਉਹ ਬੋਲਿਆ ਸੀ, "ਚੱਲ ਮੈਂ ਤੈਨੂੰ ਟੈਕਸੀ ਤੱਕ ਛੱਡ ਆਉਂਦਾ ਹਾਂ।"

"ਨਹੀਂ ਨਹੀਂ, ਮੈਂ ਕੱਲੀ ਈ ਜਾਊਂਗੀ। ਮੇਰਾ ਫੈਸਲਾ ਖੇਰੂੰ ਖੇਰੂੰ ਹੁੰਦਾ ਲਗਦਾ। ਮੇਰੇ ਕੋਲੋਂ ਹੋਰ ਸਹਾਰਿਆ ਨਹੀਂ ਜਾਂਦਾ। ਨਾਲੇ ਤਦ ਤੱਕ ਤਾਂ ਮੈਂ ਰੋ ਪਊਂਗੀ।" ਅਤੇ ਮੀਸ਼ੈਲ ਚਲੇ ਗਈ ਸੀ।

ਹੁਣ ਉਹਦੀਆਂ ਆਪਣੀਆਂ ਅੱਖਾਂ 'ਚ ਹੰਝੂ ਵਹਿ ਤੁਰੇ ਸਨ। ਮੁੜਦੀ ਨਿਗਾਹ ਆਂਗਣ ਦੇ ਵਿਚਕਾਰ ਇਕ ਛੋਟੇ ਜਿਹੇ ਪੌਦੇ ਉੱਤੇ ਪਈ ਜਿਹਦੀ ਇਕ ਸ਼ਾਖ ਬਰਫ਼ ਥੱਲੇ ਦੱਬੀ ਪਈ ਸੀ। ਪੌਦਾ ਨਿਰੰਤਰ ਝੂਮੀ ਜਾ ਰਿਹਾ ਸੀ। ਕਦੀ ਕਿਤੇ ਹਵਾ ਦੇ ਤੇਜ਼ ਬੁੱਲੇ ਨਾਲ ਉਹਦੀ ਗਤੀ ਵਧ ਜਾਂਦੀ ਅਤੇ ਸ਼ਾਖ ਬਰਫ਼ ਤੋਂ ਅਜ਼ਾਦ ਹੋਣਾ ਚਾਹੁੰਦੀ ਸੀ। ਸੱਭ ਪਾਸੇ ਬਰਫ਼ ਹੀ ਬਰਫ਼ ਅਤੇ ਇਸ ਪੌਦੇ ਦਾ ਨਿਰੰਤਰ ਝੂਮੀ ਜਾਣਾ ਉਹਦੇ ਅੰਦਰ ਇਕ ਅਨੁਰਾਗ ਛੇੜ ਗਿਆ। ਇਕ ਹੌਸਲੇ ਭਰੀ ਜੀਵਨ ਦੀ ਝਨਕਾਰ। ਉਹ ਮੁਸਕਰਾਇਆ। ਖ਼ੁਸ਼ੀ ਖ਼ੁਸ਼ੀ ਮੁੜ ਮੰਜੇ ਉੱਤੇ ਲੇਟ ਗਿਆ।





ਕੁੱਝ ਪਲਾਂ ਬਾਅਦ ਟੈਲੀਫੋਨ ਦੀ ਘੰਟੀ ਖੜਕੀ, "ਟ-ਣ-ਣ-ਣ-ਨ, ਟ ਣ ਣ ਨ-"

ਹੱਥ ਵਧਾ ਸਿਰਹਾਣੇ ਨਾਲ ਪਏ ਮੇਜ਼ ਤੋਂ ਉਸ ਟੈਲੀਫੋਨ ਚੁੱਕਿਆ।

"ਹੈਲੋ"

– –

"ਲਿਟਿਆ ਸੀ"

– –

"ਪਤਾ ਨੀ"

– –

"ਪਤਾ ਨੀ, ਕਿੱਥੋਂ ਛਿੜੀ ਸੀ"

– –

"ਘੁੱਟ ਲੱਗਿਆ ਆ ਸੀਗਾ"

– –

"ਨਹੀਂ ਅਜੇ ਨਹੀਂ"

– –

"ਚੰਗਾ, ਓ.ਕੇ."

'ਰਾਤੀਂ ਬੱਲੀ ਨਾਲ ਝਗੜ ਪਿਆ ਸੀ।' ਉਹਦੇ ਮਨ 'ਚ ਕਚਿਆਣ ਜਿਹੀ ਭਰ ਗਈ। 'ਬੱਲੀ ਉਸਦਾ ਸੱਭ ਤੋਂ ਪਹਿਲਾ ਤੇ ਪੁਰਾਣਾ ਦੋਸਤ ਸੀ। ਪੰਦਰਾਂ ਸਾਲਾਂ ਦੀ ਆੜੀ ਸੀ ਉਸਦੀ ਬੱਲੀ ਨਾਲ। ਰਾਤੀਂ...' ਉਹਦਾ ਦਿਲ ਕੀਤਾ ਬੱਲੀ ਨੂੰ ਫੋਨ ਕਰੇ। ਕਾਹਲੀ ਨਾਲ ਉੱਠ ਨੰਬਰ ਘੁਮਾਇਆ। ਅਜੇ ਪਹਿਲੀ ਰਿੰਗ ਹੋਈ ਸੀ ਦੂਜੇ ਪਾਸੇ ਜਦੋਂ ਉਹਨੇ ਫੋਨ ਕੱਟ ਦਿੱਤਾ। ਟੈਲੀਫੋਨ ਮੇਜ਼ ਉੱਤੇ ਰੱਖ ਕੇ ਮੁੜ ਲਿਟਦਿਆਂ ਉਹ ਸੋਚਣ ਲੱਗਾ, 'ਕੀ ਗੱਲ ਸੀ? ਕਿੰਨੀ ਕੁ ਪੀਤੀ ਸੀ? ਬੱਲੀ ਨਾਲ ਬੈਠ ਕੇ ਪੰਦਰਾਂ ਸਾਲਾਂ 'ਚ ਪੰਦਰਾਂ ਵਾਰ ਵੀ ਨਾ ਸ਼ਾਇਦ। ਚੰਗੇ ਯਾਰਾਂ ਨਾਲੋਂ ਸ਼ਰਾਬ ਕੋਈ ਚੰਗੀ ਆ। ਮੁੜ ਸ਼ਰਾਬ ਪੀਊ ਜਿਹੜਾ...।' ਆਪਣੇ ਆਪ ਨੂੰ ਗਾਲੀ ਦਿੰਦਾ ਉਹ ਰੁਕਿਆ ਤੇ ਬੋਲਿਆ, "ਛੱਡ ਯਾਰ।"

ਬੇਧਿਆਨੇ ਹੀ ਹੱਥ ਵਧਾ ਸਿਰਹਾਣੇ ਵਾਲੇ ਮੇਜ ਉੱਤੋਂ ਪਿੰਡੋਂ ਆਈ ਛੋਟੀ ਭੈਣ ਦੀ ਚਿੱਠੀ ਚੁੱਕ ਪੜ੍ਹਨ ਲੱਗਾ। ਕਈ ਵਾਰ ਪੜ੍ਹ ਚੁੱਕਾ ਸੀ ਇਹ ਚਿੱਠੀ। ਜਵਾਬ ਦੇਣਾ ਸੀ। ਜਵਾਬ ਦੇਣ ਨੂੰ ਇਸ ਤੋਂ ਪਹਿਲਾਂ ਆਈਆਂ ਦੋ ਚਿੱਠੀਆਂ ਹੋਰ ਪਈਆਂ ਸਨ। ਪਹਿਲਾਂ ਵੀ ਲਿਖਿਆ ਹੁੰਦਾ, "ਬੀਜੀ

ਬਹੁਤ ਫਿਕਰ ਕਰਦੀ ਆ। ਸਿਹਤ ਬਹੁਤ ਕਮਜ਼ੋਰ ਹੋ ਗਈ ਹੈ। ਲੱਖ ਸਮਝਾਇਆਂ ਵੀ ਨਹੀਂ ਸਮਝਦੀ। ਬਿਲਕੁਲ ਬੁੜੀ ਲੱਗਦੀ ਆ। ਫਿਕਰ 'ਚ ਏਨੀ ਕਮਜ਼ੋਰ ਹੋ ਗਈ ਹੈ ਕਿ ਢੂਹੀ ਦਾ ਕੁੱਬ ਦਿਸਣ ਲੱਗ ਪਿਆ ਹੈ। ਅੱਖਾਂ ਤੋਂ ਤਾਂ ਦਿਸਣੋਂ ਹੀ ਰਹਿ ਚੱਲਿਆ ਹੈ। ਐਨਕਾਂ ਲੁਆਉਣੀਆਂ ਪਈਆਂ ਹਨ।" ਅਚਨਚੇਤ ਹੀ ਉਹਦੇ ਸਾਰੇ ਮਨ ਪੜ੍ਹਣੋ ਸੋਚਣੋਂ ਰੁਕ ਗਏ ਸਨ। ਲਿਟਿਆ ਲਿਟਿਆ ਈ ਉਹ ਚਿੱਠੀ ਲਿਖਣ ਲੱਗਾ। "ਬੀ ਜੀ ਜ਼ਿੰਦਗੀ ਜਿਉਣ ਲਈ ਹੈ ਰੋਣ ਪਿਟਣ ਲਈ ਨਹੀਂ। ਬੰਦਾ ਜਿਉਣ ਲਈ ਜੰਮਿਆ ਹੈ ਤਾਂ ਹੜ੍ਹ ਵਾਂਗ ਜੀਵੇ। ਦਰਿਆ ਵਾਂਗ ਥੀਵੇ। ਕਿੰਨੀ ਵਾਰ ਕਿਹਾ ਰੋਣ ਧੋਣ ਵਾਲੀਆਂ ਚਿੱਠੀਆਂ ਨਾ ਲਿਖਾਇਆ ਕਰ। ਮੈਨੂੰ ਨਹੀਂ ਚੰਗੀਆਂ ਲਗਦੀਆਂ। ਉਹ ਵੀ ਮਾਵਾਂ ਸਨ ਜੋ ਆਪਣੇ ਪੁੱਤਰਾਂ ਨੂੰ ਫਾਂਸੀਆਂ ਉੱਤੇ ਲਟਕਣ ਲਈ ਤੋਰਦੀਆਂ ਸਨ। ਮੈਂ ਤਾਂ ਐਸ਼ ਕਰਦਾਂ, ਕਮਾਉਂਦਾ ਹਾਂ, ਖਾਂਦਾ ਹਾਂ, ਖਰਚਦਾ ਹਾਂ।" ਇਹੋ ਜਿਹੀਆਂ ਚਿੱਠੀਆਂ ਉਹ ਕਈ ਵਾਰ ਲਿਖ ਚੁੱਕਾ ਸੀ। ਸੁੱਤੇ ਅਸੁੱਤੇ, ਕੰਮ 'ਚ ਰੁੱਝਾ ਹੁੰਦਾ ਜਾਂ ਕਿਤੇ ਕੋਈ ਕਿਤਾਬ ਪੜ੍ਹਦਿਆਂ ਬੇਧਿਆਨੀ 'ਚ। ਇਹ ਲਿਖਤੀ ਰੂਪ 'ਚ ਕਦੀ ਨਹੀਂ ਸਨ ਪਹੁੰਚੀਆਂ। ਜਿਹੜੀ ਕੋਈ ਪਹੁੰਚੀ ਸੀ ਉਹ ਕਦੇ ਇਹੋ ਜਿਹੀ ਨਹੀਂ ਸੀ।

ਟੈਲੀਫੋਨ ਦੀ ਘੰਟੀ ਫਿਰ ਖੜਕੀ।

"ਹੈਲੋ" ਟੈਲੀਫੋਨ ਚੁੱਕਦਿਆਂ ਈ ਉਹ ਬੋਲਿਆ।

– – –

"ਕੁੱਝ ਨੀ ਲਿਟਿਆ ਆ ਸੀ ਅਜੇ।"

– – –

"ਮੈਂ ਤਾਂ ਕੋਈ ਗਲਤੀ ਨਹੀਂ ਸੀ ਕੀਤੀ।"

– – –

"ਤੂੰ ਕੀ ਸੋਚਦਾਂ, ਨੋ ਵੇ"

– – –

"ਗੁੱਸਾ ਕਾਹਦਾ, ਪਰ ਕਦ ਤੱਕ ਸਹਾਰਦਾ ਰਹੇ ਕੋਈ ਇਹੋ ਜਿਹੀਆਂ ਗੱਲਾਂ।"

– – –

"ਆਹੋ ਦੋਸਤ ਬਣਦੇ ਵਿਛੜਦੇ ਈ ਰਹਿੰਦੇ ਆ।"

– – –





"ਪਿਆਰ ਵੀ।"

– – –

"ਅ. ਹ ਹ ਹ ਹਾਂ – ਉ. ਕੇ."

"ਪਿਆਰ ਵੀ" ਮੁੜ ਬਿਸਤਰੇ 'ਚ ਲਿਟਦਾ ਉਹ ਬੋਲਿਆ। ਲਿਟਦਿਆਂ ਹੀ ਉਹਨੇ ਰਜਾਈ ਸਿਰ ਤੱਕ ਤਾਣ ਲਈ ਸੀ। ਰਜਾਈ ਦੇ ਹਨ੍ਹੇਰੇ 'ਚ ਉਹਦੇ ਅੱਗੇ ਇਕ ਤਸਵੀਰ ਵਹਿਣ ਲੱਗੀ। ਸਾਂਵਲੀ ਜਿਹੀ ਕੁੜੀ ਦੀ ਤਸਵੀਰ। ਉਹਨੂੰ ਉਹਨੇ ਫਰੇਜ਼ਰ ਸਟਰੀਟ ਉੱਤੇ ਘੁੰਮਦਿਆਂ ਤੱਕਿਆ ਸੀ। ਖੂੰਜਿਆਂ 'ਚ ਖੜ੍ਹ ਚੋਰ ਅੱਖਾਂ ਨਾਲ ਕੁੜੀਆਂ ਨੂੰ ਤੱਕਣਾ ਉਹਨੂੰ ਖੁਦ ਵੀ ਚੰਗਾ ਨਾ ਲਗਦਾ। ਕੁੜੀਆਂ ਮਗਰ ਚੱਕਰ ਕੱਢਣੇ ਵੀ ਭੈੜੇ ਲਗਦੇ। ਪਰ ਉਸ ਸਾਂਵਲੀ ਕੁੜੀ ਨਾਲ ਕਈ ਵਾਰ ਉਸਦੀਆਂ ਅੱਖਾਂ ਵੀ ਮਿਲੀਆਂ ਸਨ। ਉਹ ਮੁਸਕਰਾਈ ਵੀ ਸੀ। ਉਹਨੂੰ ਚੰਗੀ ਵੀ ਲੱਗ ਆਈ ਸੀ।

ਹਰ ਵਾਰ ਉਹ ਸੋਚਦਾ ਉਹਨੂੰ ਬੁਲਾ ਲਵੇ। ਹਰ ਵਾਰ ਈ ਉਹਦੀ ਸੋਚ ਟੁੱਟ ਜਾਂਦੀ। 'ਪਤਾ ਨੀ ਨਾ ਈ ਬੋਲੇ... ਖਵਰਿਆ ਬੋਲ ਈ ਪਵੇ... ਮੁਸਕਰਾਉਂਦੀ ਵੀ ਤਾਂ ਆ... ਤਾਂ ਵੀ ਕੋਈ ਜ਼ਰੂਰੀ ਤਾਂ ਨੀ... ਕੀ ਪਤਾ ਉਹਨੂੰ ਪੰਜਾਬੀ ਨਾ ਆਉਂਦੀ ਹੋਵੇ... ਕੀ ਪਤਾ ਉਹ ਪੰਜਾਬੀ 'ਚ ਬੋਲਣਾ ਪਸੰਦ ਈ ਨਾ ਕਰੇ... ਉਹਨੂੰ ਆਪ ਨੂੰ ਕਿਹੜੀ ਬਹੁਤ ਅੰਗਰੇਜ਼ੀ ਆਉਂਦੀ ਆ। ਮਸੀਂ ਗੁਜ਼ਾਰੇ ਜੋਗੀ।' ਪਰ ਪਿਛਲੇ ਸ਼ਨੀਵਾਰ ਪਤਾ ਵੀ ਨਹੀਂ ਲੱਗਾ ਸੀ। ਕਿਵੇਂ ਉਹਨੂੰ ਬੁਲਾ ਲਿਆ ਸੀ। "ਮੇ ਆਈ ਟਾਕ ਟੂ ਯੂ ਫਾਰ ਏ ਵਾਇਲ ਇਫ ਯੂ ਪਰਮਿਟ ਸੋ।"

ਉਹ ਹੋਰ ਵੀ ਮੁਸਕਰਾਈ ਸੀ। ਉਹਦਾ ਪੂਰਾ ਚੇਹਰਾ ਮੁਸਕਰਾਇਆ ਸੀ। ਚਿਟਿਆਈ ਜਿਹੀ ਵਿੱਖਰ ਗਈ ਸੀ ਉਸ ਦੇ ਸਾਂਵਲੇ ਰੰਗ 'ਤੇ। ਚਿੱਟੇ ਦੰਦ ਦਿਖਾਉਂਦਿਆਂ ਬੋਲੀ ਸੀ। "ਨੋ ਔਪ।" ਔਹ ਦੀ ਔਹ ਗਈ ਸੀ ਝੱਟ 'ਚ ਈ। ਉਹ ਤਿਲ ਮਿਲਾ ਕੇ ਰਹਿ ਗਿਆ ਸੀ। ਉਹਨੇ ਉਹਨੂੰ ਹੋਰ ਦੇਖਣਾ ਗਵਾਰਾ ਨਹੀਂ ਸੀ ਕੀਤਾ। ਸੋਚਦਾ ਘਰ ਆ ਗਿਆ ਸੀ 'ਮੁੜ ਨਹੀਂ ਬੁਲਾਏਗਾ ਕਿਸੇ ਕੁੜੀ ਨੂੰ। ਭਾਵੇਂ ਡੇਲੇ ਪਾੜ ਪਾੜ ਕੇ ਦੇਖੇ ਭਾਵੇਂ ਮੁਸਕਰਾ ਮੁਸਕਰਾ ਕੇ... ਇਹ ਵੀ ਕੀ ਗੱਲ ਹੋਈ ਇਕ ਕੁੜੀ ਨੇ ਨੋ ਕਹਿ ਦਿੱਤਾ ਤਾਂ...।" ਉਸਨੂੰ ਆਪਣੇ ਅੰਦਰ ਕਿਸੇ ਅੜੀ ਦੀ ਕਮਜ਼ੋਰੀ ਦੇ ਅਹਿਸਾਸ ਤੇ ਗੁੱਸਾ ਆਇਆ। ਬਾਕੀ ਫਰੇਜ਼ਰ ਬਜ਼ਾਰ ਨੇ

ਉਹਦਾ ਕੀ ਵਿਗਾੜਿਆ ਸੀ, ਕੀ ਗੁਆਇਆ ਸੀ? ਬਾਜ਼ਾਰ ਚਲਦੇ ਫਿਰਦੇ ਹੋਰ ਹਜ਼ਾਰਾਂ ਲੋਕਾਂ ਨਾਲ ਜਿਵੇਂ ਕੋਈ ਵਾਸਤਾ ਈ ਨਾ ਹੋਵੇ। ਜਲਦੀ ਘਰ ਭੱਜ ਆਇਆ ਸੀ।

ਰਜਾਈ 'ਚ ਮੂੰਹ ਕੱਢ ਉਹ ਛੱਤ ਵੱਲ ਤੱਕਣ ਲੱਗਾ। ਉਸ ਕੁੜੀ ਦੀ ਤਸਵੀਰ ਹੁਣ ਵੀ ਇਨ ਬਿਨ ਉਹਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਸਾਬਤ ਸਬੂਤ। ਸਾਰੀ ਦੀ ਸਾਰੀ। ਉਹ ਫਿਰ ਉਹਨੂੰ ਚੰਗੀ ਲੱਗ ਆਈ ਸੀ। ਉਹਦਾ ਦਿਲ ਕੀਤਾ ਉਹਨੂੰ ਚੁੰਮ ਲਵੇ। ਆਪਣੇ ਬੁੱਲਾਂ ਨੂੰ ਬਣਾਉਂਦਿਆਂ ਨਜ਼ਰਾਂ ਦੀ ਗੱਡ ਵੱਲ ਚੁੰਮੀ ਦਾ ਸਾਂਗ ਰਚਾਇਆ "ਉ-ਊਂਮ।" ਆਪਣੇ ਆਪ 'ਤੇ ਹਾਸਾ ਆਇਆ ਤੇ ਉਸ ਕੁੜੀ 'ਤੇ ਖ਼ੁਸ਼ੀ ਭਰਿਆ ਗੁੱਸਾ। ਉਸ ਕੁੜੀ ਨੂੰ ਮਿੱਠੀ ਜਿਹੀ ਗਾਲ੍ਹ ਕੱਢੀ, "ਹਰਨੀ ਜਿਹੀ।"

'ਉੱਠੇ ਤੇ ਚਾਹ ਬਣਾਵੇ।' ਸੋਚਦਿਆਂ ਈ ਉਹਨੇ ਲੱਤਾਂ ਦੀ ਅਕੜਾਂਦ ਭੰਨਣੀ ਚਾਹੀ। ਲੱਤਾਂ ਕੱਠੀਆਂ ਕਰਦਿਆਂ ਉਹਦੀ ਚੀਸ ਜਿਹੀ ਨਿਕਲ ਚਲੀ ਸੀ। "ਉਹ ਹਾਇ ਉਇ – ਲੇਖਾ ਲੈਂਦੇ ਮੇਰੇ ਸਾਲੇ ਦੇ ਇਹ ਸਰਮਾਏਦਾਰ" ਬੋਲਦਾ ਉਹ ਹੱਥਾਂ ਨਾਲ ਲੱਤਾਂ ਘੁੱਟਣ ਲੱਗਾ। ਪਲਾਂਟ ਦੇ ਸ਼ਤੀਰ ਉਹਦੀਆਂ ਅੱਖਾਂ ਅੱਗੇ ਰੁੜ੍ਹਨ ਲੱਗੇ। ਉਹਨੂੰ ਲੱਗਿਆ ਜਿਵੇਂ ਪਲਪ ਦੀਆਂ ਬੱਲੀਆਂ ਕਿੱਲ ਲਾਕੇ ਕਿਸੇ ਨੇ ਉਹਦੀਆਂ ਲੱਤਾਂ ਉੱਤੇ ਠੋਕ ਦਿੱਤੀਆਂ ਹੋਣ।

'ਅਜੇ ਤਾਂ ਮਹੀਨਾ ਵੀ ਨਹੀਂ ਹੋਇਆ ਫੱਟੇ ਖਿੱਚਦੇ ਨੂੰ' ਸੋਚਦਿਆਂ ਈ ਉਹਨੂੰ ਜਾਗਰ ਸਿੰਘ ਦੀ ਯਾਦ ਆਈ। "ਕੋਈ ਨੀ ਬਸ ਮਹੀਨੇ ਦੋ ਮਹੀਨੇ ਦੀ ਗੱਲ ਆ। ਹੌਲੀ ਹੌਲੀ ਹੱਥ ਟਿਕ ਜਾਊ ਬੱਲਿਆ। ਪਰਵਾਹ ਨਾ ਕਰ। ਜਰਾ ਸਰੀਰ ਕਹੇ 'ਚ ਆ ਗਿਆ ਫਿਰ ਤਾਂ ਸਮਝ ਫੂਕਾਂ ਮਾਰ ਮਾਰ ਉੜਾ ਦਏਂਗਾ।" ਸੱਠਾਂ ਨੂੰ ਢੁਕਿਆ ਜਾਗਰ ਸਿਹੁ ਉਸ ਨੂੰ ਹੌਸਲਾ ਦਿੰਦਾ, ਸਮਝਾਉਂਦਾ, "ਇਦਾਂ ਈ ਹੁੰਦੀ ਸੀ ਪਹਿਲਾਂ ਪਹਿਲਾਂ। ਤੀਹ ਸਾਲ ਹੋ ਗਏ ਇਹੋ ਝੱਖ ਮਾਰਦਿਆਂ ਨੂੰ ਅਜੇ ਹੋਰ ਪਤਾ ਨੀ ਕਿੰਨੀ ਕੁ ਆ।'

"ਖਿੱਚ ਲੈ ਖਿੱਚ ਲੈ" ਗੋਰਾ ਮਾਈਕ, ਉਹਦਾ ਫੋਰਮੈਨ ਆਪਣੇ ਬੁੱਲ੍ਹਾਂ ਨੂੰ ਤੋੜ ਮਰੋੜ ਕੇ ਟੁੱਟੀ ਜ਼ਿਹੀ ਪੰਜਾਬੀ ਵਿਚ ਕਹਿੰਦਾ। "ਸਾਲਾ ਮੋਢਿਆਂ ਤੇ ਚੜ੍ਹਿਆ ਰਹਿੰਦਾ।" ਫੋਰਮੈਨ ਨੂੰ ਗਾਲ੍ਹੀ ਕੱਢਦਿਆਂ ਉਹਨੇ ਉਹਦੀ ਸਾਂਗ ਲਾਉਣ ਦੀ ਕੋਸ਼ਿਸ਼ ਕੀਤੀ। "ਖਿੱਚ ਲੈ, ਖਿੱਚ ਲੈ।"

ਉਹਨੂੰ ਜੀਤੇ ਦਾ ਖਿਆਲ ਆਇਆ। ਕਦੀ ਕਦੀ ਉਹ ਵੀ ਉਹਦੀ





ਮਦਦ ਕਰਦਾ ਰਹਿੰਦਾ। ਆਪਣੇ ਨੰਬਰ ਦੇ ਫੱਟਿਆਂ ਨੂੰ ਉਭਾਰ ਉਭਾਰ ਧੱਕ ਕੇ ਧਾਂਕ ਉੱਤੇ ਸੁੱਟਦਾ ਅਤੇ ਚੇਨ ਉੱਤੇ ਰੁੜੇ ਆਉਂਦੇ ਫੱਟੇ ਨੂੰ ਸੰਬੋਧਨ ਕਰਦਾ, ਲੱਕ ਹਿਲਾਉਂਦਾ ਆਪਣੀ ਬਣਾਈ ਤੁੱਕ ਗਾਉਂਦਾ, "ਮੈਂ ਆਇਆ, ਮੈਂ ਆਇਆ ਚੂੜੇ ਵਾਲੀਏ।" 'ਪਤਾ ਨੀ ਉਹ ਵਿਆਹਿਆ ਹੋਇਆ ਕਿ ਨਹੀਂ' ਉਹਨੇ ਸੋਚਿਆ। ਪਰ ਉਹਦੇ ਅੰਦਰ ਵਿਆਹ ਲਈ ਇਕ ਤਰੰਗ ਫਿਰ ਗਈ। ਉਹ ਆਪ ਇਕ ਚੂੜੇ ਵਾਲੀ ਦੀ ਭਟਕਣਾ 'ਚ ਵਹਿ ਤੁਰਿਆ। ਵੱਡੇ ਮੰਜੇ ਦੇ ਪਸਾਰ 'ਚ ਪਿਆ ਉਹਨੇ ਆਪਣੀ ਹੋਂਦ ਨੂੰ ਜੀਵਨ ਦੇ ਚੌੜੇ ਧਰਾਤਲ 'ਤੇ ਖਲ੍ਹਾਰ ਤੀਬਰ ਉਤਸੁਕਤਾ ਨਾਲ ਘੋਖਣਾ ਚਾਹਿਆ। ਉਹਦੇ ਦਿਲ 'ਚ ਅਣਹੋਂਦ ਦੀ ਜਗ੍ਹਾ ਇਕ ਹੋਂਦ ਨਾਲ ਭਰਨ ਲੱਗੀ। ਅਣਹੋਂਦ ਅਤੇ ਹੋਂਦ ਵੱਲ ਅਤੇ ਹੋਂਦ ਤੋਂ ਅਣਹੋਂਦ ਵੱਲ ਦਾ ਪ੍ਰਵਾਹ ਵਗਦਾ ਉਹਦੀਆਂ ਅੱਖਾਂ 'ਚੋਂ ਦੀ ਵਹਿ ਤੁਰਿਆ। ਉਹਨੇ ਰਜਾਈ ਨਾਲ ਆਪਣੀਆਂ ਅੱਖਾਂ ਢੱਕ ਲਈਆਂ। ●○●

# ਬਰਫ ਦਾ ਗੀਤ

## ਸਾਧੂ

ਚਰਨ ਸਿੰਘ ਦੀ ਅੱਖ ਫਿਰ ਖੁੱਲ੍ਹ ਗਈ। ਉਸਨੇ ਸਿਰ ਚੁੱਕ ਕੇ ਕਲਾਕ ਵਲ ਦੇਖਿਆ। ਹਨ੍ਹੇਰੇ ਵਿਚ ਚਮਕਦੀਆਂ ਸੂਈਆਂ ਦੋ ਵਜਾ ਰਹੀਆਂ ਸਨ। ਉਸਨੂੰ ਕਲਾਕ 'ਤੇ ਖਿਝ ਆਈ। ਇਸੇ ਦੀ ਵਜ੍ਹਾ ਕਰਕੇ ਉਸਦੇ ਮੁੰਡੇ ਨੇ ਉਸਦੀ ਲਾਹ-ਪਾਹ ਕੀਤੀ ਸੀ। ਭਾਵੇਂ ਉਹ ਰਾਤ ਨੂੰ ਅਲਾਰਮ ਲਾ ਕੇ ਸੌਂਦਾ ਸੀ ਪਰ ਉਹਨੂੰ ਜਾਗ ਤਾਂ ਪਹਿਲਾਂ ਈ ਆ ਜਾਂਦੀ ਤੇ ਉਹ ਅਲਾਰਮ ਖੜਕਣ ਤੋਂ ਪਹਿਲਾਂ ਹੀ ਬੰਦ ਕਰ ਦਿੰਦਾ। ਪਰ ਕੱਲ੍ਹ ਸਵੇਰੇ ਪਤਾ ਨਈਂ ਕਿਵੇਂ ਉਸਦੀ ਤੜਕੇ ਅੱਖ ਲੱਗ ਗਈ ਤੇ ਕਲਾਕ ਦੀ ਤਿੱਖੀ ਤੇ ਕੰਨ-ਚੀਰਵੀਂ ਆਵਾਜ਼ ਨੇ ਨਾਲ ਦੇ ਕਮਰੇ ਵਿਚ ਸੁੱਤੇ ਕਿਰਾਏਦਾਰ ਗੋਰਾ ਗੋਰੀ ਉਠਾ ਦਿੱਤੇ ਸਨ। ਉਹਨਾਂ ਉੱਠ ਕੇ ਉੱਚੀ ਉੱਚੀ ਗਾਲ੍ਹਾਂ ਕੱਢਣੀਆਂ ਤੇ ਕੰਧਾਂ ਵਿਚ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਉਹਦੇ ਨਾਲ ਹਮਦਰਦੀ ਕਰਨ ਦੀ ਥਾਂ ਜਸਵੰਤ ਨੇ ਸਗੋਂ ਉਸੇ ਨੂੰ ਝਿੜਕਿਆ ਪਈ ਉਹਨੂੰ ਗੋਰੇ ਲੋਕਾਂ ਵਿਚ ਰਹਿਣਾ ਨਹੀਂ ਆਉਂਦਾ। ਮਨ 'ਚ ਜਸਵੰਤ ਨੂੰ ਗਾਲ਼ ਕੱਢਦਿਆਂ ਉਹਨੇ ਕਿਹਾ, 'ਹੁਣ ਇਹ ਮੈਨੂੰ ਗੋਰੇ ਲੋਕਾਂ 'ਚ ਬੈਠਣਾ ਉੱਠਣਾ ਸਿਖਾਊਗਾ।'

ਫੇਰ ਉਹਨੂੰ ਬੇਸਮਿੰਟ ਵਿਚ ਰਹਿੰਦੀ ਪਹਿਲੀ ਗੋਰੀ ਔਰਤ ਦਾ ਖਿਆਲ ਆਇਆ। ਥੋੜ੍ਹੇ ਜਿਹੇ ਭਾਰੇ ਕੱਦ ਦੀ ਉਹ ਔਰਤ ਚਰਨ ਸਿੰਘ ਨੂੰ ਬੜੀ ਚੰਗੀ ਲਗਦੀ। ਉਹ ਚਰਨ ਸਿੰਘ ਨਾਲ ਕਈ ਵਾਰੀ ਗੱਲਾਂ ਕਰਨ ਦੀ ਕੋਸ਼ਿਸ਼ ਕਰਦੀ ਤੇ ਚਰਨ ਸਿੰਘ ਨੂੰ ਵੀ ਉਸਦੇ ਗੋਲ਼ ਗੋਲ਼ ਮੂੰਹ ਉੱਤੇ ਖਿੱਲਰੀ ਮੁਸਕ੍ਰਾਹਟ ਵਿਚ ਹਮਦਰਦੀ ਤੇ ਸਨੇਹ ਦੀ ਭਾਵਨਾ ਦਿਸਦੀ ਤੇ ਉਹਦੇ ਅੰਦਰੋਂ ਉਹਨੂੰ ਬਾਕੀ ਗੋਰਿਆਂ ਕੋਲੋਂ ਆਉਂਦਾ ਡਰ ਚੁੱਕਿਆ ਜਾਂਦਾ ਤੇ ਉਹ ਵੀ ਉਹਦੇ ਨਾਲ ਜਾਣੇ ਪਹਿਚਾਣੇ ਸ਼ਬਦ ਜੋੜ ਜੋੜ ਅੰਗ੍ਰੇਜ਼ੀ ਵਿਚ ਗੱਲਾਂ ਕਰਨ ਲਗਦਾ। ਉਸਦਾ ਨਾਂ ਜੋਇਸ ਸੀ। ਚਰਨ ਸਿੰਘ ਨੂੰ ਉਸਦਾ ਨਾਂ ਲੈਣ ਵਿਚ ਮੁਸ਼ਕਲ ਆਉਂਦੀ ਤੇ ਉਹ ਉਹਨੂੰ 'ਜੋਸ' ਕਹਿੰਦਾ। ਪਹਿਲਾਂ ਪਹਿਲਾਂ ਜੋਇਸ ਨੇ ਚਰਨ ਸਿੰਘ ਨੂੰ ਆਪਣਾ ਨਾਂ ਠੀਕ ਤਰ੍ਹਾਂ ਸਿਖਾਲਣ ਦੀ ਕੋਸ਼ਿਸ਼ ਕੀਤੀ ਪਰ ਫੇਰ ਉਹ ਉਂਞ ਹੀ





ਹੱਸ ਛੱਡਦੀ। ਚਰਨ ਸਿੰਘ ਨੂੰ ਵੀ ਉਹਦਾ ਘੁਮਾ ਜਿਹਾ ਪਾ ਕੇ ਆਪਣੇ ਨਾਂ ਨੂੰ 'ਸ਼ੈਰਾਨ' ਕਹਿਣਾ ਅਜੀਬ ਲਗਦਾ ਤੇ ਉਹ ਵੀ ਹਰ ਵਾਰੀ ਅੱਗੋਂ ਹੱਸ ਛੱਡਦਾ। ਜੋਇਸ ਨੇ ਕਈ ਵਾਰੀ ਉਸਦੇ ਕਮਰੇ ਦਾ ਬੂਹਾ ਖੜਕਾ ਕੇ ਉਸ ਨੂੰ ਕੌਫੀ ਪੀਣ ਲਈ ਦਿੱਤੀ ਸੀ। ਚਰਨ ਸਿੰਘ ਨੂੰ ਲਗਦਾ ਕਿ ਘਰ ਵਿਚ ਉਸਦੀ ਜੋ ਹਾਲਤ ਸੀ, ਜੋਇਸ ਉਸਨੂੰ ਚੰਗੀ ਤਰ੍ਹਾਂ ਸਮਝਦੀ ਸੀ, ਇਸੇ ਕਰਕੇ ਉਹ ਉਸ ਨਾਲ ਏਨੀ ਹਮਦਰਦੀ ਜਤਾਉਂਦੀ ਸੀ। ਜੋਇਸ ਦੀ ਅਠਾਰਾਂ ਉੱਨੀ ਸਾਲ ਦੀ ਕੁੜੀ ਵੀ ਉਸਦੇ ਨਾਲ ਰਹਿੰਦੀ ਸੀ, ਉਹ ਵੀ ਚਰਨ ਸਿੰਘ ਨਾਲ ਬੜਾ ਸਲੀਕੇ ਨਾਲ ਬੋਲਦੀ। ਵਿਚਾਰੀ ਜੋਇਸ ਇਕ ਦੋ ਵਾਰ ਕਿਰਾਇਆ ਦੇਣ ਵਿਚ ਲੇਟ ਹੋ ਗਈ ਤਾਂ ਜਸਵੰਤ ਨੇ ਉਸਨੂੰ ਬੇਸਮਿੰਟ ਵਿਚੋਂ ਹੀ ਕੱਢ ਦਿੱਤਾ। ਉਂਜ ਜੋਇਸ ਵਾਂਗ ਚਰਨ ਸਿੰਘ ਨੂੰ ਵੀ ਪਤਾ ਸੀ ਕਿ ਅਸਲ ਗੱਲ ਤਾਂ ਇਹ ਸੀ ਕਿ ਜਸਵੰਤ ਬੇਸਮਿੰਟ ਵਧ ਕਿਰਾਏ 'ਤੇ ਚੜ੍ਹਾਉਣੀ ਚਾਹੁੰਦਾ ਸੀ ਤੇ ਉਹ ਇੱਕੋ ਵਾਰੀ ਜੋਇਸ ਦਾ ਕਿਰਾਇਆ ਏਨਾ ਨਹੀਂ ਸੀ ਵਧਾ ਸਕਦਾ।

ਜੇ ਗੱਲ ਚਰਨ ਸਿੰਘ ਦੇ ਵੱਸ ਵਿਚ ਹੁੰਦੀ ਤਾਂ ਉਹਨੇ ਉਸ ਭਲੀ ਔਰਤ ਨੂੰ ਥੋੜ੍ਹੇ ਕਿਰਾਏ ਵਿਚ ਹੀ ਰਹੀ ਜਾਣ ਦੇਣਾ ਸੀ। ਪਰ ਰੋਣਾ ਤਾਂ ਇਹੀ ਆ, ਚਰਨ ਸਿੰਘ ਨੇ ਅੱਧਾ ਕੁ ਪਾਸਾ ਪਲਟਦਿਆਂ ਸੋਚਿਆ, 'ਮੁੰਡਾ ਹੁਣ ਮੇਰੀ ਕੋਈ ਗੱਲ ਸੁਣਦਾ ਈ ਨਈਂ। ਉਹਨੂੰ ਵਿਚਾਰੀ ਨੂੰ ਕੱਢ ਕੇ ਇਹ ਵਾੜ ਲਏ ਆ ਨਵੇਂ, ਜਾਦੇ ਕਿਰਾਇਆ ਦੇਣ ਆਲੇ। ਰਾਤ ਨੂੰ ਦੋ ਤਿੰਨ ਵਜੇ ਤਕ ਸ਼ਰਾਬ ਪੀਂਦੇ ਰਹਿੰਦੇ ਆ, ਤੇ ਉੱਚੀ ਉੱਚੀ ਗਾਣੇ ਲਾਈ ਰੱਖਣਗੇ। ਅੱਧਾ ਦਿਨ ਗਏ ਮੰਜੇ ਵਿਚੋਂ ਨਿਕਲਦੇ ਆ। ਤੇ ਜਦ ਅਲਾਰਮ ਨੇ ਉਹਨਾਂ ਨੂੰ ਤੜਕੇ ਜਗਾ ਦਿੱਤਾ ਤਾਂ ਸਾਲਿਆਂ ਨੇ ਘਰ ਸਿਰ 'ਤੇ ਚੁੱਕ ਲਿਆ।'

ਏਸੇ ਗੱਲ ਤੋਂ ਡਰਦੇ ਚਰਨ ਸਿੰਘ ਨੇ ਅੱਜ ਅਲਾਰਮ ਨਹੀਂ ਸੀ ਲਾਇਆ ਤੇ ਹੁਣ ਉਸਨੂੰ ਡਰ ਸੀ ਕਿ ਉਹ ਕਿਤੇ ਕੰਮ 'ਤੇ ਜਾਣ ਲਈ ਲੇਟ ਹੀ ਨਾ ਹੋ ਜਾਵੇ।

ਰਾਤੀਂ ਉਹ ਨੌਂ ਵਜੇ ਮੰਜੇ 'ਤੇ ਪੈ ਗਿਆ ਸੀ ਪਰ ਬਾਰਾਂ ਤੋਂ ਬਾਅਦ ਨੀਂਦ ਆਈ ਸੀ। ਚੰਗੀ ਕਿਸਮਤ ਨੂੰ ਗੋਰਾ ਗੋਰੀ ਵੀ ਕਿਤੇ ਗਏ ਹੋਏ ਸੀ ਤੇ ਬੇਸਮਿੰਟ ਵਿਚ ਪੂਰੀ ਸ਼ਾਂਤੀ ਸੀ। ਪਰ ਉਸਦੇ ਮਨ ਵਿਚ ਟਿਕਾਅ ਨਹੀਂ ਸੀ। ਜਸਵੰਤ ਤੋਂ ਖਾਧੀ ਝਿੜਕ ਨੇ ਉਸਦੇ ਅੰਦਰ ਜਿਵੇਂ ਕੁਝ ਤੋੜ ਕੇ ਰੱਖ ਦਿੱਤਾ ਸੀ। ਇਹ ਗੱਲ ਨਹੀਂ ਸੀ ਪਈ ਜਸਵੰਤ ਨੇ ਉਹਨੂੰ

ਪਹਿਲਾਂ ਕਦੀ ਘੂਰਿਆ ਨਹੀਂ ਸੀ ਪਰ ਪਤਾ ਨਹੀਂ ਕਿਉਂ ਇਸ ਵਾਰ ਚਰਨ ਸਿੰਘ ਨੂੰ ਕੁਝ ਜ਼ਿਆਦਾ ਹੀ ਦੁੱਖ ਲੱਗਾ ਸੀ। ਤੇ ਉਹ ਖਬਰੇ ਉਸ ਟੁੱਟੇ ਨੂੰ ਜੋੜਨ ਦੀ ਕੋਸ਼ਿਸ਼ ਹੀ ਕਰ ਰਿਹਾ ਸੀ ਕਿ ਉਸਦੇ ਦੁਖੀ ਮਨ ਵਿਚ ਸੋਚਾਂ ਦੀ ਇਕ ਅਟੁੱਟ ਲੜੀ ਤੁਰੀ ਜਾਂਦੀ ਸੀ। ਉਸਦੀਆਂ ਸੋਚਾਂ ਉਸਦੇ ਹਨ੍ਹੇਰੇ ਕਮਰੇ ਦੀਆਂ ਸੱਖਣੀਆਂ ਕੰਧਾਂ ਨਾਲ ਟਕਰਾ ਰਹੀਆਂ ਸਨ ਤੇ ਉਨ੍ਹਾਂ ਦਾ ਚੁੱਪ ਖੜਾਕ ਉਸਦੀ ਨੀਂਦ ਨੂੰ ਉਸਤੋਂ ਦੂਰ ਭਜਾ ਰਿਹਾ ਸੀ।

ਹੁਣ ਤਾਂ ਬਲਵੰਤ ਕੌਰ ਵੀ ਕੋਲ ਹੈ ਨਹੀਂ ਸੀ ਜਿਹਦੇ ਨਾਲ ਗੱਲਾਂ ਕਰਕੇ ਉਹ ਦਿਲ ਦੀ ਭੜਾਸ ਕੱਢ ਲੈਂਦਾ। ਬਲਵੰਤ ਕੌਰ ਦੀ ਘਾਟ ਨੂੰ ਉਹ ਅਜਿਹੇ ਮੌਕੇ ਬਹੁਤ ਮਹਿਸੂਸ ਕਰਦਾ। ਉਹਨੂੰ ਲਗਦਾ ਜਿਵੇਂ ਉਹ ਦੁਨੀਆਂ ਵਿਚ ਬਿਲਕੁਲ ਇਕੱਲ੍ਹਾ ਹੋਵੇ ਤੇ ਇਸ ਅਹਿਸਾਸ ਨਾਲ ਉਸਨੂੰ ਇਕ ਅਜੀਬ ਜਿਹਾ ਡਰ ਲਗਦਾ ਤੇ ਉਸ ਉੱਪਰ ਘੋਰ ਉਦਾਸੀ ਛਾ ਜਾਂਦੀ। ਉਹਨਾਂ ਦੋਹਾਂ ਨੇ ਜ਼ਿੰਦਗੀ ਦੀ ਹਰ ਔਖਿਆਈ ਇਕ ਦੂਜੇ ਦੇ ਸਹਾਰੇ ਕੱਢੀ ਸੀ। ਪਰ ਬਲਵੰਤ ਕੌਰ ਨੂੰ ਤਾਂ ਸਾਲ ਤੋਂ ਉੱਤੇ ਹੋ ਗਿਆ ਸੀ ਕੈਲਗਰੀ ਆਪਣੀ ਕੁੜੀ ਕੋਲ ਗਿਆਂ। ਉਹ ਹੁਣ ਉੱਥੇ ਉਸਦੇ ਬੱਚਿਆਂ ਦੀ ਦੇਖਭਾਲ ਕਰਦੀ ਸੀ। ਉਹਦੇ ਜਾਣ ਵੇਲੇ ਚਰਨ ਸਿੰਘ ਨੂੰ ਲੱਗਾ ਸੀ ਕਿ ਜਸਵੰਤ ਹੋਰੀਂ ਉਹਨੂੰ ਭੇਜਣ ਵਿਚ ਮਿੰਟ ਨਹੀਂ ਸੀ ਲਾਇਆ ਕਿਉਕਿ ਇਹਨਾਂ ਦੇ ਆਪਣੇ ਨਿਆਣੇ ਤਾਂ ਹੁਣ ਸਿਆਣੇ ਹੋ ਗਏ ਸਨ। ਤੇ ਬਲਵੰਤ ਕੌਰ ਬਾਹਰ ਕੋਈ ਕੰਮ ਵੀ ਨਹੀਂ ਸੀ ਕਰ ਸਕਦੀ। ਘਰ ਵਿਹਲੀ ਬੈਠੀ ਪੁੱਤ ਨੂੰਹ ਨੂੰ ਚੰਗੀ ਲੱਗਣੋਂ ਹਟ ਗਈ ਸੀ। ਉਹਦੇ ਮਨ 'ਚ ਫੇਰ ਹਾਉਕੇ ਦੇ ਨਾਲ ਸਵਾਲ ਉੱਠਿਆ ਕਿ ਇਹ ਸਭ ਕਿਵੇਂ ਵਾਪਰ ਗਿਆ? ਉਹਨਾਂ ਦੇ ਚੰਗੇ ਦਿਨਾਂ ਦੇ ਸੁਪਨਿਆਂ ਨੂੰ ਇਹ ਕਿਹਦੀ ਨਜ਼ਰ ਖਾ ਗਈ? ਦੋ ਧੀਆਂ ਤੋਂ ਬਾਅਦ ਇਕ ਪੁੱਤਰ ਦੇ ਜੰਮਦਿਆਂ ਹੀ ਮਰ ਜਾਣ ਮਗਰੋਂ ਸੌ ਸੁੱਖਾਂ ਸੁੱਖਣ ਉਪਰੰਤ ਜੰਮੇ ਉਸਦੇ ਪੁੱਤਰ ਜਸਵੰਤ ਨੂੰ ਪੈਸਿਆਂ ਦਾ ਹੁਣ ਕੋਈ ਘਾਟਾ ਨਹੀਂ ਸੀ। ਪਰ ਉਸਦਾ ਪੈਸਿਆਂ ਲਈ ਲਾਲਚ ਦਿਨ ਦਿਨ ਵਧਦਾ ਹੀ ਜਾ ਰਿਹਾ ਸੀ ਤੇ ਚਰਨ ਸਿੰਘ ਉਸ ਵਲ ਦੇਖ ਕੇ ਸੋਚਣ ਲਗਦਾ ਜਿਵੇਂ ਕਿਸੇ ਅਜੀਬ ਸ਼ੈਅ ਨੇ ਉਸ ਉੱਪਰ ਜਾਦੂ ਕਰ ਦਿੱਤਾ ਹੋਵੇ। ਚਰਨ ਸਿੰਘ ਨੇ ਸੌਣ ਦੀ ਕੋਸ਼ਿਸ਼ ਕੀਤੀ। ਪਰ ਸੌਣ ਦੀ ਥਾਂ ਉਹ ਸੋਚਾਂ ਤੇ ਯਾਦਾਂ ਦੇ ਡੂੰਘੇ ਖੂਹ ਵਿਚ ਲਹਿੰਦਾ ਜਾ ਰਿਹਾ ਸੀ।





ਉਹਨੂੰ ਆਪਣੇ ਪਿੰਡੋਂ ਬਾਹਰ ਖੇਤਾਂ 'ਚ ਬਣੇ ਘਰ ਦੀ ਯਾਦ ਆਈ ਜਿੱਥੇ ਖੁੱਲ੍ਹੀ ਹਵਾ ਵਿਚ ਦਿਨ ਦੇ ਥੱਕੇ ਨੂੰ ਉਹਨੂੰ ਕਦੀ ਸੌਣ ਵਿਚ ਮੁਸ਼ਕਿਲ ਹੀ ਨਹੀਂ ਸੀ ਆਈ। ਜੇ ਕਿਤੇ ਕਿਸੇ ਫਿਕਰ ਕਾਰਨ ਉਹਨੂੰ ਨੀਂਦ ਨਾ ਆਉਂਦੀ ਤਾਂ ਉਹ ਹਨ੍ਹੇਰੀਆਂ ਰਾਤਾਂ ਨੂੰ ਨਿੰਬਲ ਅਸਮਾਨ 'ਤੇ ਚਮਕਦੇ ਤਾਰਿਆਂ ਦੀ ਇਬਾਰਤ ਪੜ੍ਹਨ ਲੱਗ ਜਾਂਦਾ ਤੇ ਫਿਰ ਉਸਨੂੰ ਪਤਾ ਹੀ ਨਾ ਲੱਗਦਾ ਕਦੋਂ ਉਸਦੀ ਅੱਖ ਲੱਗ ਜਾਂਦੀ। ਇਸ ਕਮਰੇ ਦੀ ਨੀਵੀਂ, ਛੋਟੀ ਜਿਹੀ ਛੱਤ ਦੇ ਵਿਚਾਲੇ ਤਾਂ ਸਿਰਫ ਇਕ ਨੰਗਾ ਬਲਬ ਲਟਕਦਾ ਸੀ ਜੋ ਮੰਜੇ 'ਤੇ ਉੱਠਣ ਬੈਠਣ ਲੱਗਿਆਂ ਉਸਦੇ ਸਿਰ 'ਤੇ ਵੱਜਦਾ। ਤੇ ਜਦੋਂ ਇਕ ਵਾਰੀ ਉਸ ਕੋਲੋਂ ਬਲਬ ਭੱਜ ਗਿਆ ਤਾਂ ਉਹਨੂੰ ਆਪਣੀ ਨੂੰਹ ਦੀ ਬੁੜ ਬੁੜ ਸੁਣਨੀ ਪਈ ਸੀ। ਹੁਣ ਉਹ ਇਸ ਗੱਲੋਂ ਬੜਾ ਸਾਵਧਾਨ ਰਹਿੰਦਾ।

ਉਸਦਾ ਦਿਲ ਕੀਤਾ ਕਿ ਉਹ ਉੱਠ ਕੇ ਬੱਤੀ ਜਗਾ ਲਵੇ। ਪਰ ਫੇਰ ਉਹ ਆਪਣੀ ਸੋਚ 'ਤੇ ਪਹਿਲਾਂ ਹੱਸਿਆ ਤੇ ਫੇਰ ਖਿਝਿਆ ਕਿ ਉਹ ਬੱਤੀ ਜਗਾ ਕੇ ਕੀ ਕਰੇਗਾ? ਉਹਨੂੰ ਤਾਂ ਸਗੋਂ ਦੋ ਪਲ ਸੌਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤੜਕੇ ਪੰਜ ਵਜੇ ਤਾਂ ਉਹਨੇ ਕੰਮ 'ਤੇ ਜਾਣ ਲਈ ਉੱਠਣ ਪੈਣਾ ਸੀ।

ਕੰਮ ਦਾ ਚੇਤਾ ਆਉਦਿਆਂ ਹੀ ਉਸਨੇ ਸੌਣ ਲਈ ਅੱਖਾਂ ਮੀਟੀਆਂ ਤੇ ਆਪਣੀ ਰਜ਼ਾਈ ਨੂੰ ਪਾਸੀਂ ਘੁੱਟਿਆ। ਪਰ ਠੰਢ ਸੀ ਕਿ ਉਸਦੀਆਂ ਹੱਡੀਆਂ ਵਿਚ ਵੜਦੀ ਜਾ ਰਹੀ ਸੀ। ਉਹਨੇ ਮੀਟੀਆਂ ਅੱਖਾਂ ਨਾਲ ਹੀ ਜਿਵੇਂ ਸਾਰੇ ਕਮਰੇ ਦਾ ਜਾਇਜ਼ਾ ਲਿਆ। ਘਰ ਦੀ ਬੇਸਮਿੰਟ ਵਿਚ ਬਣੇ ਇਸ ਕਮਰੇ ਵਿਚ ਨਾ ਕੋਈ ਹੀਟਰ ਸੀ ਤੇ ਨਾ ਹੀ ਹੀਟ ਵਾਲਾ ਝਰਨਾ। ਇਕ ਦਰਵਾਜ਼ੇ ਤੋਂ ਸਿਵਾਏ ਇਸ ਵਿਚ ਇਕ ਡੇੜ੍ਹ ਕੁ ਗਿੱਠ ਚੌੜੀ ਤੇ ਢਾਈ ਕੁ ਗਿੱਠਾਂ ਉੱਚੀ ਤਾਕੀ ਸੀ ਜਿਸਦਾ ਸ਼ੀਸ਼ਾ ਖੁੱਲ੍ਹਣ ਵਾਲਾ ਨਹੀਂ ਸੀ ਤੇ ਜਿਸ 'ਤੇ ਇਕ ਮੋਟੇ ਕੱਪੜੇ ਦਾ ਮੈਲੇ ਰੰਗ ਦਾ ਪਰਦਾ ਲਾਇਆ ਹੋਇਆ ਸੀ। ਇਸ ਦੀ ਫਰਸ਼ ਵੀ ਸੀਮਿੰਟ ਦੀ ਸੀ ਤੇ ਨਾ ਹੀ ਉਸ ਉੱਪਰ ਕੋਈ ਪਲਾਈਵੁੱਡ ਲਾਈ ਗਈ ਸੀ ਤੇ ਨਾ ਹੀ ਕੋਈ ਕਾਰਪਿੱਟ ਵਿਛਾਈ ਗਈ ਸੀ। ਜਸਵੰਤ ਨੇ ਇਹ ਕਮਰਾ ਘਰ ਵਿਚਲਾ ਵਾਧੂ ਘਾਟੂ ਸਾਮਾਨ ਰੱਖਣ ਲਈ ਬਣਾਇਆ ਸੀ।

ਘਰ ਵਿਚ ਆਪਣੀ ਦੁਰਦਸ਼ਾ 'ਤੇ ਚਰਨ ਸਿੰਘ ਨੂੰ ਅੰਤਾਂ ਦੀ ਖਿਝ ਆਉਂਦੀ ਤੇ ਉਹਨੂੰ ਮਾਇਆ ਦੇ ਚੱਕਰ ਬਾਰੇ ਗੁਰਦਵਾਰੇ ਤੇ ਹੋਰਨਾਂ

ਲੋਕਾਂ ਤੋਂ ਸੁਣੀਆਂ ਗੱਲਾਂ ਸੱਚ ਹੀ ਲੱਗਣ ਲਗਦੀਆਂ ਕਿ ਕਿਸ ਤਰ੍ਹਾਂ ਪੈਸੇ ਦਾ ਵਧਿਆ ਲਾਲਚ ਬੰਦੇ ਨੂੰ ਸ਼ੈਤਾਨ ਬਣਾ ਦਿੰਦਾ ਹੈ।

ਫੇਰ ਚਰਨ ਸਿੰਘ ਦੇ ਮਨ ਵਿੱਚ ਖਿਆਲ ਆਇਆ ਕਿ ਉਹਨੇ ਪਹਿਲਾਂ ਕਦੀ ਵੀ ਪੈਸੇ ਬਾਰੇ ਜਾਂ ਜਸਵੰਤ ਦੇ ਬਹੁਤੇ ਪੈਸੇ ਮਗਰ ਭੱਜਣ ਬਾਰੇ, ਏਦਾਂ ਨਹੀਂ ਸੀ ਸੋਚਿਆ। ਸਗੋਂ ਪਹਿਲਾਂ ਪਹਿਲਾਂ ਤਾਂ ਚਰਨ ਸਿੰਘ ਨੂੰ ਜਸਵੰਤ ਦੀ ਜ਼ਿਆਦਾ ਪੈਸੇ ਬਣਾਉਣ ਦੀ ਤਮ੍ਹਾ ਬੜੀ ਚੰਗੀ ਲਗਦੀ ਸੀ ਕਿਉਂਕਿ ਉਹਨੇ ਖੁਦ ਸਾਰੀ ਉਮਰ ਤੰਗੀ 'ਚ ਕੱਟੀ ਸੀ ਤੇ ਉਹਦੇ ਮਨ 'ਚ ਸੀ ਕਿ ਹੋਰ ਜੋ ਮਰਜ਼ੀ ਹੋਵੇ ਬੰਦੇ ਕੋਲ ਪੈਸੇ ਏਨੇ ਹੋਣ ਕਿ ਉਸਨੂੰ ਕਿਸੇ ਲੋੜ ਲਈ ਕਦੀ ਵੀ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ।

ਏਸੇ ਕਰਕੇ ਜਦੋਂ ਚਰਨ ਸਿੰਘ ਤੇ ਬਲਵੰਤ ਕੌਰ ਦੇਸੋਂ ਆਏ ਸਨ ਤਾਂ ਉਹਨਾਂ ਨੇ ਜਸਵੰਤ ਦੇ ਘਰ ਦੀ ਹਾਲਤ ਦੇਖ ਕੇ ਆਪਣੀ ਵੱਲੋਂ ਪੂਰਾ ਜ਼ੋਰ ਲਾਇਆ ਸੀ ਕਿ ਉਸਦੀ ਹਾਲਤ ਸੁਧਰ ਜਾਵੇ। ਦੇਸੋਂ ਆਉਣ 'ਤੇ ਰਿਸ਼ਤੇਦਾਰ ਤੇ ਉਹਨਾਂ ਦੇ ਪੇਂਡੂ ਉਹਨਾਂ ਨੂੰ ਮਿਲਣ ਆਉਂਦੇ ਤਾਂ ਉਹ ਸਾਰੇ ਪੁੱਜ ਕੇ ਜਸਵੰਤ ਦੀ ਸਿਫਤ ਕਰਦੇ। ਸੁਣ ਕੇ ਉਹਨਾਂ ਦੋਨਾਂ ਦਾ ਸਿਰ ਮਾਣ ਵਿਚ ਉੱਚਾ ਹੋ ਜਾਂਦਾ। ਪਰ ਗੱਲਾਂ ਬਾਤਾਂ ਵਿਚ ਉਹ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਇਹ ਵੀ ਚਤਾਰ ਜਾਂਦੇ ਪਈ ਜਸਵੰਤ ਨੇ ਪਿੱਛਾ ਤਾਂ ਸਵਾਰ ਦਿੱਤਾ ਹੋਊ ਉਹਨੇ ਇੱਥੇ ਕੁਛ ਨਈਂ ਬਣਾਇਆ। ਤੇ ਜਦੋਂ ਉਹ ਦੂਜਿਆਂ ਲੋਕਾਂ ਦੇ ਵੱਡੇ ਵੱਡੇ ਘਰ ਦੇਖਦੇ ਤਾਂ ਉਹਨਾਂ ਨੂੰ ਇਹ ਗੱਲ ਬਿਲਕੁਲ ਠੀਕ ਵੀ ਲਗਦੀ।

ਰਾਤ ਨੂੰ ਸੌਣ ਲੱਗੇ ਉਹ ਦੋਵੇਂ ਵਿਚਾਰਾਂ ਕਰਦੇ। "ਉਂਦਾਂ ਹਜ਼ਾਰਾ ਸੌਂਹ ਦੀ ਗੱਲ ਤਾਂ ਠੀਕ ਆ, ਜਦ ਹੁਣ ਇੱਥੇ ਈ ਰਹਿਣਾ ਆਂ ਤਾਂ ਬੰਦੇ ਕੋਲ ਆਪਣਾ ਘਰ ਤਾਂ ਘੱਟੋ ਘੱਟ ਹੋਣਾ ਈ ਚਾਹੀਦਾ ਆ," ਚਰਨ ਸਿੰਘ ਨਿੱਕੇ ਜਿਹੇ ਕਮਰੇ ਵਿਚ ਆਪਣੇ ਨਾਲ ਪਏ ਪੋਤੇ ਦੀ ਪਿੱਠ 'ਤੇ ਹੱਥ ਫੇਰਦਾ ਨਾਲ ਦੇ ਮੰਜੇ 'ਤੇ ਪਈ ਬਲਵੰਤ ਕੌਰ ਨੂੰ ਕਹਿੰਦਾ।

ਤੇ ਫੇਰ ਉਹ ਵੀ ਆਪਣੇ ਨਾਲ ਪਈ ਆਪਣੀ ਪੋਤੀ ਨੂੰ ਰਜ਼ਾਈ ਨਾਲ ਢਕਦਿਆਂ ਕਹਿੰਦੀ, "ਚਲੋ ਹੁਣ ਪਿਛਲੀ ਸਾਰੀ ਕਬੀਲਦਾਰੀ ਨਿੱਬੜ ਗਈ ਆ, ਕੁੜੀਆਂ ਵਿਆਹ ਹੋ ਗਈਆਂ। ਛੋਟੀ ਨੇ ਤਾਂ ਹੋਰ ਸਾਲ ਖੰਡ ਤਕ ਏਧਰ ਆ ਈ ਜਾਣਾ ਆਂ, ਏਦਾਂ ਈ ਕਿਤੇ ਰੱਬ ਵੱਡੀ ਦਾ ਬੇੜਾ ਬੰਨੇ ਲਾ ਦੇਊਗਾ। ਹੁਣ ਇਹ ਆਪਣਾ ਘਰ ਬਣਾਵੇ ਜੋ ਮਰਜ਼ੀ ਕਰੇ।"





"ਹੁਣ ਆਪਾਂ ਵੀ ਤਾਂ ਹੈਗੇ ਆਂ ਏਥੇ, ਆਪਾਂ ਵੀ ਤਾਂ ਥੋੜ੍ਹਾ ਬਹੁਤਾ ਹੱਥ ਵਟਾਵਾਂਗੇ ਈ ਕਿ ਨਈਂ"? ਚਰਨ ਸਿੰਘ ਨੇ ਜਿਵੇਂ ਆਪਣੀ ਹਿੰਮਤ ਨੂੰ ਵੰਗਾਰਿਆ।

"ਹੈ, ਵਟਾਂਵਾਂਗੇ ਕਿਉਂ ਨਾ, ਮੈਂ ਤਾਂ ਕੱਲ੍ਹ ਈ ਜੀਤੀ ਨੂੰ ਕਿਹਾ ਸੀ ਪਈ ਮੱਲ ਨਿਆਣਿਆਂ ਦਾ ਹੁਣ ਮੈਂ ਦੇਖ ਲਿਆ ਕਰੂੰ ਤੂੰ ਕੋਈ ਆਪਦੇ ਲਈ ਕੰਮ ਕੁੰਮ ਟੋਲ ਲੈ। ਉਹ ਹਜ਼ਾਰਾ ਸੌਂਹ ਦੀ ਨੂੰਹ ਵੀ ਤੇ ਢੱਕੀਆਂ ਆਲਿਆਂ ਦੀਆਂ ਦੋਵੇਂ ਵਹੁਟੀਆਂ ਕੰਮ ਕਰਦੀਆਂ।"

"ਕੀ ਕਹਿੰਦੀ ਸੀ ਫੇਰ?" ਚਰਨ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਕਹਿੰਦੀ ਸੀ ਬੀਬੀ ਤੁਸੀਂ ਹੁਣੇ ਦੇਸੋਂ ਆਏ ਆਂ, ਅਜੇ ਦੋ ਚਾਰ ਦਿਨ ਤੁਹਾਡੀ ਸੇਵਾ ਤਾਂ ਕਰ ਲਵਾਂ।"

ਚਰਨ ਸਿੰਘ ਨੂੰ ਸੁਣ ਕੇ ਚੈਨ ਜਿਹਾ ਆ ਗਿਆ ਤੇ ਉਹ ਆਪਣੀ ਖੁਸ਼ੀ ਬਲਵੰਤ ਕੌਰ ਨਾਲ ਸਾਂਝੀ ਕਰਦਿਆਂ ਬੋਲਿਆ, "ਜਸਵੰਤ ਦਾ ਤਾਂ ਪਹਿਲਾਂ ਤੋਂ ਈ ਸੁਭਾਅ ਠੰਢਾ ਸੀ ਤੇ ਵਹੁਟੀ ਦਾ ਸੁਭਾਅ ਤਾਂ ਉਹਤੋਂ ਵੀ ਚੰਗਾ ਆ। ਬਾਹਰਲੀਆਂ ਨੂੰਹਾਂ ਧੀਆਂ ਬਾਰੇ ਬੜੀਆਂ ਅਜੀਬ ਅਜੀਬ ਗੱਲਾਂ ਸੁਣਦੇ ਹੁੰਦੇ ਸੀ ਪਿੰਡ, ਤੇ ਮਨ 'ਚ ਡਰ ਬੜਾ ਸੀ ਪਈ ਖਬਰਿਆ ਕਿਹੋ ਜਿਹੀ ਹੋਊਗੀ।"

"ਆਪਣੇ ਪਿਛਲੇ ਜਨਮ ਦੇ ਚੰਗੇ ਕਰਮ ਕੀਤੇ ਹੋਏ ਸਾਹਮਣੇ ਆਏ ਆ ਇਹ ਤਾਂ", ਬਲਵੰਤ ਕੋਰ ਨੇ ਸੁਖ ਦਾ ਸਾਹ ਭਰਦਿਆਂ ਕਿਹਾ।

ਥੋੜ੍ਹੀ ਦੇਰ ਰੁਕ ਕੇ ਚਰਨ ਸਿੰਘ ਬੋਲਿਆ, "ਤੂੰ ਉਹਨੂੰ ਫੇਰ ਕਹੀਂ ਕੋਈ ਕੰਮ ਕੁੰਮ ਟੋਲੇ, ਮੈਂ ਜਸਵੰਤ ਨੂੰ ਵੀ ਕਹੂੰਗਾ। ਮੈਂ ਤਾਂ ਆਪ ਕਹਿੰਨਾਂ ਮੈਨੂੰ ਵੀ ਕਿਤੇ ਲੁਆ ਦੇਵੇ। ਪਰ ਸਿਆਣੇ ਬੰਦੇ ਲਈ ਦੱਸਦੇ ਆ ਏਥੇ ਕੋਈ ਕੰਮ ਈ ਨਹੀਂ। ਬੱਸ ਫਾਰਮਾਂ 'ਚ ਕੰਮ ਮਿਲਦਾ ਆ ਤਾਂ ਉਹ ਹਜ਼ਾਰਾ ਸੌਂਹ ਦੱਸਦਾ ਸੀ ਪਈ ਅਜੇ ਜਾ ਕੇ ਦੋ ਢਾਈ ਮਹੀਨਿਆਂ ਤਾਈਂ ਚੱਲੂ।"

"ਚਲੋ ਇਹ ਦੋ ਢਾਈ ਮਹੀਨੇ ਵੀ ਲੰਘ ਜਾਣੇ ਆਂ, ਜਦੋਂ ਕੰਮ ਤੁਰੂ ਉਦੋਂ ਸਹੀ", ਬਲਵੰਤ ਕੌਰ ਨੇ ਕੁੜੀ ਨੂੰ ਥਾਪੜਦਿਆਂ ਕਿਹਾ ਜਿਹੜੀ ਸ਼ਾਇਦ ਉਹਨਾਂ ਦੀਆਂ ਗੱਲਾਂ ਸੁਣ ਕੇ ਜਾਗ ਪਈ ਸੀ।

ਪਹਿਲਾਂ ਤਾਂ ਜਸਵੰਤ ਵੀ ਸੁਰਜੀਤ ਦੇ ਬਾਹਰ ਕੰਮ ਕਰਨ ਦੇ ਹੱਕ ਵਿਚ ਨਹੀਂ ਸੀ ਪਰ ਫੇਰ ਉਹਨਾਂ ਦੋਹਾਂ ਦੇ ਕਹਿਣ 'ਤੇ ਉਹ ਵੀ ਮੰਨ ਗਿਆ। ਸੁਰਜੀਤ ਦੀ ਇਕ ਸਹੇਲੀ ਕੱਪੜੇ ਸੀਣ ਦਾ ਕੰਮ ਕਰਦੀ ਸੀ।

ਸੁਰਜੀਤ ਨੂੰ ਵੀ ਉਸਨੇ ਆਪਣੇ ਨਾਲ ਹੀ ਕੰਮ 'ਤੇ ਲੁਆ ਲਿਆ। ਠੰਢ ਘਟਣ ਲੱਗੀ ਤੇ ਥੋੜ੍ਹੇ ਜਿਹੇ ਦਿਨ ਪੱਧਰੇ ਹੋਏ ਤਾਂ ਫਾਰਮਾਂ ਵਿਚ ਵੀ ਕੰਮ ਚੱਲਣ ਲੱਗ ਪਏ। ਚਰਨ ਸਿੰਘ ਆਪਣੇ ਪੇਂਡੂ ਹਜ਼ਾਰਾ ਸਿੰਘ ਨਾਲ ਕੰਮ 'ਤੇ ਜਾਣ ਲੱਗ ਪਿਆ। ਉਹ ਸਵੇਰੇ ਸਵੱਖਤੇ ਹੀ ਤਿਆਰ ਹੋ ਕੇ ਠੇਕੇਦਾਰ ਨਾਲ ਉਸਦੀ ਵੈਨ ਵਿਚ ਬੈਠ ਜਾਂਦੇ ਤੇ ਕੰਮ 'ਤੇ ਪਹੁੰਚਦਿਆਂ ਨੂੰ ਉਹਨਾਂ ਨੂੰ ਦੋ ਘੰਟੇ ਲੱਗ ਜਾਂਦੇ। ਤੇ ਸ਼ਾਮ ਨੂੰ ਘਰ ਪਹੁੰਚਦਿਆਂ ਪਹੁੰਚਦਿਆਂ ਹਨ੍ਹੇਰਾ ਹੋ ਜਾਂਦਾ। ਪਰ ਫਾਰਮਾਂ ਵਿਚ ਦਿਨ ਵੇਲੇ ਚਰਨ ਸਿੰਘ ਦਾ ਜੀਅ ਲੱਗਾ ਰਹਿੰਦਾ। ਪਹਿਲਾਂ ਭਾਵੇਂ ਉਹ ਕੱਲ੍ਹੇ ਹਜ਼ਾਰਾ ਸਿੰਘ ਨੂੰ ਜਾਣਦਾ ਸੀ ਪਰ ਬੜੀ ਛੇਤੀਂ ਬਾਕੀਆਂ ਨਾਲ ਵੀ ਉਸਦੀ ਨੇੜਤਾ ਹੋ ਗਈ।

ਜਦੋਂ ਉਹ ਘਰ ਆਉਂਦਾ ਤਾਂ ਸਾਰਾ ਟੱਬਰ ਇਕੱਠੇ ਬੈਠ ਕੇ ਰੋਟੀ ਖਾਂਦੇ। ਨਿਆਣੇ ਇਕ ਦੂਜੇ ਮਗਰ ਭੱਜਦੇ, ਲੜਦੇ, ਰੌਲ਼ਾ ਪਾਉਂਦੇ, ਉਹਨਾਂ ਦਾ ਦਿਲ ਪਰਚਾਈ ਰੱਖਦੇ। ਬਲਵੰਤ ਕੌਰ ਉਹਨਾਂ ਨੂੰ ਰੋਕਦੀ ਹਟਾਉਂਦੀ ਨਾਲ ਨਾਲ ਜਸਵੰਤ ਤੇ ਸੁਰਜੀਤ ਨੂੰ ਹਾਸੇ ਨਾਲ ਕਹਿੰਦੀ, "ਏਦਾਂ ਇਹ ਮੇਰੀ ਸਾਰੀ ਦਿਹਾੜੀ ਪਰੇਡ ਕਰਾਉਂਦੇ ਆ, ਮੇਰੀ ਇਕ ਵੀ ਤਾਂ ਨਹੀਂ ਸੁਣਦੇ, ਬਈ ਇਕ ਵੀ ਸੁਣ ਲੈਣ।"

ਚਰਨ ਸਿੰਘ ਉਹਨੂੰ ਛੇੜਦਿਆਂ ਕਹਿੰਦਾ, "ਦੇਖ ਲੈ ਜੇ ਇੱਥੇ ਪਰੇਡ ਨਈਂ ਕਰਨੀ ਤਾਂ ਫੇਰ ਫਾਰਮਾਂ 'ਚ ਚਲੇ ਚਲਿਆ ਕਰ। ਏਥੇ ਤਾਂ ਨਿੱਘੇ ਥਾਂ ਕਾਰਪਟ 'ਤੇ ਈ ਨਿਆਣਿਆਂ ਮਗਰ ਦੌੜਦੀ ਆਂ ਉੱਥੇ ਫਾਰਮਾਂ 'ਚ ਸਟਰਾਬੇਰੀ ਦੀਆਂ ਰੋਲ਼ਾਂ 'ਚ ਘਿਸੜਨਾ ਪੈਂਦਾ ਆ, ਜਿੱਦਾਂ ਨਿਆਣੇ ਢੇਰ 'ਤੇ ਘੀਸੀ ਕਰਦੇ ਹੁੰਦੇ ਆ।"

ਬਲਵੰਤ ਕੌਰ ਅੱਗੋਂ ਹੱਸ ਕੇ ਕਹਿੰਦੀ, "ਨਾ ਬਾਬਾ ਤੂੰ ਹੀ ਕਰੀ ਜਾਇਆ ਕਰ ਘੀਸੀਆਂ ਉੱਥੇ, ਮੈਂ ਨਈਂ ਜਾਂਦੀ ਫੜੇ ਫਾਰਮਾਂ ਨੂੰ। ਨਾਲੇ ਮੇਰਾ ਪੁੱਤ, ਮੇਰੀ ਨੂੰਹ ਕਮਾਉਂਦੇ ਆ, ਤੂੰ ਕਮਾਊ ਆਂ, ਫੇਰ ਮੇਰੀ ਕੀ ਬਾਕੀ ਆ ਹੁਣ"।

ਜਸਵੰਤ ਵੀ ਹਾਸੇ ਵਿਚ ਆਪਣੇ ਪਿਓ ਦਾ ਪੱਖ ਲੈ ਲੈਂਦਾ ਤੇ ਕਹਿੰਦਾ, "ਦੇਖ ਲੈ ਬੀਬੀ ਜੇ ਤੂੰ ਜਾਣਾ ਆਂ ਤਾਂ ਅਸੀਂ ਨਿਆਣਿਆਂ ਦਾ ਤਾਂ ਕੋਈ ਨਾ ਕੋਈ ਪ੍ਰਬੰਧ ਕਰ ਈ ਲਵਾਂਗੇ।"

ਪਿਓ ਪੁੱਤ ਨੂੰ ਬੀਬੀ ਦੇ ਉਲਟ ਹੋਇਆ ਦੇਖ ਸੁਰਜੀਤ ਉਸਦਾ ਪੱਖ ਲੈ ਲੈਂਦੀ, "ਤੁਸੀਂ ਆਪਣੀਆਂ ਸਕੀਮਾਂ ਆਪਣੇ ਕੋਲ ਈ ਰੱਖੋ,





ਅਸੀਂ ਨਈਂ ਆਪਣੀ ਬੇ ਜੀ ਨੂੰ ਫਾਰਮਾਂ ਨੂੰ ਭੇਜਣਾ।"

ਬਲਵੰਤ ਕੌਰ ਉਹਨਾਂ ਦੀਆਂ ਗੱਲਾਂ ਦਾ ਆਨੰਦ ਮਾਣਦੀ ਆਪਣੇ ਨਿੱਕੇ ਜਿਹੇ ਤੋਤਲੀ ਬੋਲੀ ਬੋਲਦੇ ਪੋਤੇ ਨੂੰ ਕਹਿੰਦੀ, "ਵੇ ਦੀਪਿਆ ਦੇਖ ਲੈ ਤੇਰਾ ਪਿਓ ਮੈਨੂੰ ਫਾਰਮਾਂ ਨੂੰ ਭੇਜਣ ਲੱਗਿਐ, ਜਾਇਆ ਕਰਾਂ ਮੈਂ ਵੀ ਤੇਰੇ ਬਾਬੇ ਨਾਲ, ਤੂੰ ਸਾਂਭ ਲਏਂਗਾ ਨਾ ਕੱਲ੍ਹਾ ਈ ਆਪਣੀ ਭੈਣ ਰਾਣੀ ਨੂੰ?"

ਦੀਪਾ ਨੱਸ ਕੇ ਆ ਕੇ ਆਪਣੀ ਦਾਦੀ ਦੇ ਗਲ ਨੂੰ ਚੁੰਬੜ ਜਾਂਦਾ ਤੇ ਚਾਮਲ੍ਹੀ ਹੋਈ ਆਵਾਜ਼ ਵਿਚ ਉੱਚੀ ਉੱਚੀ ਕਰਦਾ "ਨੋ, ਨੋ, ਤੂੰ ਨਈਂ ਜਾਣਾ"।

ਇਸ 'ਤੇ ਸਾਰੇ ਖਿੜ ਖਿੜਾ ਕੇ ਹੱਸ ਪੈਂਦੇ।

ਉਹਨਾਂ ਹੱਸਦੇ ਚਿਹਰਿਆਂ ਦਾ ਚੇਤਾ ਆਉਣ 'ਤੇ ਚਰਨ ਸਿੰਘ ਦੇ ਚਿਹਰੇ 'ਤੇ ਖੁਸ਼ੀ ਦੇ ਚਿੰਨ੍ਹ ਉੱਭਰੇ ਪਰ ਫੇਰ ਉਸੇ ਪਲ ਉਸ ਨੇ ਇਕ ਵੱਡਾ ਸਾਰਾ ਹਉਕਾ ਲਿਆ ਤੇ ਪਾਸਾ ਜਿਹਾ ਪਰਤ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗਾ।

ਪਰ ਨੀਂਦ ਤਾਂ ਜਿਵੇਂ ਅੱਜ ਉਸ ਨਾਲ ਉਸਦੀਆਂ ਖੁਸ਼ੀਆਂ ਵਾਂਗ ਹੀ ਰੁੱਸ ਗਈ ਸੀ। ਉਸਦਾ ਉਦਾਸ ਮਨ ਫੇਰ ਯਾਦਾਂ ਦੇ ਦੇਸ ਬੇਵਤਨਿਆਂ ਵਾਂਗ ਘੁੰਮਣ ਲੱਗਾ। ਚਰਨ ਸਿੰਘ ਨੂੰ ਉਸ ਦਿਨ ਦੀ ਯਾਦ ਕਦੀ ਨਹੀਂ ਭੁਲਦੀ ਸੀ ਜਿਸ ਦਿਨ ਉਨ੍ਹਾਂ ਨੇ ਆਪਣਾ ਨਵਾਂ ਘਰ ਲੈ ਕੇ ਉਸ ਵਿਚ ਅਖੰਡਪਾਠ ਕਰਵਾਇਆ ਸੀ। ਉਸ ਖੁਸ਼ੀ ਦੇ ਮੌਕੇ 'ਤੇ ਉਨ੍ਹਾਂ ਨੇ ਸਾਰੇ ਰਿਸ਼ਤੇਦਾਰ, ਪਿੰਡ ਦੇ ਸਾਰੇ ਟੱਬਰ, ਪਿੰਡ ਦੀਆਂ ਕੁੜੀਆਂ, ਮਿਲਣ-ਗਿਲਣ ਵਾਲੇ ਤੇ ਖਾਸ ਕਰ ਚਰਨ ਸਿੰਘ ਨਾਲ਼ ਫਾਰਮਾਂ ਵਿਚ ਕੰਮ ਕਰਨ ਵਾਲੇ ਉਹਦੇ ਦੋਸਤ ਵੀ ਸੱਦੇ ਸਨ। ਭੋਗ ਪੈਣ ਬਾਅਦ ਸਾਰਿਆਂ ਨੇ ਚਰਨ ਸਿੰਘ ਨੂੰ ਤੇ ਬਲਵੰਤ ਕੌਰ ਨੂੰ ਆਪਣੇ ਪੁੱਤ ਨੂੰਹ ਵੱਲੋਂ ਸੁਖੀ ਹੋਣ ਲਈ ਕਿਸਮਤ ਵਾਲੇ ਆਖਿਆ ਸੀ। ਘਰ ਦੀ ਬੇਸਮਿੰਟ ਅਜੇ ਬਣੀ ਹੋਈ ਨਹੀਂ ਸੀ ਤੇ ਸਾਰਿਆਂ ਨੇ ਜਸਵੰਤ ਨੂੰ ਤੇ ਚਰਨ ਸਿੰਘ ਨੂੰ ਸਲਾਹਾਂ ਦਿੱਤੀਆਂ ਸੀ ਪਈ ਬੇਸਮਿੰਟ ਬਣਾ ਕੇ ਕਿਰਾਏ 'ਤੇ ਚੜ੍ਹਾ ਦੇਵੋ, ਜਿਹਦੇ ਨਾਲ ਉਹਨਾਂ ਦੀ ਬੜੀ ਸੋਹਣੀ ਕਿਸ਼ਤ ਤੁਰੀ ਜਾਣੀ ਸੀ। ਪਰ ਜਸਵੰਤ ਨੇ ਸਾਰਿਆਂ ਨੂੰ ਕਿਹਾ ਸੀ ਕਿ ਉਹ ਅੱਗੇ ਏਨੀ ਦੇਰ ਕਿਰਾਏ 'ਤੇ ਰਹੇ ਆ, ਉੰਨੀ ਕੁ ਘਰ ਦੀ ਕਿਸ਼ਤ ਆ। ਐਵੀਂ ਕਾਹਦੇ ਲਈ ਬੇਸਮਿੰਟ ਕਿਰਾਏ 'ਤੇ ਚੜ੍ਹਾਉਣੀ ਆਂ। ਅਜੇ ਚਰਨ ਸਿੰਘ ਦੇ ਮਨ ਨੂੰ ਉਹਨਾਂ

ਦੀਆਂ ਗੱਲਾਂ ਠੀਕ ਲਗਦੀਆਂ ਸੀ ਪਰ ਉਹਨੇ ਵੀ ਬਹੁਤਾ ਜ਼ੋਰ ਨਹੀਂ ਸੀ ਪਾਇਆ।

ਭੋਗ ਵਾਲੀ ਸ਼ਾਮ ਨੂੰ ਜਸਵੰਤ ਨੇ ਆਪਣੇ ਕੁਝ ਖਾਸ ਦੋਸਤਾਂ ਤੇ ਚਰਨ ਸਿੰਘ ਨੇ ਆਪਣੇ ਦੋ ਤਿੰਨ ਭਾਈਬੰਦਾਂ ਨੂੰ ਸ਼ਰਾਬ ਵੀ ਪਿਲਾਈ ਸੀ। ਚਰਨ ਸਿੰਘ ਨੂੰ ਚੇਤਾ ਆਇਆ ਕਿ ਜਦੋਂ ਰਾਤ ਨੂੰ ਉਹ ਬੈਠੇ ਸ਼ਰਾਬ ਪੀ ਰਹੇ ਸਨ ਤਾਂ ਉਸਦੇ ਫਾਰਮਾਂ ਦੇ ਦੋਸਤ ਦੀਦਾਰ ਸਿੰਘ ਨੇ ਥੋੜ੍ਹਾ ਜਿਹਾ ਨਸ਼ੇ 'ਚ ਆਉਂਦਿਆਂ ਕਿਹਾ ਸੀ, "ਚਰਨ ਸਿਆਂ ਤੇਰੇ ਜਸਵੰਤ ਵਰਗੇ ਪੁੱਤ ਕਨੇਡੇ 'ਚ ਘਰ ਘਰ ਨਹੀਂ ਹੈਗੇ ਤੈਨੂੰ ਦੱਸਾਂ। ਏਥੇ ਤਾਂ ਪਤਾ ਨਹੀਂ ਕੀ ਹਵਾ ਨੂੰ ਮਾਰ ਵਗੀ ਹੋਈ ਆ, ਬਸ ਪੈਸੇ ਬਿਨਾਂ ਕੁਝ ਦਿਸਦਾ ਈ ਨਹੀਂ ਸੌਹਰਿਆਂ ਨੂੰ। ਮੈਂ ਆਹ ਨਾ ਅੱਜ ਪਹਿਲੀ ਵਾਰੀ ਤੇਰੇ ਮੁੰਡੇ ਦੇ ਮੂੰਹੋਂ ਸੁਣਿਆਂ ਪਈ ਬੇਸਮਿੰਟ ਕੀ ਕਿਰਾਏ 'ਤੇ ਚੜ੍ਹਾਉਣੀ ਆਂ। ਵਾਹ ਬਈ ਵਾਹ, ਪੁੱਤ ਹੋਵੇ ਤਾਂ ਤੇਰੇ ਜਸਵੰਤ ਵਰਗਾ।" ਦੀਦਾਰ ਸਿੰਘ ਦੀਆਂ ਗੱਲਾਂ ਸੁਣ ਕੇ ਚਰਨ ਸਿੰਘ ਦੀ ਛਾਤੀ ਮਾਣ ਵਿਚ ਫੁੱਲ ਗਈ ਸੀ।

ਤੇ ਆਪਣੀ ਗੱਲ 'ਤੇ ਪੱਕਾ ਰਹਿੰਦਿਆਂ ਜਸਵੰਤ ਨੇ ਸੱਚੀਂ ਬੇਸਮਿੰਟ ਨਹੀਂ ਸੀ ਬਣਾਈ। ਉਹਨੇ ਬੱਸ ਬੇਸਮਿੰਟ ਵਿਚ ਫਾਇਰ ਪਲੇਸ ਵਾਲੇ ਪਾਸੇ ਨਿਆਣਿਆਂ ਦੇ ਖੇਡਣ ਲਈ ਤੇ ਕਿਤੇ ਆਏ ਗਏ ਦੇ ਬੈਠਣ ਲਈ ਛੋਟਾ ਜਿਹਾ ਕਮਰਾ ਬਣਾ ਲਿਆ ਸੀ। ਚਰਨ ਸਿੰਘ ਫਾਰਮਾਂ 'ਚ ਕੰਮ ਕਰਦਾ ਤੇ ਸਿਆਲ ਨੂੰ ਅਨਇੰਪਲੁਆਏਮੈਂਟ ਲੈਂਦਾ। ਸੁਰਜੀਤ ਸੀਟ ਦਾ ਕੰਮ ਕਰੀ ਜਾਂਦੀ ਸੀ। ਉਹਨਾਂ ਦੇ ਘਰ ਦਾ ਤੋਰਾ ਵਧੀਆ ਤੁਰੀ ਜਾਂਦਾ ਸੀ। ਘਰ ਲੈਣ ਤੋਂ ਦੂਜੇ ਸਾਲ ਹੀ ਜਦੋਂ ਸਿਆਲ ਨੂੰ ਫਾਰਮਾਂ ਦੇ ਕੰਮ ਮੁੱਕੇ ਤਾਂ ਜਸਵੰਤ ਨੇ ਜ਼ੋਰ ਪਾ ਕੇ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਦੋ ਕੁ ਮਹੀਨਿਆਂ ਲਈ ਦੇਸ ਨੂੰ ਭੇਜ ਦਿੱਤਾ ਸੀ।

ਚਰਨ ਸਿੰਘ ਨੂੰ ਯਾਦ ਹੈ ਉਨ੍ਹਾਂ ਲਈ ਦੇਸ ਦਾ ਉਹ ਫੇਰਾ ਕਿੰਨਾ ਖੁਸ਼ੀਆਂ ਭਰਿਆ ਸੀ। ਉਹਨਾਂ ਪਿੰਡ ਜਾ ਕੇ ਪਿੰਡ ਦੀ ਜਗ੍ਹਾ, ਜਿਹਨੂੰ ਬਾਬਾਤਾਣਾ ਕਹਿੰਦੇ ਸਨ, ਅਖੰਡਪਾਠ ਕਰਵਾਇਆ ਸੀ ਤੇ ਨਾਲੇ ਸ਼ਹੀਦਾਂ ਦੀ ਬਣਦੀ ਜਗ੍ਹਾ ਲਈ ਪੈਸੇ ਦਿੱਤੇ ਸਨ। ਸਾਰੇ ਪਿੰਡ ਵਿਚ ਉਹਨਾਂ ਦੇ ਟੱਬਰ ਦੀ ਚੰਗੀ ਕਿਸਮਤ ਦੀਆਂ ਤੇ ਖਾਸ ਕਰ ਜਸਵੰਤ ਦੀ ਨੇਕੀ ਦੀਆਂ ਗੱਲਾਂ ਹੁੰਦੀਆਂ ਰਹੀਆਂ ਸੀ।

ਚਰਨ ਸਿੰਘ ਨੇ ਫੇਰ ਪਾਸਾ ਬਦਲਿਆ ਤੇ ਰਜ਼ਾਈ ਨੂੰ ਆਪਣੇ ਪਾਸੀਂ





ਘੁੱਟਣ ਦੀ ਕੋਸ਼ਿਸ਼ ਕੀਤੀ। ਉਹਨੇ ਇਕ ਵਾਰ ਫੇਰ ਸਿਰਹਾਣੇ ਤੋਂ ਥੋੜ੍ਹਾ ਜਿਹਾ ਸਿਰ ਚੁੱਕ ਕੇ ਕਲਾਕ ਵਲ ਦੇਖਿਆ। ਅਜੇ ਮਸੀਂ ਤਿੰਨ ਈ ਵੱਜੇ ਸੀ। ਉਸਨੇ ਅੱਖਾਂ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਬੇਕਾਰ ਸਾਬਤ ਹੋਈ। ਫੇਰ ਜਿਵੇਂ ਉਸਨੇ ਆਪਣੇ ਆਪ ਅੱਗੇ ਹਾਰ ਜਿਹੀ ਮੰਨ ਲਈ ਹੋਵੇ। ਆਪਣੀਆਂ ਯਾਦਾਂ ਨੂੰ ਰੋਕਣ ਦੀ ਬਜਾਏ ਉਹ ਖੁਦ ਹੀ ਸਭ ਕੁਝ ਫੋਲਣ ਲੱਗ ਪਿਆ।

ਜਦੋਂ ਉਹ ਤੇ ਬਲਵੰਤ ਕੌਰ ਦੇਸ ਗੇੜਾ ਮਾਰ ਕੇ ਆਏ ਸਨ ਤਾਂ ਉਸ ਤੋਂ ਅਗਲੇ ਕੁਝ ਮਹੀਨਿਆਂ ਵਿਚ ਦੋ ਤਿੰਨ ਅਹਿਮ ਘਟਨਾਵਾਂ ਘਟੀਆਂ ਸਨ ਜਿਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਮੁੜ ਕਦੀ ਪਹਿਲਾਂ ਵਾਲੀ ਲੀਹ 'ਤੇ ਨਾ ਆਈ। ਪਹਿਲੀ ਗੱਲ ਤਾਂ ਇਹ ਹੋਈ ਸੀ ਕਿ ਸੁਰਜੀਤ ਦੇ ਕੰਮ 'ਤੇ ਕੋਈ ਹੜਤਾਲ ਹੋ ਗਈ ਤੇ ਉਸਦਾ ਕੰਮ ਖੜ੍ਹ ਗਿਆ। ਘਰ ਦੀ ਕਿਸ਼ਤ ਤੇ ਹੋਰ ਖਰਚੇ ਚੱਲਣੇ ਮੁਸ਼ਕਿਲ ਹੋ ਗਏ। ਫੇਰ ਸੁਰਜੀਤ ਦੇ ਪੈਰ ਭਾਰੇ ਹੋ ਗਏ ਤੇ ਉਹ ਕੋਈ ਹੋਰ ਕੰਮ ਟੋਲਣੋਂ ਜਾਂਦੀ ਰਹੀ। ਉਹਨਾਂ ਦਿਨਾਂ ਵਿਚ ਮਜਬੂਰ ਹੋ ਕੇ ਜਸਵੰਤ ਨੂੰ ਬੇਸਮਿੰਟ ਬਣਾ ਕੇ ਕਿਰਾਏ 'ਤੇ ਚੜ੍ਹਾਉਣੀ ਪਈ।

ਉਸੇ ਸਾਲ ਉਨ੍ਹਾਂ ਉੱਪਰ ਇਕ ਮੁਸੀਬਤ ਹੋਰ ਆ ਪਈ। ਜਸਵੰਤ ਦਾ ਕੰਮ 'ਤੇ ਜਾਂਦੇ ਦਾ ਐਕਸੀਡੈਂਟ ਹੋ ਗਿਆ। ਉਸਦੇ ਕਾਫੀ ਸੱਟਾਂ ਲੱਗੀਆਂ ਤੇ ਉਸਨੂੰ ਦੋ ਕੁ ਹਫਤੇ ਹਸਪਤਾਲ ਵੀ ਰਹਿਣਾ ਪਿਆ। ਚਰਨ ਸਿੰਘ ਨੂੰ ਯਾਦ ਹੈ ਕਿ ਅਸਲ ਵਿਚ ਇਹ ਐਕਸੀਡੈਂਟ ਹੀ ਸੀ ਜਿਸ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਰੁੱਖ ਹੋਰ ਈ ਪਾਸੇ ਮੋੜ ਕੇ ਰੱਖ ਦਿੱਤਾ ਸੀ।

ਸੱਟਾਂ ਲੱਗੀਆਂ ਹੋਣ ਕਰਕੇ ਜਸਵੰਤ ਸਿੰਘ ਕਿੰਨੀ ਦੇਰ ਕੰਮ 'ਤੇ ਨਹੀਂ ਸੀ ਗਿਆ। ਚਰਨ ਸਿੰਘ ਨੂੰ ਯਾਦ ਹੈ ਉਸਨੇ ਇਕ ਵਾਰੀ ਉਹਨੂੰ ਪੁੱਛਿਆ ਸੀ, "ਪੁੱਤ ਜਸਵੰਤ ਹੁਣ ਤੇਰੀਆਂ ਸੱਟਾਂ ਤਾਂ ਕਦੋਂ ਦੀਆਂ ਠੀਕ ਹੋ ਗਈਆਂ ਲਗਦੀਆਂ ਤੂੰ ਹੁਣ ਕੰਮ 'ਤੇ ਕਿਉਂ ਨਹੀਂ ਜਾਂਦਾ?"

"ਭਾਈਆ ਘਰ ਬੈਠੇ ਨੂੰ ਪੈਸੇ ਮਿਲੀ ਜਾਂਦੇ ਆ ਕੰਮ 'ਤੇ ਕਾਹਦੇ ਲਈ ਜਾਣਾ ਆਂ?"

"ਫੇਰ ਵੀ ਪੁੱਤ ਬੰਦੇ ਨੂੰ ਜ਼ਿੰਦਗੀ 'ਚ ਵਾਹ ਲਗਦੀ ਨੂੰ ਇਮਾਨਦਾਰੀ ਵਰਤਣੀ ਚਾਹੀਦੀ ਆ, ਜੇ ਤੂੰ ਹੁਣ ਕੰਮ ਕਰ ਸਕਦਾ ਆਂ ਤਾਂ ਤੈਨੂੰ ਜਾਣਾ ਚਾਹੀਦਾ ਆ", ਚਰਨ ਸਿੰਘ ਨੇ ਆਪਣੇ ਦਿਲ ਦੀ ਗੱਲ ਕੀਤੀ

ਤੇ ਨਾਲੇ ਉਸਨੂੰ ਡਰ ਜਿਹਾ ਲਗਦਾ ਸੀ ਕਿ ਕਿਤੇ ਜਸਵੰਤ ਦਾ ਕੰਮ ਹੀ ਨਾ ਟੁੱਟ ਜਾਵੇ।

"ਭਾਈਆ ਮੈਂ ਕੋਈ ਹੇਰਾ ਫੇਰੀ ਥੋੜ੍ਹੋ ਕਰ ਰਿਹਾਂ। ਸਾਡਾ ਹੱਕ ਹੈ, ਅਸੀਂ ਸੱਟ ਚੋਟ ਲੱਗੀ 'ਤੇ ਪੈਸੇ ਲੈ ਸਕਦੇ ਆਂ, ਉਹੋ ਈ ਮੈਂ ਲੈ ਰਿਹਾਂ। ਨਾਲੇ ਸਾਰੇ ਏਦਾਂ ਕਰਦੇ ਆ, ਮੈਂ ਕਿਤੇ ਕੱਲ੍ਹਾ ਥੋੜ੍ਹੋ ਆਂ।"

ਚਰਨ ਸਿੰਘ ਨੂੰ ਲੱਗਾ ਸੀ ਕਿ ਜਿਵੇਂ ਉਸਨੂੰ ਕਨੇਡੇ ਦੇ ਰਸਮਾਂ ਰਿਵਾਜਾਂ ਦੀ ਸਮਝ ਨਹੀਂ ਸੀ ਆ ਰਹੀ। ਪਰ ਜਸਵੰਤ ਦੀਆਂ ਗੱਲਾਂ ਨਾਲ ਉਹਨੂੰ ਕੁਝ ਹੌਂਸਲਾ ਜਿਹਾ ਹੋ ਗਿਆ ਸੀ। ਫੇਰ ਕੁਝ ਮਹੀਨਿਆਂ ਬਾਦ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਸਗੋਂ ਬਹੁਤ ਹੀ ਫਿਕਰ ਹੋਣ ਲੱਗ ਪਿਆ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਸਵੰਤ ਨੂੰ ਜਿਹੜੇ ਪੈਸੇ ਮਿਲਦੇ ਸਨ ਉਹ ਮਿਲਣੋ ਬੰਦ ਹੋ ਗਏ ਸਨ। ਉਹਨਾਂ ਦੋਹਾਂ ਨੇ ਇਕ ਦਿਨ ਮੌਕਾ ਦੇਖ ਕੇ ਫੇਰ ਜਸਵੰਤ ਨੂੰ ਕਿਹਾ ਸੀ ਕਿ ਉਹ ਕੰਮ 'ਤੇ ਜਾਣ ਲੱਗ ਪਵੇ। ਜਸਵੰਤ ਨੇ ਹੌਲੀ ਹੌਲੀ ਉਹਨਾਂ ਨੂੰ ਦੱਸਿਆ ਸੀ ਕਿ ਉਸਦਾ ਕਾਰਾਂ ਦੀ ਬੀਮਾ ਕੰਪਨੀ ਆਈ. ਸ਼ੀ. ਬੀ. ਸੀ. ਨਾਲ ਮੁਕੱਦਮਾ ਚੱਲਦਾ ਸੀ। ਤੇ ਜਿਹੜਾ ਵਕੀਲ ਉਸਨੇ ਕੀਤਾ ਸੀ ਉਸਦਾ ਕਹਿਣਾ ਸੀ ਕਿ ਉਹ ਇਹ ਕੇਸ ਜ਼ਰੂਰ ਹੀ ਜਿੱਤ ਜਾਵੇਗਾ। ਉਸ ਵਕੀਲ ਨੇ ਅੱਗੇ ਵੀ ਕਈ ਲੋਕਾਂ ਦੇ ਇਹੋ ਜਿਹੇ ਕੇਸ ਜਿੱਤੇ ਸਨ। ਮੁਕੱਦਮੇ ਦਾ ਫੈਸਲਾ ਹੋਣ ਤੋਂ ਪਹਿਲਾਂ ਹੀ ਜਸਵੰਤ ਕੰਮ 'ਤੇ ਜਾਣ ਲੱਗ ਪਿਆ ਸੀ। ਫੇਰ ਕੁਝ ਮਹੀਨਿਆਂ ਬਾਦ ਘਰ ਵਿਚ ਅਚਾਨਕ ਇਕ ਖੁਸ਼ੀ ਜਿਹੀ ਪੱਸਰ ਗਈ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਸਵੰਤ ਦੇ ਮੁਕੱਦਮੇ ਦਾ ਫੈਸਲਾ ਉਹਨਾਂ ਦੇ ਹੱਕ ਵਿਚ ਹੋ ਗਿਆ ਸੀ ਤੇ ਬੀਮਾ ਕੰਪਨੀ ਵੱਲੋਂ ਜਸਵੰਤ ਨੂੰ ਵੱਡੀ ਰਕਮ ਮਿਲਣੀ ਸੀ।

ਚਰਨ ਸਿੰਘ ਨੂੰ ਯਾਦ ਹੈ ਕਿ ਉਸ ਦਿਨ ਰਾਤ ਨੂੰ ਸੌਣ ਲੱਗਿਆਂ ਬਲਵੰਤ ਕੌਰ ਨੇ ਦੋਵੇਂ ਹੱਥ ਜੋੜ ਕੇ ਰੱਬ ਦਾ ਸ਼ੁਕਰ ਕੀਤਾ ਸੀ। ਤੇ ਉਹਨੇ ਚਰਨ ਸਿੰਘ ਨੂੰ ਦੱਸਿਆ ਸੀ ਕਿ ਜਦੋਂ ਜਸਵੰਤ ਦਾ ਐਕਸੀਡੈਂਟ ਹੋਇਆ ਸੀ ਤਾਂ ਉਸਨੇ ਮਨ 'ਚ ਪਿੰਡ ਵਾਲੀ ਜਗ੍ਹਾ 'ਤੇ ਇਕ ਵਾਰ ਫੇਰ ਅਖੰਡਪਾਠ ਕਰਾਉਣ ਦੀ ਸੁੱਖ ਸੁੱਖੀ ਸੀ। ਅੱਗੋਂ ਚਰਨ ਸਿੰਘ ਨੇ ਵੀ ਖੁਸ਼ ਹੁੰਦਿਆਂ ਕਿਹਾ ਸੀ ਕਿ ਇਸ ਵਾਰ ਉਹ ਸਾਰੇ ਟੱਬਰ ਨੂੰ ਲੈ ਕੇ ਪਿੰਡ ਜਾਣਗੇ।

ਪਰ ਉਹਨਾਂ ਦੀ ਇਹ ਆਸ ਕਦੀ ਪੂਰੀ ਨਾ ਹੋਈ। ਇਹ ਯਾਦ





ਆਉਂਦਿਆਂ ਹੀ ਚਰਨ ਸਿੰਘ ਨੂੰ ਆਪਣੇ ਪੁੱਤ 'ਤੇ ਲੋਹੜੇ ਦੀ ਖਿਝ ਆਈ। ਫੇਰ ਉਸਨੇ ਜਿਵੇਂ ਆਪਣੇ ਆਪ ਨੂੰ ਸਮਝਾਉਣ ਲਈ ਕਿਹਾ, 'ਜੋ ਬੰਦੇ ਦੇ ਕਰਮਾਂ 'ਚ ਹੁੰਦਾ ਹੈ, ਉਹ ਹੀ ਭੋਗਣਾ ਹੁੰਦਾ ਹੈ। ਕਰਮਾਂ ਦੀ ਈ ਗੱਲ ਹੋਈ ਕਿ ਹੱਸਦੇ ਖੇਲ੍ਹਦੇ ਪਰਿਵਾਰ 'ਤੇ ਜਦੋਂ ਲੱਛਮੀ ਦੇਵੀ ਦਿਆਲ ਹੋਈ ਤਾਂ ਖੁਸ਼ੀਆਂ ਸਮੇਟ ਕੇ ਲੈ ਗਈ।' ਕਰਮਾਂ ਨੂੰ ਦੋਸ਼ੀ ਦਰਸਾ ਕੇ ਉਹਨੂੰ ਕੁਝ ਕੁਝ ਸੌਖ ਮਹਿਸੂਸ ਹੋਈ। ਪਰ ਨੀਂਦ ਆਉਣ ਜੋਗੀ ਮਨ ਨੂੰ ਚੈਨ ਨਾ ਆਈ।

ਉਹਨੂੰ ਯਾਦ ਆਇਆ ਕਿ ਜਦੋਂ ਬੀਮਾ ਕੰਪਨੀ ਵੱਲੋਂ ਜਸਵੰਤ ਨੂੰ ਪੈਸੇ ਮਿਲੇ ਸਨ ਤਾਂ ਉਹਨੇ ਆਪਣੇ ਦੋਸਤ ਦੀ ਸਲਾਹ ਨਾਲ ਘਰ ਪਾਉਣ ਲਈ ਇਕ ਲਾਟ ਖਰੀਦ ਲਈ। ਪਰ ਘਰ ਪਾਉਣ ਲਈ ਉਹਨਾਂ ਨੂੰ ਪੈਸੇ ਬੈਂਕ ਤੋਂ ਚੁੱਕਣੇ ਪੈਣੇ ਸਨ। ਚਰਨ ਸਿੰਘ ਨੂੰ ਉਹਦੀ ਇਹ ਗੱਲ ਚੰਗੀ ਨਾ ਲੱਗੀ। ਚਰਨ ਸਿੰਘ ਸਮਝਦਾ ਸੀ ਕਿ ਘਰ ਤਾਂ ਹੁਣ ਉਹਨਾਂ ਕੋਲ ਵਥੇਰਾ ਵਧੀਆ ਸੀ, ਹੋਰ ਕੀ ਕਰਨਾ ਸੀ। ਪਰ ਜਦੋਂ ਜਸਵੰਤ ਨੇ ਚਰਨ ਸਿੰਘ ਨੂੰ ਸਾਰੀ ਸਕੀਮ ਸਮਝਾਈ ਕਿ ਇਸ ਵਿਚ ਘਰ ਪਾ ਕੇ ਵੇਚ ਦਿਆਂਗੇ ਤਾਂ ਚਾਲੀ ਪੰਜਾਹ ਹਜ਼ਾਰ ਦਾ ਫਾਇਦਾ ਹੋਊਗਾ ਤਾਂ ਚਰਨ ਸਿੰਘ ਨੂੰ ਤਾਂ ਸੁਣ ਕੇ ਚਾਅ ਚੜ੍ਹ ਗਿਆ ਸੀ। ਉਹਨੇ ਆਪਣੀ ਵੱਲੋਂ ਜਸਵੰਤ ਨੂੰ ਪੂਰੀ ਹੱਲਾਸ਼ੇਰੀ ਦਿੱਤੀ।

ਜਸਵੰਤ ਨਾਲੇ ਮਿੱਲ ਵਿਚ ਕੰਮ ਕਰਦਾ ਤੇ ਨਾਲੇ ਘਰ ਬਣਾਉਣ ਦਾ ਕੰਮ ਕਰਨ ਲੱਗ ਪਿਆ। ਉਹਨੇ ਚਰਨ ਸਿੰਘ ਨੂੰ ਦੱਸਿਆ ਸੀ ਕਿ ਘਰ ਬਣਾਉਣ ਦਾ ਕੰਮ ਤਾਂ ਕੁਛ ਵੀ ਨਹੀਂ ਸੀ। ਉਹਦੀ ਮਿੱਲ ਵਿਚ ਕੰਮ ਕਰਦੇ ਦੋ ਤਿੰਨ ਜਣੇ ਇਹ ਕੰਮ ਕਰਦੇ ਸਨ ਤੇ ਸਾਲ ਵਿਚ ਇੱਕ ਦੋ ਘਰ ਬਣਾ ਕੇ ਵੇਚ ਦਿੰਦੇ ਸਨ। ਨਾਲੇ ਆਪ ਤਾਂ ਕੁਛ ਕਰਨਾ ਈ ਨਹੀਂ ਸੀ ਪੈਣਾਂ, ਸਿਰਫ ਠੇਕੇਦਾਰਾਂ ਨੂੰ ਠੇਕੇ ਦੇਣੇ ਸਨ। ਕਿਸੇ ਨੂੰ ਘਰ ਦੀ ਚਾਰ ਦਿਵਾਰੀ ਖੜ੍ਹੀ ਕਰਨ ਦਾ, ਕਿਸੇ ਨੂੰ ਛੱਤ ਪਾਉਣ ਦਾ, ਕਿਸੇ ਨੂੰ ਬਾਹਰ ਸਟੱਕੋਂ ਕਰਨ ਦਾ, ਕਿਸੇ ਨੂੰ ਬਿਜਲੀ ਲਾਉਣ ਦਾ ਤੇ ਕਿਸੇ ਨੂੰ ਪਲੰਬਿੰਗ ਦਾ। ਚਰਨ ਸਿੰਘ ਨੂੰ ਵੀ ਗੱਲਾਂ ਬੜੀਆਂ ਵਧੀਆ ਲੱਗੀਆਂ। ਉਹ ਰਾਤ ਨੂੰ ਬਲਵੰਤ ਕੌਰ ਨੂੰ ਸਾਰੀਆਂ ਗੱਲਾਂ ਏਦਾਂ ਦੱਸਦਾ ਤੇ ਸਮਝਾਉਂਦਾ ਜਿੱਦਾਂ ਉਹਨੂੰ ਦੱਸ ਕੇ ਉਹ ਪੱਕ ਕਰਨਾ ਚਾਹੁੰਦਾ ਹੋਵੇ ਪਈ ਉਹਨੂੰ ਆਪ ਸਾਰੀ ਗੱਲ ਦੀ ਸਮਝ ਆ ਗਈ ਹੈ ਕਿ ਨਹੀਂ।

ਪਰ ਜਦੋਂ ਜਸਵੰਤ ਨੇ ਘਰ ਪਾਉਣਾ ਸ਼ੁਰੂ ਕਰ ਲਿਆ ਤਾਂ ਚਰਨ

ਸਿੰਘ ਨੂੰ ਲੱਗਾ ਕਿ ਇਹ ਕੰਮ ਏਨਾ ਸੁਖਾਲਾ ਨਹੀਂ ਸੀ ਜਿੰਨਾ ਉਨ੍ਹਾਂ ਨੂੰ ਲੱਗਦਾ ਸੀ। ਘਰ ਦੀ ਪਲੈਨ ਬਣਵਾਉਣ, ਸਿਟੀ ਤੋਂ ਪਾਸ ਕਰਵਾਉਣ ਦੇ ਕੰਮ ਤੋਂ ਲੈ ਕੇ ਠੇਕੇਦਾਰਾਂ ਨਾਲ ਗੱਲਬਾਤ ਕਰਨ ਦੇ ਚੱਕਰ ਵਿਚ ਪਏ ਜਸਵੰਤ ਨੂੰ ਤਾਂ ਕੰਮ ਤੋਂ ਆ ਕੇ ਸਿਰ ਖੁਰਕਣ ਦੀ ਵਿਹਲ ਨਾ ਮਿਲਦੀ। ਨਾ ਕਦੀ ਉਹਦੇ ਕੋਲ ਨਿਆਣਿਆਂ ਨਾਲ ਗੱਲ ਕਰਨ ਦਾ ਸਮਾਂ ਹੁੰਦਾ ਸੀ ਤੇ ਨਾ ਹੀ ਕਿਸੇ ਹੋਰ ਨਾਲ। ਜਿਹਨਾਂ ਦਿਨਾਂ ਵਿਚ ਉਹਦੀ ਕੰਮ ਤੇ ਰਾਤ ਦੀ ਸ਼ਿਫਟ ਹੁੰਦੀ ਉਹ ਮਸੀਂ ਦੋ ਚਾਰ ਘੰਟੇ ਹੀ ਸੌਂਦਾ ਤੇ ਫੇਰ ਉੱਠ ਕੇ ਚੱਲ ਸੋ ਚੱਲ। ਕਦੀ ਕਿਸੇ ਨੂੰ ਫੋਨ ਕਰ, ਕਦੀ ਕਿਸੇ ਠੇਕੇਦਾਰ ਨਾਲ ਖਹਿਬੜ, ਕਦੀ ਕਿਸੇ ਨਾਲ। ਠੇਕੇਦਾਰ ਵੀ ਬਹੁਤੇ ਆਪਣੇ ਹੀ ਬੰਦੇ ਸਨ ਤੇ ਉਹ ਕੰਮ ਦਾ ਲਾਰਾ ਲਾ ਦਿੰਦੇ ਤੇ ਮੌਕੇ ਸਿਰ ਕਰਦੇ ਕਦੀ ਨਾ। ਜਸਵੰਤ ਸਿੰਘ ਕਦੀ ਇਕ ਪਾਸੇ ਨੂੰ ਨੱਠਦਾ ਕਦੀ ਦੂਜੇ ਨੂੰ।

ਜਿੰਨੇ ਮਹੀਨੇ ਘਰ ਦਾ ਕੰਮ ਚਲਦਾ ਰਿਹਾ ਚਰਨ ਸਿੰਘ ਦਾ ਵੀ ਸਾਰਾ ਵਕਤ ਘਰ ਦੇ ਚੱਕਰਾਂ ਵਿਚ ਹੀ ਲਗਦਾ। ਜਸਵੰਤ ਕਦੀ ਉਹਨੂੰ ਇੱਧਰੋਂ ਮਿੱਟੀ ਪੁੱਟ ਕੇ ਉੱਧਰ ਸੁੱਟਣ ਲਾ ਦੇਂਦਾ ਤੇ ਕਦੀ ਕੋਈ ਲੱਕੜਾਂ ਇਕ ਪਾਸੇ ਚੁੱਕ ਕੇ ਦੂਜੇ ਪਾਸੇ ਰੱਖਣ ਲਾ ਦੇਂਦਾ ਤੇ ਕਦੀ ਕੁਝ ਕਰਨ। ਨਹੀਂ ਤਾਂ ਉਹਨੂੰ ਕਹਿ ਦੇਂਦਾ ਪਈ ਜਿੰਨਾ ਚਿਰ ਆਹ ਠੇਕੇਦਾਰ ਦੇ ਬੰਦੇ ਫਲਾਣਾ ਕੰਮ ਕਰਦੇ ਆ, ਇਹਨਾਂ ਦਾ ਖਿਆਲ ਰੱਖੀਂ।

ਚਰਨ ਸਿੰਘ ਨੂੰ ਬੜੀ ਖਿਝ ਆਉਂਦੀ। ਉਸਨੇ ਸਾਰੀ ਉਮਰ ਕੰਮ ਤਾਂ ਡਟ ਕੇ ਕੀਤਾ ਸੀ ਪਰ ਉਹਨੇ ਬੜੀ ਟਿਕ ਕੇ ਜ਼ਿੰਦਗੀ ਗੁਜ਼ਾਰੀ ਸੀ। ਕਈ ਵਾਰ ਉਹ ਥੱਕਿਆ ਤੇ ਖਿਝਿਆ ਜਿਹਾ ਬਲਵੰਤ ਕੌਰ ਕੋਲ ਸ਼ਿਕਾਇਤ ਲਾਉਂਦਾ, "ਇਹ ਵੀ ਕੀ ਜੂਨ ਹੋਈ ਬਈ ਸਾਰੀ ਦਿਹਾੜੀ ਬੰਦਾ ਸੂਲੀ 'ਤੇ ਈ ਚੜ੍ਹਿਆ ਰਹੇ। ਜਿੱਦਣ ਦਾ ਆਹ ਘਰ ਦਾ ਕੰਮ ਸ਼ੁਰੂ ਕੀਤਾ ਆ ਮੁੰਡਾ ਇਕ ਪਲ ਨਾ ਤਾਂ ਆਪ ਰਮਾਨ ਨਾਲ ਘਰ ਬੈਠਾ ਆ ਤੇ ਨਾ ਕਿਸੇ ਹੋਰ ਨੂੰ ਬੈਠਣ ਦਿੱਤਾ।"

ਬਲਵੰਤ ਕੌਰ ਦਾ ਵੀ ਇਹੋ ਜਿਹਾ ਹੀ ਵਿਚਾਰ ਸੀ, "ਪੈਸੇ ਤਾਂ ਮੰਨਿਆ ਬਣ ਜਾਣਗੇ ਪਰ ਮੁੰਡੇ ਦਾ ਤਾਂ ਸੁਭਾਅ ਈ ਬੜਾ ਖਰ੍ਹਵਾ ਜਿਹਾ ਹੋਈ ਜਾਂਦਾ ਆ, ਜਦੋਂ ਵੀ ਬੋਲਦਾ ਖਿਝ ਕੇ ਬੋਲਦਾ ਆ। ਮੈਂ ਕੱਲ੍ਹ ਕਹਿ ਬੈਠੀ ਪਈ ਛੋਟੀ ਕੁੜੀ ਨੂੰ ਬੁਖਾਰ ਜਿਹਾ ਹੋਇਆ ਲਗਦਾ ਆ, ਤੂੰ ਇਹਨੂੰ ਡਾਕਟਰ ਦੇ ਈ ਦਿਖਾਲ ਲਿਆ ਕਿਸੇ ਵੇਲੇ, ਤਾਂ ਅੱਗਿਓਂ ਨੱਠ





ਕੇ ਪਿਆ, ਅਖੇ ਮੇਰੇ ਕੋਲ ਤਾਂ ਮਰਨ ਦੀ ਵਿਹਲ ਨਈਂ, ਕੁੜੀ ਨੂੰ ਮੈਂ ਡਾਕਟਰ ਦੇ ਕਦੋਂ ਲੈ ਜਾਊਂਗਾ? ਅਖੇ ਜੇ ਨਾ ਠੀਕ ਹੋਈ ਤਾਂ ਕੱਲ੍ਹ ਨੂੰ ਜੀਤੀ ਨੂੰ ਕਹਿ ਦੇਈਂ ਤਕਾਲਾਂ ਨੂੰ ਕੰਮ ਤੋਂ ਬਾਅਦ ਲੈ ਜਾਵੇ।"

"ਇਕ ਵਾਰੀ ਇਹ ਕਰ ਲਿਆ, ਮੁੜ ਕੇ ਉਹਨੂੰ ਕਹਿਣਾ ਆਂ ਏਸ ਕੰਮ ਵਿਚ ਨਾ ਪਵੇ। ਬੜਾ ਸੁਹਣਾ ਮਿੱਲ 'ਚ ਉਹਦਾ ਕੰਮ ਲੱਗਾ ਆ, ਸਰੀ ਜਾਊਗਾ, ਨਾਲੇ ਬੰਦਾ ਥੋੜ੍ਹੀ ਖਾ ਲਵੇ ਜ਼ਰੂਰੀ ਥੋੜ੍ਹੋ ਆ ਪਈ ਸਾਰੇ ਕੰਮਾਂ ਵਿਚ ਦੂਜੇ ਲੋਕਾਂ ਦੀ ਰੀਸ ਈ ਕਰਨੀ ਆਂ।"

ਘਰ ਦਾ ਕੰਮ ਖਤਮ ਹੋਏ 'ਤੇ ਸਾਰੇ ਟੱਬਰ ਨੇ ਸੁਖ ਦਾ ਸਾਹ ਲਿਆ। ਘਰ ਵਿਚ ਅਜੇ ਕਾਰਪਿੱਟ ਪਾਉਣ ਵਾਲੀ ਤੇ ਹੋਰ ਵੀ ਨਿੱਕੇ ਮੋਟੇ ਕੰਮ ਖਤਮ ਹੋਣ ਵਾਲੇ ਰਹਿੰਦੇ ਸਨ ਕਿ ਇਕ ਪੰਜਾਬੀ ਰੀਅਲ ਅਸਟੇਟ ਏਜੰਟ ਨੇ ਚੀਨਿਆਂ ਨਾਲ ਘਰ ਦਾ ਸੌਦਾ ਕਰਾ ਦਿੱਤਾ।

ਜਸਵੰਤ ਬਹੁਤ ਖੁਸ਼ ਸੀ। ਉਹ ਕਹਿ ਰਿਹਾ ਸੀ ਕਿ ਉਹਨਾਂ ਦੀ ਕਿਸਮਤ ਬਹੁਤ ਵਧੀਆ ਨਿਕਲੀ ਸੀ। ਘਰਾਂ ਦੀਆਂ ਕੀਮਤਾਂ ਚੜ੍ਹ ਰਹੀਆਂ ਸਨ। ਘਰ ਵਿਚੋਂ ਉਹਨਾਂ ਨੂੰ ਸੱਚਮੁੱਚ ਹੀ ਪੰਜਾਹ ਹਜ਼ਾਰ ਡਾਲਰ ਬਚ ਗਿਆ ਸੀ।

ਏਨੀ ਵੱਡੀ ਰਕਮ ਦਾ ਨਫਾ ਸੁਣ ਕੇ ਤਾਂ ਚਰਨ ਸਿੰਘ ਤੇ ਬਲਵੰਤ ਕੌਰ ਵੀ ਬਹੁਤ ਖੁਸ਼ ਹੋਏ। ਚਰਨ ਸਿੰਘ ਨੂੰ ਪਿਛਲੇ ਮਹੀਨਿਆਂ ਦੀ ਖਿਝ ਤੇ ਥਕਾਵਟ ਦਾ ਜਿਵੇਂ ਚਿੱਤ ਚੇਤਾ ਈ ਭੁੱਲ ਗਿਆ ਸੀ। ਉਹ ਦੋਵੇਂ ਜਣੇ ਮਨ 'ਚ ਸਕੀਮਾਂ ਲਾਉਣ ਲੱਗੇ ਪਈ ਹੁਣ ਉਹ ਸਾਰਾ ਟੱਬਰ ਦੇਸ ਇਕ ਗੇੜਾ ਮਾਰ ਆਉਣ। ਪਰ ਉਹਨਾਂ ਨੂੰ ਪਤਾ ਈ ਉਦੋਂ ਲੱਗਾ ਜਦੋਂ ਜਸਵੰਤ ਨੇ ਦੋ ਹੋਰ ਨਵੀਆਂ ਲਾਟਾਂ ਖਰੀਦ ਲਈਆਂ ਤੇ ਦੋ ਘਰ ਪਾਉਣ ਦੀ ਸਕੀਮ ਬਣਾ ਲਈ।

ਚਰਨ ਸਿੰਘ ਨੇ ਉਹਨੂੰ ਰੋਕਣ ਦੀ ਕੋਸ਼ਿਸ਼ ਕੀਤੀ, "ਦੇਖ ਕਾਕਾ ਇਹ ਕੰਮ ਮੈਨੂੰ ਤਾਂ ਏਨਾ ਸੁਖਾਲਾ ਨਹੀਂ ਲਗਦਾ। ਸਾਰੀ ਦਿਹਾੜੀ ਭੱਜ ਨੱਠ, ਫੇਰ ਤੂੰ ਕੰਮ 'ਤੇ ਵੀ ਜਾਣਾ ਹੁੰਦਾ ਆ। ਨਿਆਣੇ ਵਾਧੂ ਦੇ ਰੁਲਦੇ ਆ। ਤੇਰੇ ਕੋਲ ਤਾਂ ਕਦੀ ਟੈਮ ਨਹੀਂ ਹੁੰਦਾ ਉਹਨਾਂ ਨਾਲ ਗੱਲ ਕਰਨ ਦਾ ਵੀ।"

"ਪਰ ਭਾਈਆ ਪਹਿਲੀ ਵਾਰੀ ਹੋਣ ਕਰਕੇ ਆਪਾਂ ਨੂੰ ਜ਼ਿਆਦਾ ਮੁਸ਼ਕਿਲ ਆਈ ਆ, ਹੁਣ ਦੇਖੀਂ ਤੂੰ ਫਟਾਫਟ ਆਪਣੇ ਆਪ ਕੰਮ ਹੁੰਦਾ।"

ਜਸਵੰਤ ਦੀ ਗੱਲ ਤੇ ਗੱਲ ਕਰਨ ਦੇ ਅੰਦਾਜ਼ ਤੋਂ ਚਰਨ ਸਿੰਘ

ਨੂੰ ਲੱਗਾ ਕਿ ਹੁਣ ਉਸਨੂੰ ਇਸ ਕੰਮ ਤੋਂ ਹਟਾਉਣਾ ਮੁਸ਼ਕਿਲ ਹੈ। ਪਰ ਫੇਰ ਵੀ ਉਸਨੇ ਇਕ ਵਾਰੀ ਹੋਰ ਕੋਸ਼ਿਸ਼ ਕੀਤੀ, “ਪੁੱਤ ਟੱਬਰ ਵਲ ਧਿਆਨ ਦੇਣਾ ਵੀ ਤਾਂ ਜ਼ਰੂਰੀ ਹੈ ਕਿ ਨਹੀਂ, ਕੀ ਪੈਸਾ ਈ ਸਭ ਕੁਛ ਹੁੰਦਾ ਆ।”

ਜਸਵੰਤ ਚਰਨ ਸਿੰਘ ਦੀ ਗੱਲ ਤੋਂ ਖਿਝ ਗਿਆ ਸੀ ਤੇ ਕਹਿਣ ਲੱਗਾ, “ਭਾਈਆ ਤੂੰ ਐਵੀਂ ਆਪਣੀਆਂ ਮਾਰੀ ਜਾਨਾਂ ਆਂ, ਟੱਬਰ ਕਿੱਥੇ ਨੂੰ ਦੌੜਿਆ ਜਾਂਦਾ ਆ। ਹੁਣ ਮੌਕਾ ਵਧੀਆ ਆ ਜੇ ਇਹ ਦੋ ਘਰ ਵੀ ਛੇਤੀਂ ਦੇਣੀ ਬਣਾ ਕੇ ਵੇਚ ਦੇਈਏ ਤਾਂ ਸਾਰੀ ਉਮਰ ਮੌਜ ਕਰਾਂਗੇ।”

ਚਰਨ ਸਿੰਘ ਨੂੰ ਜਸਵੰਤ ਦਾ ਰਵੱਈਆ ਚੰਗਾ ਨਹੀਂ ਸੀ ਲੱਗਾ ਤੇ ਉਹਨੇ ਰਾਤ ਨੂੰ ਬਲਵੰਤ ਕੌਰ ਨੂੰ ਕਿਹਾ ਸੀ, “ਮੈ ਤਾਂ ਸੋਚਦਾ ਸੀ ਹੁਣ ਚਾਰ ਪੈਸੇ ਹੱਥ ’ਚ ਹੈ ਗੇ ਆ ਆਪਾਂ ਸਾਰਾ ਟੱਬਰ ਦੇਸ ਗੇੜਾ ਮਾਰ ਆਉਨੇ ਆਂ। ਨਾਲੇ ਮੇਰੇ ਦਿਲ ’ਚ ਸੀ ਪਈ ਆਪਣੇ ਬਾਹਰਲੇ ਖੂਹ ਨਾਲ ਲਗਦੇ ਦੋ ਖੱਤੇ ਭਗਤੂ ਅਮਲੀ ਕੋਲੋਂ ਲੈ ਲੈਂਦੇ, ਉਹਨੇ ਤਾਂ ਹੋਰ ਸਾਲ ਖੰਡ ਤਾਈਂ ਕਿਸੇ ਨਾ ਕਿਸੇ ਨੂੰ ਦੇ ਈ ਦੇਣੇ ਆਂ। ਖ਼ਬਰੇ ਹਜ਼ਾਰਾ ਸੌਂਹ ਹੋਣੀ ਈ ਹੱਥ ਮਾਰ ਜਾਣ। ਏਥੇ ਤਾਂ ਠੀਕ ਆ ਪਿੱਛੇ ਦਾ ਹੁਣ ਕਿਤੇ ਆਪਾਂ ਚੇਤਾ ਈ ਥੋੜ੍ਹੋ ਭੁਲਾ ਦੇਣਾ ਆਂ।”

ਜ਼ਮੀਨ ਲੈਣ ਵਾਲੀ ਗੱਲ ਬਲਵੰਤ ਕੌਰ ਨੂੰ ਬਹੁਤੀ ਜਚੀ ਨਹੀਂ ਸੀ ਲਗਦੀ। ਉਹਨੇ ਆਪਣੀ ਵੱਲੋਂ ਇਕ ਤਰ੍ਹਾਂ ਫੈਸਲਾ ਜਸਵੰਤ ਦੇ ਹੱਕ ਵਿਚ ਕਰ ਦਿੱਤਾ ਸੀ, “ਜੇ ਮੁੰਡਾ ਟੁੱਟ ਟੁੱਟ ਕੇ ਮਰਦਾ ਆ ਤਾਂ ਘਰ ਲਈ ਕਰਦਾ ਆ ਕਿਸੇ ਹੋਰ ਲਈ ਥੋੜ੍ਹੋ ਲੱਗਾ ਆ ਆਪਣੀ ਜਾਨ ਮਾਰਨ। ਨਾਲੇ ਪਿੱਛੇ ਜ਼ਮੀਨ ਨੂੰ ਹੁਣ ਤੂੰ ਕੀ ਕਰੇਂਗਾ। ਕਿਹਨੇ ਸਾਂਭਣੀ ਆਂ ਹੁਣ? ਭਾਈ ਤੂੰ ਬਾਹਲੀ ਟੋਕਾ ਟਾਕੀ ਨਾ ਕਰਿਆ ਕਰ ਮੁੰਡੇ ਨੂੰ। ਕੀ ਮਾੜਾ ਆ ਜੇ ਚਾਰ ਪੈਸੇ ਹੱਥ ਵਿਚ ਹੋਣਗੇ?”

ਬਲਵੰਤ ਕੌਰ ਦੀ ਗੱਲ ਸੁਣ ਕੇ ਚਰਨ ਸਿੰਘ ਕੁਝ ਬੋਲਿਆ ਨਹੀਂ। ਉਹਦਾ ਦਿਲ ਤਾਂ ਕਰਦਾ ਸੀ ਪਈ ਘੱਟੋ ਘੱਟ ਬਲਵੰਤ ਕੌਰ ਤਾਂ ਮੁੰਡੇ ਦਾ ਪੱਖ ਨਾ ਲਵੇ। ਪਰ ਫੇਰ ਉਹ ਆਪਣੇ ਸੁਭਾਅ ਮੁਤਾਬਕ ਚੁੱਪ ਕਰ ਗਿਆ ਸੀ। ਉਂਝ ਘਰਾਂ ਦੇ ਕੰਮ ’ਚੋਂ ਏਨਾ ਫਾਇਦਾ ਹੋਣ ਦੀ ਗੱਲ ਉਹਨੂੰ ਵੀ ਬਹੁਤ ਵਧੀਆ ਲਗਦੀ ਸੀ।

ਚਰਨ ਸਿੰਘ ਨੇ ਜਸਵੰਤ ਨੂੰ ਟੋਕਣੋਂ ਛੱਡ ਦਿੱਤਾ। ਜਸਵੰਤ ਨੇ ਉਹ ਦੋ ਘਰ ਬਣਾਏ ਤੇ ਵੇਚ ਲਏ। ਉਸ ਵਿਚੋਂ ਵੀ ਉਸਨੂੰ ਵਾਹਵਾ ਪੈਸੇ





ਬਣੇ। ਤੇ ਫੇਰ ਉਹ ਪੈਸੇ ਉਸਨੇ ਹੋਰ ਲਾਟਾਂ ’ਤੇ ਲਾਏ ਤੇ ਹੋਰ ਘਰ ਬਣਾਏ। ਪਰ ਫੇਰ ਇਕ ਵਾਰੀ ਉਹਦੇ ਬਣਾਏ ਹੋਏ ਤਿੰਨ ਘਰ ਵਿਕਣ ਵਿਚ ਹੀ ਨਾ ਆਉਣ। ਘਰ ਵੀ ਕਾਫੀ ਵੱਡੇ ਵੱਡੇ ਸਨ ਤੇ ਜਸਵੰਤ ਨੇ ਜਿੰਨੇ ਕੋਲ ਪੈਸੇ ਸੀ, ਉਹ ਹੀ ਨਹੀਂ, ਉਹਨਾਂ ’ਤੇ ਬੈਂਕ ਕੋਲੋਂ ਵੀ ਕਾਫੀ ਕਰਜ਼ਾ ਚੱਕ ਕੇ ਲਾਇਆ ਹੋਇਆ ਸੀ। ਹਾਰ ਕੇ ਖਿਝ ਕੇ ਉਸਨੇ ਦੋ ਘਰ ਸਸਤੇ ਹੀ ਵੇਚ ਦਿੱਤੇ ਤੇ ਤੀਜੇ ਵਿਚ ਆਪ ਰਹਿਣ ਲੱਗ ਪਏ। ਪਰ ਫੇਰ ਵੀ ਉਸ ਕੋਲ ਏਨੇ ਕੁ ਪੈਸੇ ਸਨ ਕਿ ਉਹਨੇ ਤਿੰਨ ਲਾਟਾਂ ਹੋਰ ਲੈ ਲਈਆਂ ਅਤੇ ਉਹਨਾਂ ਵਿਚੋਂ ਇਕ ਵਿਚ ਘਰ ਪਾਉਣ ਲੱਗ ਪਿਆ।

ਚਰਨ ਸਿੰਘ ਨੂੰ ਹੁਣ ਯਾਦ ਕਰਕੇ ਦੁੱਖ ਜਿਹਾ ਮਹਿਸੂਸ ਹੋ ਰਿਹਾ ਹੈ ਕਿ ਕਿਸ ਤਰ੍ਹਾਂ ਉਹਨਾਂ ਦੇ ਘਰ ਦਾ ਹੁਲੀਆ ਹੀ ਬਦਲ ਗਿਆ ਸੀ। ਤੇ ਘਰ ਬਣਾ ਕੇ ਵੇਚਣ ਦੇ ਲਗਾਤਾਰ ਚੱਲ ਰਹੇ ਇਸ ਸਿਲਸਲੇ ਅੱਗੇ ਚਰਨ ਸਿੰਘ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰਦਾ। ਉਹਨੂੰ ਲਗਦਾ ਜਿਵੇਂ ਉਹ ਤੇਜ਼ ਚਲਦੇ ਪਾਣੀ ’ਤੇ ਤਰ ਰਿਹਾ ਪੱਤਾ ਹੋਵੇ। ਘਰ ’ਚ ਉਹਦੀ ਉਹ ਪਹਿਲਾਂ ਵਾਲੀ ਥਾਂ ਨਹੀਂ ਸੀ ਰਹੀ। ਜਸਵੰਤ ਹੁਣ ਉਸਦੀ ਸਲਾਹ ਵੀ ਨਹੀਂ ਸੀ ਪੁੱਛਦਾ। ਸਗੋਂ ਚਰਨ ਸਿੰਘ ਤੇ ਬਲਵੰਤ ਕੌਰ ਨੂੰ ਲਗਦਾ ਕਿ ਜਸਵੰਤ ਹੁਣ ਸਭ ਕੁਝ ਸੁਰਜੀਤ ਦੀ ਸਲਾਹ ਨਾਲ ਹੀ ਕਰਦਾ ਸੀ। ਇਸ ਨਾਲ ਉਹਨਾਂ ਦੋਹਾਂ ਦੇ ਮਨਾਂ ਵਿਚ ਸੁਰਜੀਤ ਪ੍ਰਤੀ ਪਹਿਲਾਂ ਵਾਲਾ ਪਿਆਰ ਨਫਰਤ ਵਿਚ ਵਟਣ ਲੱਗ ਪਿਆ। ਜੁਆਨ ਹੋ ਰਹੇ ਨਿਆਣੇ ਵੀ ਆਪ-ਮੁਹਾਰੇ ਹੋ ਰਹੇ ਸਨ। ਪਰ ਜਸਵੰਤ ਦਾ ਇਹਨਾਂ ਗੱਲਾਂ ਵਲ ਜਿਵੇਂ ਕੋਈ ਧਿਆਨ ਹੀ ਨਹੀਂ ਸੀ। ਘਰਾਂ ’ਤੇ ਕੰਮ ਕਰਨ ਵਾਲੇ ਬੰਦਿਆਂ ਨੂੰ ਖੁਸ਼ ਰੱਖਣ ਲਈ ਉਹ ਰੋਜ਼ ਰਾਤ ਨੂੰ ਸ਼ਰਾਬ ਪੀਂਦਾ। ਚਰਨ ਸਿੰਘ ਨੂੰ ਉਸ ਵਿਚੋਂ ਕੋਈ ਵੀ ਪਹਿਲਾਂ ਵਾਲੀ ਗੱਲ ਨਾ ਲੱਭਦੀ। ਘਰ ਵੇਚ ਕੇ ਪੈਸੇ ਬਣ ਜਾਂਦੇ, ਉਸ ਤੋਂ ਵਧ ਬਣਾਉਣ ਦੇ ਲਾਲਚ ਵਿਚ ਹੋਰ ਲਾਟਾਂ ਲੈ ਲੈਂਦਾ ਹੈ। ਹੁਣ ਉਸ ਕੋਲ ਤਿੰਨ ਚਾਰ ਲਾਟਾਂ ਹਨ ਤੇ ਤਿੰਨ ਪੁਰਾਣੇ ਘਰ ਲੈ ਕੇ ਕਿਰਾਏ ’ਤੇ ਵੀ ਦਿੱਤੇ ਹੋਏ ਹਨ। ਹੁਣ ਇੱਕ ਦੋ ਘਰ ਉਸਦੇ ਹਮੇਸ਼ਾਂ ਪੈ ਰਹੇ ਹੁੰਦੇ ਹਨ। ਉਸਨੂੰ ਉਮੀਦ ਹੈ ਕਿ ਜਿੱਥੇ ਉਸਦੀਆਂ ਤਿੰਨ ਲਾਟਾਂ ਹਨ ਉੱਥੇ ਅਪਾਰਟਮੈਂਟ ਬਣਨ ਦਾ ਕਾਨੂੰਨ ਪਾਸ ਹੋ ਜਾਵੇਗਾ। ਏਸ ਆਸ ਵਿਚ ਉਸਨੇ ਮਿਉਂਸਪੈਲਟੀ ਦੀ ਇਲੈਕਸ਼ਨ ਵਿਚ ਜਿੱਤਣ ਵਾਲੀ ਪਾਰਟੀ ਦੀ ਵਾਹਵਾ

ਮਦਦ ਵੀ ਕੀਤੀ ਸੀ। ਜਸਵੰਤ ਦੇ ਵਧਦੇ ਕੰਮ ਬਾਰੇ ਜਦ ਕਦੀ ਉਹ ਦੂਜੇ ਲੋਕਾਂ ਕੋਲੋਂ ਸੁਣਦਾ ਤਾਂ ਉਹਨੂੰ ਖ਼ੁਸ਼ੀ ਵੀ ਬਹੁਤ ਹੁੰਦੀ। ਪਰ ਜਦ ਉਹ ਆਪਣੀ ਹਾਲਤ ਵਲ ਦੇਖਦਾ ਤਾਂ ਫੇਰ ਉਸਦਾ ਮਨ ਖਿੱਝ ਨਾਲ ਭਰ ਜਾਂਦਾ।

ਤੇ ਚਰਨ ਸਿੰਘ ਨੇ ਪਏ ਪਏ ਨੇ ਕਮਰੇ ਦੇ ਵਿਚ ਨਿਗ੍ਹਾ ਦੁੜਾਈ ਤੇ ਸੋਚਿਆ ਕਿ ਉਹਨਾਂ ਦੇ ਬਣਾਏ ਏਨੇ ਘਰਾਂ ਵਿਚੋਂ ਉਸਦੇ ਪੱਲੇ ਇਹ ਕਮਰਾ ਹੀ ਆਇਆ ਸੀ। ਇਸ ਸੋਚ ਨਾਲ ਉਸਦੇ ਅੰਦਰੋਂ ਆਪ-ਮੁਹਾਰੇ ਜਸਵੰਤ ਲਈ ਗਾਲ੍ਹ ਨਿਕਲੀ। ਉਸਦਾ ਖਿਆਲ ਸੀ ਕਿ ਜਸਵੰਤ ਨੂੰ ਘਰਾਂ ਤੇ ਪੈਸੇ ਬਿਨਾਂ ਕੋਈ ਤੀਜੀ ਗੱਲ ਸੁੱਝਦੀ ਹੀ ਨਹੀਂ ਸੀ। ਚਰਨ ਸਿੰਘ ਨੂੰ ਸਭ ਤੋਂ ਵਧ ਜਸਵੰਤ 'ਤੇ ਖਿੱਝ ਉਸ ਵੇਲੇ ਆਈ ਸੀ ਜਦੋਂ ਬਲਵੰਤ ਕੌਰ ਦੇ ਵਾਰ ਵਾਰ ਕਹਿਣ 'ਤੇ ਵੀ ਉਹ ਦੇਸ ਨੂੰ ਜਾਣ ਨੂੰ ਨਹੀਂ ਸੀ ਮੰਨਿਆਂ। ਕਹਿੰਦਾ ਉੱਥੇ ਅੱਜ ਕੱਲ੍ਹ ਸੌ ਕਿਸਮ ਦੇ ਖਤਰੇ ਆ ਕਾਹਦੇ ਲਈ ਐਵੇਂ ਵਾਧੂ ਪੰਗੇ 'ਚ ਪੈਣਾ ਆਂ। ਬਲਵੰਤ ਕੌਰ ਨੇ ਵਾਸਤਾ ਪਾਇਆ ਸੀ, "ਪੁੱਤ ਮੈਂ ਤਾਂ ਜਦੋਂ ਤੇਰੇ ਸੱਟ ਲੱਗੀ ਸੀ, ਉਦੋਂ ਦੀ ਬਾਬੇਤਾਣੇ ਖੰਡ ਪਾਠ ਕਰਾਉਣ ਦੀ ਸੁੱਖ ਸੁੱਖੀ ਹੋਈ ਸੀ।"

"ਚੱਲ ਬੀਬੀ ਏਦਾਂ ਕਰਦੇ ਆਂ ਆਪਾਂ ਏਥੇ ਗੁਰਦਵਾਰੇ ਖੰਡ ਪਾਠ ਕਰਾ ਦਿੰਦੇ ਆਂ ਤੇ ਦੇਸ ਨੂੰ ਥੋੜ੍ਹੇ ਜਿਹੇ ਪੈਸੇ ਭੇਜ ਦਿਆਂਗੇ। ਤੇ ਫੇਰ ਜਦੋਂ ਪੰਜਾਬ 'ਚ ਰੌਲ਼ਾ-ਗੌਲ਼ਾ ਘਟ ਗਿਆ ਆਪਾਂ ਜਾ ਆਵਾਂਗੇ।"

ਜਸਵੰਤ ਦੀ ਪਿੰਡ ਨੂੰ ਜਾਣ ਵਾਲੀ ਗੱਲ ਦਾ ਬਲਵੰਤ ਕੌਰ ਨੂੰ ਕੋਈ ਯਕੀਨ ਨਹੀਂ ਸੀ ਪਰ ਉਹ ਉਸਦੀ ਅਖੰਡਪਾਠ ਵਾਲੀ ਗੱਲ ਨਾਲ ਰਾਜ਼ੀ ਹੋ ਗਈ ਸੀ। ਤੇ ਜਸਵੰਤ ਨੇ ਅਖੰਡਪਾਠ ਕਰਵਾ ਦਿੱਤਾ। ਤੇ ਫੇਰ ਚਰਨ ਸਿੰਘ ਇਹ ਦੇਖ ਕੇ ਹੈਰਾਨ ਹੋਇਆ ਸੀ ਕਿ ਹੁਣ ਉਹ ਹਰ ਸਾਲ ਈ ਅਖੰਡਪਾਠ ਕਰਾਉਣ ਲੱਗ ਪਿਆ। ਇਸ ਬਹਾਨੇ ਸੱਦ ਕੇ ਠੇਕੇਦਾਰਾਂ ਨੂੰ ਸ਼ਰਾਬ ਪਿਲਾ ਦਿੰਦਾ। ਨਾਲੇ ਬਲਵੰਤ ਕੌਰ ਨੂੰ ਵੀ ਖ਼ੁਸ਼ ਕਰ ਰੱਖਦਾ। ਅਖੰਡਪਾਠ ਕਰਾਉਂਦੇ ਰਹਿਣ ਕਰਕੇ ਉਹਦੀ ਗੁਰਦਵਾਰੇ ਵੀ ਕਾਫੀ ਪੁੱਛ-ਗਿੱਛ ਹੋਣ ਲੱਗ ਪਈ। ਪਰ ਜਦੋਂ ਦਾ ਚਰਨ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਹ ਜਿਹੜੇ ਪੈਸੇ ਅਖੰਡਪਾਠ 'ਤੇ ਖਰਚਦਾ ਸੀ ਉਹਦੇ ਵਿਚੋਂ ਬਹੁਤੇ ਤਾਂ ਗੁਰਦਵਾਰੇ ਵਾਲਿਆਂ ਨਾਲ ਗੰਢ-ਤੁੱਪ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਇਨਕਮ ਟੈਕਸ ਵਿਚ ਭਰ ਦਿੰਦਾ ਸੀ, ਤਾਂ ਉਸਨੂੰ ਲੱਗਾ ਸੀ ਜਿੱਦਾਂ ਜਸਵੰਤ ਹੁਣ ਰੱਬ ਨਾਲ ਵੀ





ਹੇਰਾ-ਫੇਰੀ ਕਰਨ ਲੱਗ ਪਿਆ ਸੀ।

ਚਰਨ ਸਿੰਘ ਨੂੰ ਯਾਦ ਆਇਆ ਕਿ ਬਲਵੰਤ ਕੌਰ ਨੇ ਨਿਆਣਿਆਂ ਨੂੰ ਨਾਲ ਲੈ ਕੇ ਪਿੰਡ ਨਾ ਜਾ ਸਕਣ ਵਾਲੀ ਗੱਲ ਨੂੰ ਮਨ 'ਤੇ ਬਹੁਤ ਲਾਇਆ ਸੀ। ਜਦੋਂ ਡੇਢ੍ਹ ਕੁ ਸਾਲ ਪਹਿਲਾਂ ਉਹ ਕੈਲਗਰੀ ਨੂੰ ਗਈ ਸੀ ਤਾਂ ਜਾਣ ਤੋਂ ਪਹਿਲੀ ਰਾਤ ਉਹਨੇ ਅੱਖਾਂ ਭਰ ਕੇ ਕਿਹਾ ਸੀ, "ਬੜਾ ਈ ਦਿਲ 'ਚ ਚਾਅ ਸੀ ਪਈ ਦੀਪੇ ਨੂੰ, ਰਾਣੀ ਨੂੰ ਤੇ ਛੋਟੀ ਦੇਬੀ ਨੂੰ ਲੈ ਕੇ ਪਿੰਡ ਜਾਵਾਂਗੇ। ਸੌ ਚਾਅ-ਮਲ੍ਹਾਰ ਕਰਾਂਗੇ।"

"ਕਿਸ਼ਮਤ ਕੀ ਕੀ ਰੰਗ ਦਿਖਾਉਂਦੀ ਆ ਬੰਦੇ ਨੂੰ। ਉੱਪਰਲੇ ਦੀ ਨਿਗ੍ਹਾ ਬਿਨਾਂ ਕਾਹਨੂੰ ਕਿਸੇ ਨੂੰ ਖ਼ੁਸ਼ੀ ਨਸੀਬ ਹੁੰਦੀ ਆ। ਹੁਣ ਪੈਸੇ ਦਾ ਤਾਂ ਇਹਨੂੰ ਕੋਈ ਘਾਟਾ ਨਈਂ ਪਰ ਸਹੁਰੇ ਦੀ ਰੂਹ ਤਾਂ ਜਿਵੇਂ ਰਹੀ ਨਹੀਂ।" ਚਰਨ ਸਿੰਘ ਨੂੰ ਵੀ ਨਾ ਜਾਣ ਦਾ ਡਾਢਾ ਦੁੱਖ ਸੀ।

"ਟੱਬਰ ਦਾ ਵੀ ਕੀ ਬਚਿਆ ਆ ਹੁਣ", ਬਲਵੰਤ ਕੌਰ ਨੇ ਵੱਡਾ ਸਾਰਾ ਹਉਕਾ ਭਰਿਆ।

"ਜਿੰਨਾ ਗੁੜ ਪਾਓ ਉਨਾਂ ਈ ਮਿੱਠਾ ਹੋਣਾ ਆ ਬਲਵੰਤ ਕੌਰੇ। ਹੁਣ ਆਪਣੇ ਈ ਘਰ ਦੀ ਬਿਗਾਨਿਆਂ ਕੋਲ ਕੀ ਮਿੱਟੀ ਪੱਟੀਏ? ਮੁੰਡੇ ਨੇ ਜਦੋਂ ਦੀ ਕਾਰ ਲਈ ਆ ਘਰੋਂ ਬਾਹਰ ਈ ਰਹਿੰਦਾ ਆ। ਪਤਾ ਨਈਂ ਕਿਸ ਕਿਸਮ ਦੀ ਮਡੀਰ ਨਾਲ ਘੁੰਮਦਾ ਖਾਂਦਾ ਆ। ਸ਼ਰਮ ਨਾਲ ਮਰ ਜਾਣ ਨੂੰ ਜੀਅ ਕਰਦਾ ਆ। ਜਿੱਦਣ ਸਹੁਰੇ ਨੂੰ ਸੁੱਤੇ ਪਏ ਨੂੰ ਘਰੋਂ ਪੁਲਸ ਆਲਾ ਉਠਾਲ ਕੇ ਕੜੀ ਲਾ ਕੇ ਲੈ ਗਿਆ, ਸਾਲਾ ਕੰਧ 'ਚ ਸਿਰ ਮਾਰ ਕੇ ਮਰ ਜਾਣ ਨੂੰ ਜੀਅ ਕਰੇ। ਜਰ ਹੁੰਦੀ ਆ ਇਹੋ ਜਿਹੀ ਗੱਲ। ਇਹਨਾਂ ਵਲ ਦੇਖ ਲਓ, ਕੋਈ ਫਰਕ ਈ ਨਈਂ, ਬਈ ਜਿੱਦਾਂ ਕੁਛ ਹੋਇਆ ਈ ਨਈਂ ਹੁੰਦਾ। ਏਡੀ ਵੱਡੀ ਗੱਲ ਹੋ ਗਈ ਆ। ਮੁੰਡੇ ਨੇ ਚੋਰੀ ਕੀਤੀ ਆ, ਫੇਰ ਫੜਿਆ ਗਿਆ। ਸਹੁਰਿਓ ਕੁਛ ਨਮੋਸ਼ੀ ਮੰਨੋ, ਕੁਛ ਸ਼ਰਮ ਮੰਨੋ, ਪਈ ਗਾਹਾਂ ਨੂੰ ਇਹੋ ਜਿਹੀ ਕਰਤੂਤ ਨਾ ਕਰੇ।"

"ਅੱਛਾ ਮ੍ਹਾਰਾਜ ਜੋ ਕਰਦਾ ਆ ਸੋਚ ਸਮਝ ਕੇ ਈ ਕਰਦਾ ਆ। ਕੋਈ ਸਾਡੇ ਕੋਲੋਂ ਈ ਕਿਤੇ ਭੁੱਲ ਹੋ ਗਈ ਹੋਊਗੀ", ਬਲਵੰਤ ਕੌਰ ਨੇ ਆਪਣੀਆਂ ਗਿੱਲੀਆਂ ਅੱਖਾਂ ਨੂੰ ਪੂੰਝਦਿਆਂ ਕਿਹਾ।

"ਕਿੰਨਾ ਕੁ ਚਿਰ ਰੱਖਣਗੇ ਤੈਨੂੰ ਕੈਲਗਰੀ ਵਾਲੇ?" ਚਰਨ ਸਿੰਘ ਨੇ ਪੁੱਛਿਆ।

"ਕੀ ਪਤਾ ਹੁਣ, ਨਿੱਕੇ ਨਿੱਕੇ ਨਿਆਣੇ ਆ ਉਹਨਾਂ ਦੇ। ਨਾਲੇ ਉਹਨਾਂ

ਨਾਲੋਂ ਤਾਂ ਜਾਦੇ ਗੱਲ ਇਹਨਾਂ ਦੇ ਵੱਸ 'ਚ ਆ। ਜਦੋਂ ਮੁੜ ਕੇ ਲਿਆਉਣਗੇ ਉਦੋਂ ਈ ਆਊਂਗੀ। ਹੁਣ ਕੈਲਗਰੀ ਬਰਾਮ ਤਾਂ ਹੈ ਨਈਂ ਪਈ ਤਾਂਗਾ ਫੜ ਕੇ ਪਿੰਡ ਨੂੰ ਆ ਜਾਊਂਗੀ।" ਬਲਵੰਤ ਕੌਰ ਨੇ ਖਿਝ ਜਿਹੀ ਨਾਲ ਕਿਹਾ ਸੀ।

ਚਰਨ ਸਿੰਘ ਨੇ ਇਕ ਵਾਰ ਮੁੜ ਕੇ ਬਲਵੰਤ ਕੌਰ ਵਲ ਦੇਖਿਆ ਸੀ ਤੇ ਫੇਰ ਹੈਰਾਨ ਜਿਹਾ ਹੁੰਦਿਆਂ ਸੋਚਿਆ ਸੀ ਕਿ ਉਹ ਵੀ ਕਿੰਨੀ ਬਦਲ ਗਈ ਸੀ। ਉਹਨੂੰ ਲੱਗਾ ਜਿੱਦਾਂ ਕੁਛ ਵੀ ਪਹਿਲਾਂ ਵਰਗਾ ਨਹੀਂ ਸੀ ਰਿਹਾ। ਉਹ ਖੁਦ ਵੀ ਪਹਿਲਾਂ ਵਾਲਾ ਨਹੀਂ ਸੀ ਰਿਹਾ। ਉਹਨੂੰ ਯਾਦ ਹੈ ਕਿ ਔਖੇ ਦਿਨਾਂ ਵਿਚ ਵੀ ਉਹਦੇ ਮਨ ਵਿਚ ਇਕ ਸ਼ਾਂਤੀ ਜਿਹੀ ਇਕ ਠਰ੍ਹੰਮਾ ਹੁੰਦਾ ਸੀ। ਹੁਣ ਉਹ ਵੀ ਕਿਹੜਾ ਜਸਵੰਤ ਨਾਲੋਂ ਘੱਟ ਟੁੱਟ ਟੁੱਟ ਕੇ ਮਰਦਾ ਸੀ। ਉਸਨੂੰ ਇਸ ਗੱਲ ਦੀ ਵੀ ਸਮਝ ਜਿਹੀ ਨਹੀਂ ਸੀ ਲਗਦੀ ਕਿ ਉਹ ਕਿਹਦੇ ਲਈ ਪੈਸੇ ਕਮਾ ਰਿਹਾ ਸੀ? ਪਰ ਰੱਬ ਦੀ ਅਜਿਹੀ ਕਰਨੀ ਸੀ ਕਿ ਉਸ ਤੋਂ ਕੰਮ ਕੀਤੇ ਬਿਨਾਂ ਰਹਿ ਹੀ ਨਹੀਂ ਸੀ ਹੁੰਦਾ। ਇੱਕ ਪਲ ਉਸਨੂੰ ਆਪਣੇ ਆਪ 'ਤੇ ਬੜੀ ਖਿਝ ਆਈ ਤੇ ਫੇਰ ਉਹਨੇ ਆਪਣੇ ਆਪ ਨੂੰ ਏਸ ਸੋਚ ਤੋਂ ਪਰੇ ਖਿੱਚ ਲਿਆ।

ਉਹ ਫੇਰ ਬਲਵੰਤ ਕੌਰ ਬਾਰੇ ਸੋਚਣ ਲੱਗ ਪਿਆ। ਉਹਦਾ ਕਦੀ ਕਦੀ ਦਿਲ ਬੜਾ ਕਾਹਲਾ ਪੈਂਦਾ ਜਾਪਦਾ ਤੇ ਚਾਹੁੰਦਾ ਕਿ ਬਲਵੰਤ ਕੌਰ ਉਸੇ ਪਲ ਉਹਦੇ ਨਾਲ ਦੇ ਮੰਜੇ 'ਤੇ ਪਈ ਹੋਵੇ। ਚਰਨ ਸਿੰਘ ਨੇ ਅੰਦਾਜ਼ਾ ਲਾਇਆ ਪਈ ਬਲਵੰਤ ਕੌਰ ਨੂੰ ਗਈ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸੀ ਜਦੋਂ ਸੁਰਜੀਤ ਦੇ ਭੈਣ ਤੇ ਭਣੋਈਆ ਨਿਆਣਿਆਂ ਨੂੰ ਲੈ ਕੇ ਟਰਾਂਟੋ ਤੋਂ ਏਥੇ ਆਏ ਸੀ। ਕਹਿੰਦੇ ਸੀ, "ਉੱਥੇ ਕੰਮਾਂ ਕਾਰਾਂ ਦਾ ਬੜਾ ਮੰਦਾ ਸੀ।"

ਉਹਨਾਂ ਦੇ ਆਉਣ 'ਤੇ ਚਰਨ ਸਿੰਘ ਦਾ ਮੰਜਾ ਉਹਨਾਂ ਨੇ ਬੇਸਮਿੰਟ ਦੇ ਏਸ ਕਮਰੇ ਵਿਚ ਰੱਖ ਦਿੱਤਾ।

ਕਮਰੇ ਵਿਚ ਮੰਜਾ ਰੱਖਦਿਆਂ ਜਸਵੰਤ ਨੇ ਕਿਹਾ ਸੀ, "ਦੋ ਕੁ ਮਹੀਨਿਆਂ ਤਾਈਂ ਬੇਸਮਿੰਟ ਗੋਰਿਆਂ ਤੋਂ ਵਿਹਲੀ ਕਰਾ ਲਾਂਗੇ ਤੇ ਇਨ੍ਹਾਂ ਨੂੰ ਬੇਸਮਿੰਟ ਵਿਚ ਮੂਵ ਕਰ ਦਿਆਂਗੇ ਤੇ ਫੇਰ ਤੂੰ ਮੁੜ ਕੇ ਉੱਤੇ ਆਪਣੇ ਕਮਰੇ ਵਿਚ ਆ ਜਾਈਂ।"

'ਲੈ ਅੱਜ ਹੁੰਦੇ ਆ ਦੋ ਮਹੀਨੇ।' ਚਰਨ ਸਿੰਘ ਨੇ ਖਿਝਦਿਆਂ ਸੋਚਿਆ।

'ਵਾਹ ਉਏ ਕਰਮਾਂ ਦਿਆ ਵਲੀਆ ਰਿੱਧੀ ਖੀਰ ਤੇ ਬਣ ਗਿਆ





ਦਲੀਆ।' ਚਰਨ ਸਿੰਘ ਨੇ ਪਾਸਾ ਬਦਲਦਿਆਂ ਆਪਣੇ ਆਪ ਨੂੰ ਕਹਾਣਾ ਪਾ ਕੇ ਸੁਣਾਇਆ। ਉਹਨੇ ਕਲਾਕ ਵਲ ਦੇਖਿਆ ਪੰਜ ਵੱਜਣ ਵਾਲੇ ਸੀ। ਉਹਨੇ ਤਾਕੀ ਦਾ ਪਰਦਾ ਪਰੇ ਹਟਾ ਕੇ ਬਾਹਰ ਦੇਖਿਆ। ਬਾਹਰ ਕਈਆਂ ਦਿਨਾਂ ਦੀ ਪੈਣ ਪੈਣ ਕਰਦੀ ਬਰਫ ਬੜੇ ਜ਼ੋਰ ਸ਼ੋਰ ਨਾਲ ਪੈ ਰਹੀ ਸੀ। ਸਭ ਕੁਝ ਚਿੱਟਾ ਹੋਇਆ ਪਿਆ ਸੀ।

'ਤੂੰ ਵੀ ਕੱਢ ਲੈ ਜਿਹੜੀ ਕਸਰ ਰਹਿੰਦੀ ਆ', ਉਹਨੇ ਬਰਫ ਵਲ ਦੇਖਦੇ ਨੇ ਕਿਹਾ। ਉਹਨੂੰ ਯਾਦ ਆਇਆ ਕੱਲ੍ਹ ਟਰੱਕੀ 'ਚੋਂ ਉੱਤਰਨ ਲੱਗੇ ਨੂੰ ਕਰਮ ਸੌਂਹ ਠੇਕੇਦਾਰ ਨੇ ਕਿਹਾ ਸੀ ਪਈ ਕੱਲ੍ਹ ਨੂੰ ਪੇਪਰ ਰਿਚਮੰਡ ਵਿਚ ਸਿੱਟਣੇ ਆਂ। ਚਰਨ ਸਿੰਘ ਨੂੰ ਪਤਾ ਸੀ ਕਿ ਰਿਚਮੰਡ ਵਿਚ ਕਈ ਥਾਹੀਂ ਸਾਈਡ-ਵਾਕ ਵੀ ਨਹੀਂ ਸੀ ਬਣੇ ਹੋਏ ਤੇ ਸਾਰੀ ਦਿਹਾੜੀ ਬਰਫ ਵਿਚ ਬੜਾ ਔਖਿਆਂ ਹੋਣਾ ਪੈਣਾ ਸੀ। ਫੇਰ ਉਹਨੂੰ ਖਿਆਲ ਆਇਆ ਪਈ ਜਵਾਲਾ ਸੌਂਹ ਨੇ ਇਕ ਦਿਨ ਕਿਹਾ ਸੀ, "ਚਰਨ ਸਿੰਹਾਂ ਜੇ ਬਰਫ ਪੈਂਦੀ 'ਚ ਕੰਮ 'ਤੇ ਆਇਆ ਤਾਂ ਜਰਾਬਾਂ ਦਾ ਜੋੜਾ ਇਕ ਵਾਧੂ ਕੋਲ ਰੱਖੀਂ, ਕਈ ਵਾਰੀ ਸਾਰੀ ਦਿਹਾੜੀ ਬਰਫ 'ਚ ਫਿਰਦਿਆਂ ਜਰਾਬਾਂ ਗਿੱਲੀਆਂ ਹੋ ਜਾਂਦੀਆਂ ਆਂ, ਭਾਵੇਂ ਕਿੰਨੇ ਵਧੀਆ ਰਬੜੀ ਬੂਟ ਹੋਣ। ਅੱਵਲ ਤਾਂ ਬੰਦਾ ਏਹੋ੍ ਜਿਹੇ ਦਿਨ 'ਚ ਕੰਮ 'ਤੇ ਈ ਨਾ ਆਵੇ। ਮੈਂ ਤਾਂ ਜਿਹੜੇ ਵੀ ਠੇਕੇਦਾਰ ਨਾਲ ਕੰਮ ਕਰਾਂ ਉਹਨੂੰ ਪਹਿਲਾਂ ਦੱਸ ਦਿਨਾਂ ਹੁੰਨਾਂ ਪਈ ਜਿੱਦਣੇ ਬਰਫ ਬੁਰਫ ਪਈ ਮੈਂ ਤਾਂ ਕੰਮ 'ਤੇ ਨਈਂ ਆਉਣਾ। ਤੇ ਨਾ ਹੁਣ ਆਪਾਂ ਕਦੀ ਏਦਾਂ ਦੇ ਮੌਸਮ 'ਚ ਕੰਮ ਕੀਤਾ ਈ ਆ। ਆਪਾਂ ਹੁਣ ਕਿਹੜਾ ਕਿਸੇ ਨੂੰ ਹਿਸਾਬ ਦੇਣਾ ਆਂ, ਐਵੇਂ ਕਿਉਂ ਜਾਨ ਤੋੜੀ ਜਾਈਏ।"

ਜਵਾਲਾ ਸਿੰਘ ਦਾ ਚੇਤਾ ਆਉਂਦਿਆਂ ਹੀ ਉਸਦਾ ਮਨ ਥੋੜ੍ਹਾ ਜਿਹਾ ਖੁਸ਼ ਹੋ ਗਿਆ। ਅੱਜ ਕੱਲ੍ਹ ਜਵਾਲਾ ਸੌਂਹ ਹੀ ਸੀ ਜਿਹਦੇ ਨਾਲ ਉਹ ਆਪਣਾ ਦੁਖ-ਸੁਖ ਸਾਂਝਾ ਕਰਦਾ ਸੀ। ਉਹ ਜਵਾਲਾ ਸਿੰਘ ਨੂੰ ਬੜਾ ਜਿਗਰੇ ਆਲਾ ਤੇ ਦਿਲ ਦਾ ਸੋਨਾ ਬੰਦਾ ਸਮਝਦਾ ਸੀ। ਉਹਨਾਂ ਨੂੰ 'ਕੱਠਿਆਂ ਪੇਪਰ ਸਿੱਟਣ ਦਾ ਕੰਮ ਕਰਦਿਆਂ ਨੂੰ ਛੇ ਮਹੀਨੇ ਤੋਂ ਉੱਪਰ ਹੋ ਗਏ ਸਨ।

ਚਰਨ ਸਿੰਘ ਨੂੰ ਜਵਾਲਾ ਸਿੰਘ ਦੀਆਂ ਗੱਲਾਂ ਬਾਤਾਂ ਤੇ ਸੁਭਾਅ ਬਹੁਤ ਹੀ ਵਧੀਆ ਲਗਦੇ ਸਨ। ਉਸ ਨਾਲ ਆਪਣੇ ਟੱਬਰ ਦੀਆਂ, ਘਰ ਦੀਆਂ ਵੀ ਸਾਰੀਆਂ ਗੱਲਾਂ ਕਰ ਲੈਂਦਾ ਸੀ। ਇਕ ਰਾਤ ਉਹ ਕੰਮ

ਤੋਂ ਲੇਟ ਹੋ ਗਏ ਸਨ ਤੇ ਚਰਨ ਸਿੰਘ ਜਵਾਲਾ ਸਿੰਘ ਦੇ ਘਰ ਹੀ ਰਾਤ ਰਹਿ ਪਿਆ ਸੀ। ਜਵਾਲਾ ਸਿੰਘ ਇਕ ਹੋਰ ਬੰਦੇ ਨਾਲ ਪੁਰਾਣੇ ਘਰ ਦੀ ਬੇਸਮਿੰਟ ਵਿਚ ਰਹਿੰਦਾ ਸੀ ਜਿਸਦੇ ਦੋ ਸੌਣ ਵਾਲੇ ਕਮਰੇ, ਇਕ ਛੋਟਾ ਜਿਹਾ ਬਹਿਣ ਵਾਲਾ ਕਮਰਾ, ਰਸੋਈ ਤੇ ਗੁਸਲਖਾਨਾ ਸੀ।

ਉਹਨਾਂ ਨੇ ਰਸੋਈ ਵਿਚ ਪਈਆਂ ਕੁਰਸੀਆਂ 'ਤੇ ਬੈਠ ਕੇ ਆਪਣੇ ਕੰਮ ਵਾਲੇ ਬੂਟ ਲਾਹੇ। ਚਰਨ ਸਿੰਘ ਨੇ ਆਲਾ-ਦੁਆਲਾ ਦੇਖ ਕੇ ਪੁੱਛਿਆ ਸੀ, "ਤੇਰਾ ਸਾਥੀ ਨਈਂ ਦੀਹਦਾ ਅੱਜ ਕਿਤੇ?"

"ਉਹ ਐਛੀ ਪੱਠਾ ਆ ਪੂਰਾ। ਜਦੋਂ ਦਿਲ ਕਰੇ ਉਦੋਂ ਈ ਘਰ ਵੜਦਾ ਆ। ਜਿਹਨਾਂ ਦਿਨਾਂ 'ਚ ਉਹਨੂੰ ਵੈਲਫੇਅਰ ਦੇ ਪੈਸੇ ਮਿਲੇ ਹੋਣ ਉਦੋਂ ਉਹ ਘਰ ਲੇਟ ਈ ਆਉਂਦਾ ਆ। ਕਿਸੇ ਬੜੇ ਬੀਅਰ ਪਾਲੇ 'ਚ ਬੈਠਾ ਹੋਣਾ ਆ।"

"ਅੱਗਾ-ਪਿੱਛਾ ਨਈਂ ਉਹਦਾ ਕੋਈ?" ,ਚਰਨ ਸਿੰਘ ਨੇ ਸੁਭਾਵਕ ਹੀ ਪੁੱਛਿਆ।

ਉਸਦੀ ਗੱਲ ਦਾ ਜਵਾਬ ਦੇਣ ਦੀ ਥਾਂ ਜਵਾਲਾ ਸਿੰਘ ਨੇ ਇਕ ਪਲ ਚਰਨ ਸਿੰਘ ਵਲ ਦੇਖਿਆ। ਫੇਰ ਉਹਨੇ ਆਪਣੀਆਂ ਜਰਾਬਾਂ ਦਾ ਗੁੱਛਾ ਜਿਹਾ ਬਣਾ ਕੇ ਬੂਟਾਂ 'ਚ ਪਾਉਂਦਿਆਂ ਕਿਹਾ, "ਤੇਰਾ ਮੇਰਾ ਪਿੱਛਾ ਹੈਗਾ ਈ ਆ ਚਰਨ ਸਿਹਾਂ। ਏਸ ਮੁਲਕ 'ਚ ਕੀ ਫਰਕ ਪੈਂਦਾ ਆ ਅੱਗਿਆਂ ਪਿੱਛਿਆਂ ਨਾਲ। ਆਪੋ ਆਪਣੇ ਢਿੱਡ ਤੋਂ ਅੱਗੇ ਕਿਸੇ ਨੂੰ ਕੁਛ ਨਈਂ ਦੀਹਦਾ ਏਥੇ।"

ਜਵਾਲਾ ਸਿੰਘ ਨੇ ਪਲ ਕੁ ਰੁਕ ਕੇ ਤੇ ਫੇਰ ਹਿੰਮਤ ਨਾਲ ਕੁਰਸੀ ਤੋਂ ਉੱਠਦਿਆਂ ਕਿਹਾ, "ਤੂੰ ਐਂ ਕਰ, ਪਹਿਲਾਂ ਮਾੜਾ ਜਿਹਾ ਸ਼ਾਵਰ ਲੈ ਲਾ। ਮੈਂ ਚਾਹ ਦਾ ਕੱਪ ਕੱਪ ਬਣਾਉਨਾਂ। ਫੇਰ ਆਪਾਂ ਥੋੜ੍ਹਾ ਜਿਹਾ ਅਟਕ ਕੇ ਰੋਟੀ ਬਣਾਵਾਂਗੇ।"

ਚਰਨ ਸਿੰਘ ਬੀਬੇ ਬੱਚੇ ਦੇ ਆਖਾ ਮੰਨਣ ਵਾਂਗ ਬਿਨਾਂ ਕੁਝ ਕਹੇ ਉੱਠ ਕੇ ਨਹਾਉਣ ਚਲੇ ਗਿਆ। ਜਦੋਂ ਉਹ ਨਹਾ ਕੇ ਬਾਹਰ ਨਿਕਲਿਆ ਤਾਂ ਰਸੋਈ ਵਿਚੋਂ ਉਹਨੂੰ ਅਲਗ਼ੋਜ਼ਿਆਂ ਦੇ ਰਾਗ ਦੀ ਆਵਾਜ਼ ਆਈ। ਜਵਾਲਾ ਸਿੰਘ ਨੇ ਟੇਪ ਰੀਕਾਰਡ ਲਾਈ ਹੋਈ ਸੀ ਤੇ ਆਪ ਉਹ ਚਾਹ 'ਚ ਦੁੱਧ ਪਾ ਕੇ ਉਬਾਲੀ ਆਉਣ ਦੀ ਉਡੀਕ 'ਚ ਸਟੋਵ ਦੇ ਲਾਗੇ ਹੀ ਖੜ੍ਹਾ ਸੀ।

ਉਹਨੇ ਚਰਨ ਸਿੰਘ ਨੂੰ ਦੇਖ ਕੇ ਕਿਹਾ, "ਲੈ ਐਂ ਕਰ ਤੂੰ, ਆਹ





ਚਾਹ ਦਾ ਖਿਆਲ ਰੱਖੀਂ, ਮੈਂ ਵੀ ਮਾੜਾ ਜਿਹਾ ਪਿੰਡੇ 'ਤੇ ਪਾਣੀ ਪਾ ਲੈਨਾਂ ਆਂ। ਆਹ ਪੋਣੀ ਪਈ ਆ ਭਾਂਡਿਆਂ ਆਲੀ ਟੋਕਰੀ 'ਚ, ਚਾਹ ਪੁਣ ਲਈਂ।"

ਉਹਨਾਂ ਨੇ ਚਾਹ ਪੀਤੀ ਤੇ ਕਿੰਨੀ ਦੇਰ ਬੈਠੇ ਗੱਲਾਂ ਕਰਦੇ ਰਹੇ। ਫੇਰ ਜਵਾਲਾ ਸਿੰਘ ਹੌਂਸਲੇ ਨਾਲ ਉਠਿਆ ਤੇ ਉਹਨੇ ਫੁਰਤੀ ਨਾਲ ਆਟਾ ਗੁੰਨ੍ਹ ਕੇ ਰੋਟੀਆਂ ਬਣਾ ਲਈਆਂ। ਇਕ ਦੋ ਦਿਨ ਪਹਿਲਾਂ ਬਣਾਏ ਹੋਏ ਮੀਟ ਦੀ ਤਰੀ ਤੱਤੀ ਕਰ ਲਈ। ਚਰਨ ਸਿੰਘ ਹੈਰਾਨ ਜਿਹਾ ਹੋਇਆ ਜਵਾਲਾ ਸਿੰਘ ਵਲ ਦੇਖਦਾ ਰਿਹਾ। ਜਵਾਲਾ ਸਿੰਘ ਕੋਲ ਸ਼ਰਾਬ ਦੀ ਅੱਧੀ ਬੋਤਲ ਪਈ ਸੀ ਜਿਹੜੀ ਉਹਨਾਂ ਨੇ ਰੋਟੀ ਖਾਣ ਤੋਂ ਪਹਿਲਾਂ ਹੀ ਪੀ ਲਈ। ਰੋਟੀ ਖਾ ਕੇ ਉਹ ਕਿੰਨੀ ਰਾਤ ਗੱਲਾਂ ਕਰਦੇ ਰਹੇ।

ਥੋੜ੍ਹਾ ਨਸ਼ੇ 'ਚ ਹੋਣ ਕਰਕੇ ਚਰਨ ਸਿੰਘ ਦਾ ਮੱਲੋ ਮੱਲੀ ਦਿਲ ਕਰੀ ਜਾ ਰਿਹਾ ਸੀ ਕਿ ਉਹ ਜਵਾਲਾ ਸਿੰਘ ਨਾਲ ਜਸਵੰਤ ਦੇ ਬਦਲ ਜਾਣ ਬਾਰੇ ਗੱਲਾਂ ਕਰੀ ਜਾਵੇ। ਉਹਨੂੰ ਯਾਦ ਆ ਰਿਹਾ ਸੀ ਕਿ ਜਦੋਂ ਜਵਾਲਾ ਸਿੰਘ ਨੇ ਉਹਦੇ ਸੌਣ ਲਈ ਬਹਿਣ ਵਾਲੇ ਕਮਰੇ ਵਿਚ ਪਏ ਸੋਫੇ ਦਾ ਮੰਜਾ ਬਾਹਰ ਖਿੱਚਿਆ ਤੇ ਉਸ 'ਤੇ ਇਕ ਪਤਲੀ ਜਿਹੀ ਚਾਦਰ ਵਿਛਾਈ ਸੀ ਤਾਂ ਚਰਨ ਸਿੰਘ ਨੇ ਚਾਦਰ ਉਸਦੇ ਹੱਥੋਂ ਫੜਦਿਆਂ ਕਿਹਾ ਸੀ, "ਜਵਾਲਾ ਸਿਹਾਂ ਸਾਡਾ ਤਾਂ ਐਹੋ ਜਿਹਾ ਹੱਸਦਾ-ਵੱਸਦਾ ਘਰ ਸੀ ਪਈ ਮਿਲਣ-ਗਿਲਣ ਵਾਲੇ ਸਾਡੇ ਘਰ ਦੀ ਮਿਸਾਲ ਦਿੰਦੇ ਸੀ। ਪਰ ਕਿਸਮਤ! ਮੁੰਡੇ ਦਾ ਸੁਭਾਅ ਹੁੰਦਾ ਸੀ ਪਈ ਜਾਹ ਤਾਂ ਜੀ ਤੋਂ ਬਿਨਾਂ ਕਦੀ ਬੋਲ ਜਾਵੇ। ਲਾਲਚ ਦਾ ਤਾਂ ਨਾਂ ਨਹੀਂ ਸੀ ਜਾਣਦਾ। ਮੈਨੂੰ ਕਹਿਣਾਂ, ਭਾਈਆ, ਬੱਸ ਸਾਲ ਕੁ ਹੋਰ ਫਾਰਮਾਂ 'ਚ ਕਰ ਲੈ ਕੰਮ ਜੇ ਕਰਨਾਂ ਆਂ, ਫੇਰ ਨਈਂ ਤੇਰੇ ਕੋਲੋਂ ਕੰਮ ਕਰਾਉਣਾ..."।

ਜਵਾਲਾ ਸਿੰਘ ਨੇ ਉਸਦੀ ਗੱਲ ਵਿਚੋਂ ਈ ਟੋਕ ਦਿੱਤੀ ਸੀ ਤੇ ਕਿਹਾ ਸੀ, "ਚਰਨ ਸਿਹਾਂ ਤੂੰ ਜਿੰਨਾ ਮਰਜ਼ੀ ਆ ਮਨ ਨੂੰ ਕਲਪਾਈ ਜਾ, ਫੈਦਾ ਕੁਛ ਨਈਂ ਹੋਣਾ। ਜੇ ਤਾਂ ਕੱਲਾ ਤੇਰਾ ਮੁੰਡਾ ਹੀ ਏਦਾਂ ਦਾ ਹੁੰਦਾ ਤਾਂ ਫੇਰ ਤਾਂ ਬੰਦਾ ਉਹਨੂੰ ਬੁਰਾ ਭਲਾ ਕਹਿੰਦਾ ਵੀ ਚੰਗਾ ਲਗਦਾ। ਜਦ ਹੁਣ ਏਥੇ ਸਾਰਿਆਂ ਦਾ ਈ ਏਹੋ ਹਾਲ ਆ ਤਾਂ ਹੁਣ ਵਿਚਾਰੇ ਜਸਵੰਤ ਨੂੰ ਤੂੰ ਕੀ ਫਾਂਸੀ ਲਾ ਦੇਵੇਂਗਾ।"

"ਫਾਂਸੀ ਤਾਂ ਕੀ ਲਾਉਣੀ ਆਂ, ਆਪਣੀ ਮੌਜ ਕਰੇ। ਉਹਦੇ ਘਰਾਂ ਦਾ ਉਹਦੇ ਪੈਸੇ ਦਾ ਮੈਨੂੰ ਕੋਈ ਦੁੱਖ ਥੋੜ੍ਹੋ ਆ। ਪਹਿਲਾਂ ਪਹਿਲਾਂ ਮੈਂ

ਉਹਨੂੰ ਪਿੰਡ ਜ਼ਮੀਨ ਲੈਣ ਲਈ ਦੋ ਚਾਰ ਵਾਰ ਕਿਹਾ ਸੀ, ਉਹ ਨਹੀਂ ਆਖੇ ਲੱਗਾ, ਹਾਰ ਕੇ ਮੈਂ ਕਹਿਣੋ ਈ ਹਟ ਗਿਆ। ਮੈਂ ਤਾਂ ਬੱਸ ਹੁਣ ਏਨਾ ਕੁ ਚਾਹੁੰਨਾਂ ਪਈ ਆਪਣੀ ਮਾਂ ਨੂੰ ਕੋਲ ਰੱਖੇ, ਅੱਗੇ ਆਂਗ ਟੱਬਰ 'ਚ ਕਦੀ ਬੈਠਿਆ ਖੇਲ੍ਹਿਆ ਕਰੇ। ਸਭ ਕੁਛ ਹੁੰਦਿਆਂ-ਸੁੰਦਿਆਂ ਕਿਉਂ ਉਹ ਏਦਾਂ ਦਾ ਨਿਰਮੋਹਾ ਹੋ ਗਿਆ। ਏਸੇ ਗੱਲ ਦੀ ਸਮਝ ਨਈਂ ਲਗਦੀ।"

"ਇਹ ਸਮਝ ਲੱਗਣੀ ਵੀ ਨਈਂ। ਮੈਂ ਤਾਂ ਹਾਰ ਕੇ ਸੋਚਣਾ ਈ ਛੱਡ ਤਾ ਏਹਨਾਂ ਗੱਲਾਂ ਬਾਰੇ। ਮਨ ਨੂੰ ਬੜੀ ਸ਼ਾਂਤੀ ਆ ਹੁਣ। ਆਪਣੇ ਘਰ 'ਚ ਮੁੜ ਕੇ ਰਾਜੇ ਬਣੇ ਬੈਠੇ ਆਂ।"

"ਇਹ ਤਾਂ ਗੱਲ ਤੇਰੀ ਠੀਕ ਆ ਜਵਾਲਾ ਸਿਹਾਂ, ਸੱਚੀਂ ਮੈਂ ਹੁਣ ਘਰ ਨੂੰਹ ਦੇ ਹੱਥਾਂ ਵਲ ਈ ਦੇਖਦਾ ਰਹਿੰਨਾਂ ਪਈ ਕਦੋਂ ਪਕਾਉਂਦੀ ਆ।"

"ਤੈਨੂੰ ਅੱਗੇ ਵੀ ਕਿਹਾ ਤੇ ਹੁਣ ਵੀ ਸੁਣ ਲੈ, ਜਿੱਦਣ ਤੇਰਾ ਦਿਲ ਕਰੇ ਆਪਣੇ ਕੱਪੜੇ ਚੁੱਕ ਲਿਆਈਂ। ਆਹ ਮੇਰੇ ਆਲੇ ਬੈੱਡਰੂਮ ਵਿਚ ਵਥੇਰਾ ਥਾਂ ਆਂ, ਆਪਾਂ ਇਕ ਮੰਜਾ ਹੋਰ ਲਿਆ ਕੇ ਰੱਖ ਲਵਾਂਗੇ। ਜਦੋਂ ਤੇਰੀ ਸਿੰਘਣੀ ਕੈਲਗਰੀ ਤੋਂ ਮੁੜ ਆਈ ਰਾਮ ਨਾਲ ਆਪਣੀ ਕੋਈ ਬੇਸਮਿੰਟ ਕਰਾਏ 'ਤੇ ਲੈ ਕੇ ਰਹਿਣ ਲੱਗ ਪਿਓ, ਐਸ਼ ਕਰੋਂਗੇ। ਮੁੰਡਿਆਂ ਨੇ ਤਾਂ ਜੋ ਕੁਛ ਕਰਨਾ ਆ ਉਹੀ ਕਰਨਾ ਆ। ਨਾਲੇ ਤੈਨੂੰ ਸੱਚੀ ਦੱਸਾਂ, ਆਪਣੀ ਵੱਲੋਂ ਤਾਂ ਉਹ ਇਹ ਵੀ ਨਈਂ ਸਮਝਦੇ ਪਈ ਉਹ ਕੋਈ ਗਲਤ ਜਾਂ ਮਾੜੀ ਗੱਲ ਕਰਦੇ ਆ। ਮੈਂ ਵੀ ਪਹਿਲਾਂ ਪਹਿਲਾਂ ਤੇਰੇ ਆਂਗ ਆਪਣੇ ਮੁੰਡੇ 'ਤੇ ਬਹੁਤ ਖਿਝਦਾ ਹੁੰਦਾ ਸੀ। ਹੁਣ ਹੌਲੀ ਹੌਲੀ ਮੈਨੂੰ ਉਹਦੇ 'ਤੇ ਗੁੱਸਾ ਈ ਆਉਣੋਂ ਹਟ ਗਿਆ। ਹੁਣ ਉਹ ਕਦੀ ਕਦੀ ਆ ਕੇ ਮਿਲ ਵੀ ਜਾਂਦਾ ਆ, ਨਾਲੇ ਨਿਆਣਿਆਂ ਨੂੰ ਮਿਲਾ ਜਾਂਦਾ ਆ ਤੇ ਦਿਨ ਸੁਦ ਹੋਵੇ, ਮੈਂ ਵੀ ਚਲੇ ਜਾਨਾਂ ਆਂ। ਚਰਨ ਸਿੰਹਾਂ ਯਾਰ ਸਿੱਧੀ ਜਿਹੀ ਗੱਲ ਆ, ਜਦ ਆਪਣਾ ਕਮਾਉਣਾ ਆਪਣਾ ਖਾਣਾ, ਫੇਰ ਕਾਹਨੂੰ ਇਕ ਦੂਜੇ ਦੇ ਗਲ਼ 'ਚ ਗੂਠਾ ਦੇਈ ਰੱਖਣਾ। ਜੇ ਤਾਂ ਬਣਦੀ ਹੋਵੇ ਤਾਂ ਉਹਦੇ ਨਾਲ ਦੀ ਰੀਸ ਨਈਂ। ਸਾਡੇ ਤਾਂ ਮੁੰਡੇ ਦੀ ਮਾਂ ਦੀ ਤੇ ਵਹੁਟੀ ਦੀ ਪਹਿਲੇ ਦਿਨੋਂ ਈ ਨਈਂ ਸੀ ਬਣੀ। ਰੋਜ਼ ਦੇ ਕਲੇਸ਼ ਤੋਂ ਤੰਗ ਆ ਕੇ ਅਸੀਂ ਤਾਂ ਵੱਖ ਈ ਰਹਿਣ ਲੱਗ ਪਏ। ਜਿੰਨਾ ਚਿਰ ਉਹ ਜੀਂਦੀ ਰਹੀ ਬੜੀ ਸੁਹਣੀ ਲੰਘੀਂ ਗਈ। ਉਹਦੇ ਮਰਨ 'ਤੇ ਥੋੜ੍ਹੀ ਜਿਹੀ ਤੰਗੀ ਹੋਈ ਸੀ ਰੋਟੀ ਪਾਣੀ ਦੀ। ਮੈਂ ਮਹੀਨਾ ਕੁ ਮੁੰਡੇ ਨਾਲ ਰਿਹਾ ਸੀ। ਪਰ ਮੇਰਾ ਜੀਅ





ਈ ਨਈਂ ਲੱਗਾ ਉਹਨਾਂ ਨਾਲ। ਮੈਂ ਤਾਂ 'ਕੱਲ੍ਹਾ ਈ ਇਥੇ ਬੇਸਮਿੰਟ 'ਚ ਆ ਗਿਆ ਸੀ। ਫੇਰ ਆਹ ਪ੍ਰੀਤੂ ਨਾਲ ਰਹਿਣ ਲੱਗ ਪਿਆ। ਹੁਣ ਇਹਦੇ ਨਾਲ ਗੱਪਾਂ-ਛੱਪਾਂ ਮਾਰ ਕੇ ਘੜੀ ਲੰਘ ਜਾਂਦੀ ਆ। ਕਿਸੇ ਦੀ ਅੱਧੀ ਨਾ ਸਾਰੀ, ਆਪਣੀ ਮੌਜ ਕਰੀ ਦੀ ਆ।" ਜਵਾਲਾ ਸਿੰਘ ਨੇ ਰਸੋਈ ਦੀ ਬੱਤੀ ਬੁਝਾਉਦਿਆ ਤੇ ਆਪਣੇ ਕਮਰੇ ਵਲ ਨੂੰ ਜਾਂਦਿਆਂ ਕਿਹਾ ਸੀ।

ਜਵਾਲਾ ਸਿੰਘ ਨਾਲ ਕੀਤੀਆਂ ਗੱਲਾਂ ਬਾਰੇ ਸੋਚਦਿਆਂ ਚਰਨ ਸਿੰਘ ਨੇ ਇਕ ਵਾਰੀ ਫਿਰ ਬਾਹਰ ਬਰਫ ਵਲ ਦੇਖਿਆ। ਉਹਦਾ ਵੀ ਦਿਲ ਕੀਤਾ ਕਿ ਉਹ ਵੀ ਜਵਾਲਾ ਸਿੰਘ ਵਾਂਗ ਅੱਜ ਕੰਮ 'ਤੇ ਨਾ ਜਾਵੇ। ਫੇਰ ਉਹਨੇ ਸੋਚਿਆ ਪਈ ਅੱਜ ਸਨਿੱਚਰਵਾਰ ਆ, ਨੂੰਹ ਪੁੱਤ ਦੋਹਾਂ ਨੇ ਈ ਘਰ ਹੋਣਾਂ ਤੇ ਉਹਨੀਂ ਐਵੇਂ ਸਾਰੀ ਦਿਹਾੜੀ ਅੱਖਾਂ ਜਿਹੀਆਂ ਕੱਢੀ ਜਾਣੀਆਂ। ਉਹਨੇ ਜਵਾਲਾ ਸਿੰਘ ਦੀ ਆਖਰੀ ਗੱਲ ਬਾਰੇ ਫੇਰ ਸੋਚਿਆ। ਕਿਉਂ ਨਾ ਸੱਚੀਂ ਉਹ ਜਾ ਕੇ ਜਵਾਲਾ ਸਿੰਘ ਨਾਲ ਰਹਿਣ ਲੱਗ ਪਵੇ। ਜੇ ਉਹਦੇ ਜਾਣ ਦਾ ਜਸਵੰਤ ਨੂੰ ਕੋਈ ਦਰਦ ਹੋਊਗਾ ਤਾਂ ਆਪੇ ਉਹਦੀ ਮਿੰਨਤ ਕਰ ਕੇ ਲੈ ਆਵੇਗਾ। ਘੱਟੋ ਘੱਟ ਫੇਰ ਐਸ ਠੰਢੇ ਕਮਰੇ ਤੋਂ ਤਾਂ ਜਾਨ ਛੁੱਟੂਗੀ। ਪਰ ਫੇਰ ਉਹ ਇਹ ਸੋਚ ਕੇ ਕਿ 'ਆਪਣਾ ਘਰ ਕਿਤੇ ਏਦਾਂ ਛੱਡਿਆ ਜਾਂਦਾ ਆ', ਆਪ ਹੀ ਡਰ ਗਿਆ। ਉਸੇ ਵੇਲੇ ਉਹਦੇ ਮਨ ਵਿਚ ਦੂਜਾ ਖਿਆਲ ਆ ਗਿਆ, 'ਕੀ ਰੱਖਿਆ ਆ ਮੇਰਾ ਏਸ ਘਰ ਵਿਚ?' ਉਹਨੂੰ ਆਪਣਾ ਸਿਰ ਘੁੰਮਦਾ ਲੱਗਾ। ਉਹਨੇ ਸਿਰ ਚੁੱਕ ਕੇ ਕਲਾਕ ਵਲ ਦੇਖਿਆ।

ਪੂਰੇ ਪੰਜ ਵੱਜ ਗਏ ਸਨ। ਉਹਨੇ ਕਾਹਲੀ ਨਾਲ ਅਲਾਰਮ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਫੇਰ ਉਹਨੂੰ ਖਿਆਲ ਆਇਆ ਕਿ ਉਹਨੇ ਅਲਾਰਮ ਤਾਂ ਲਾਇਆ ਈ ਨਹੀਂ ਸੀ। ਉਹ ਹੌਲੀ ਹੌਲੀ ਰਜ਼ਾਈ ਪਰ੍ਹਾਂ ਕਰਕੇ ਮੰਜੇ 'ਚੋਂ ਨਿਕਲਿਆ। ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਜਿਸ ਤਰ੍ਹਾਂ ਉਹ ਕਦੀ ਸੁੱਤਾ ਹੀ ਨਹੀਂ ਹੁੰਦਾ। ਉਹਦਾ ਸਰੀਰ ਥਾਂ ਥਾਂ ਤੋਂ ਦੁਖ ਰਿਹਾ ਸੀ। ਉਹਨੇ ਮੰਜੇ ਲਾਗੇ ਪਈ ਆਪਣੀ ਪੈਂਟ ਪਾਉਣ ਲਈ ਚੁੱਕੀ। ਉਹ ਠੰਢ ਨਾਲ ਆਕੜੀ ਪਈ ਸੀ। ਕਮੀਜ਼ ਦਾ ਵੀ ਇਹੋ ਹਾਲ ਸੀ। ਫੇਰ ਉਹ ਹੌਲੀ ਹੌਲੀ ਬੂਹਾ ਖੋਲ੍ਹ ਕੇ ਬਾਥਰੂਮ ਗਿਆ। ਬਾਥਰੂਮ ਦਾ ਪਾਣੀ ਛੱਡਣ ਲੱਗੇ ਨੇ ਉਹਨੇ ਕਿਰਾਏਦਾਰ ਗੋਰੇ ਗੋਰੀ ਬਾਰੇ ਸੋਚਿਆ। ਪਤਾ ਨਈਂ ਉਹ ਘਰ ਆਏ ਵੀ ਸੀ ਜਾਂ ਨਈਂ। ਚਰਨ ਸਿੰਘ ਨੇ ਉਹਨਾਂ

ਦੀ ਕੋਈ ਬਿੜਕ ਨਹੀਂ ਸੀ ਸੁਣੀ। ਉਹਨੇ ਕਾਹਲੀ ਕਾਹਲੀ ਬੁਰਸ਼ ਕੀਤਾ ਤੇ ਗਰਮ ਪਾਣੀ ਛੱਡ ਕੇ ਚੰਗੀ ਤਰ੍ਹਾਂ ਮੂੰਹ ਧੋਤਾ। ਸਰੀਰ ਨਾਲ ਲਗਦਾ ਗਰਮ ਪਾਣੀ ਉਹਨੂੰ ਬਹੁਤ ਹੀ ਸੁਖਾਵਾਂ ਲੱਗਾ। ਉਹਦਾ ਦਿਲ ਕੀਤਾ ਕਿ ਸ਼ਾਵਰ ਲੈ ਲਵੇ। ਫੇਰ ਉਹਨੇ ਸੋਚਿਆ ਕਿ ਬਾਹਰ ਬਰਫ ਵਿਚ ਜਾਣਾ ਹੈ ਕਿਤੇ ਠੰਢ ਹੀ ਨਾ ਲੱਗ ਜਾਵੇ, ਨਾਲੇ ਉਹ ਸ਼ਾਵਰ ਨਾਲ ਹੋਣ ਵਾਲੇ ਖੜਾਕ ਤੋਂ ਵੀ ਡਰਦਾ ਸੀ। ਮੁੜ ਕੇ ਉਹ ਆਪਣੇ ਕਮਰੇ ਵਿਚ ਆ ਗਿਆ। ਮੰਜੇ 'ਤੇ ਬੈਠ ਕੇ ਉਹ ਜੁਰਾਬਾਂ ਪਾਉਣ ਲੱਗਾ। ਜੁਰਾਬਾਂ ਵੀ ਆਕੜੀਆਂ ਪਈਆਂ ਸਨ। ਜੁਰਾਬਾਂ ਦਾ ਅਕੜਾ ਜਿਹਾ ਭੰਨਦੇ ਉਹਦੇ ਹੱਥ ਇਕ ਪਲ ਰੁਕੇ। ਉਹਨੂੰ ਲੱਗਾ ਕਿਤੇ ਉਹ ਕੱਚ ਵਾਂਗ ਟੁੱਟ ਨਾ ਜਾਣ ਤੇ ਉਹਨਾਂ ਦੇ ਖੜਕੇ ਨਾਲ ਗੋਰਾ ਗੋਰੀ ਨਾ ਉੱਠ ਪੈਣ। ਫੇਰ ਆਪ ਈ ਏਸ ਗੱਲ 'ਤੇ ਅੰਦਰੋਂ ਹੱਸ ਜਿਹਾ ਪਿਆ। ਫੇਰ ਉਹਨੇ ਮੰਜੇ ਤੋਂ ਦੀ ਤਾਕੀ ਰਾਹੀਂ ਬਾਹਰ ਦੇਖਿਆ। ਬਰਫ ਨਾਲ ਸਭ ਕੁਝ ਚਿੱਟਾ ਹੋਇਆ ਪਿਆ ਸੀ। ਉਹਨੇ ਆਪਣੇ ਆਪ ਨੂੰ ਕਿਹਾ 'ਹਾਂ ਬਈ ਜਵਾਲਾ ਸਿੰਘ ਤਾਂ ਨਈਂ ਅੱਜ ਆਉਂਦਾ ਕੰਮ 'ਤੇ।' ਉਹਨੂੰ ਇਕ ਪਲ ਲਈ ਜਵਾਲਾ ਸਿੰਘ ਨਾਲ ਈਰਖਾ ਜਿਹੀ ਹੋਈ। ਤੇ ਉਹਦੇ ਮਨ ਵਿਚ ਆਇਆ ਕਿ ਉਹ ਵੀ ਜੇ ਅੱਜ ਕੰਮ ਤੇ ਨਾ ਜਾਵੇ ਤਾਂ ਕਿੰਨਾ ਚੰਗਾ ਹੋਵੇ। ਪਰ ਫੇਰ ਉਹਨੂੰ ਖਿਆਲ ਆਇਆ ਕਿ ਇਹ ਗੱਲ ਤਾਂ ਪਹਿਲਾਂ ਹੀ ਸੋਚ ਕੇ ਰੱਦ ਕਰ ਹਟਿਆ ਹੈ ਤੇ ਉਹਨੂੰ ਕੰਮ 'ਤੇ ਜਾਣਾ ਹੀ ਚਾਹੀਦਾ ਹੈ।

ਜੁਰਾਬਾਂ ਪਾ ਕੇ ਉਹਨੇ ਪਿੰਨੀਆਂ ਤਕ ਆਉਣ ਵਾਲੇ ਰਬੜੀ ਬੂਟ ਪਾ ਲਏ। ਕੰਧ 'ਚ ਗੱਡੀ ਮੇਖ ਤੋਂ ਉਹਨੇ ਆਪਣੀ ਪੱਗ ਲਾਹ ਕੇ ਕਾਹਲੀ ਨਾਲ ਲਪੇਟੀ। ਉਹਨੇ ਵੱਡੀ ਜੈਕਟ ਪਾ ਕੇ ਉਹਦੀ ਹੁੱਡ ਪੱਗ ਉੱਤੋਂ ਦੀ ਕਰ ਲਈ। ਕੰਧ ਨਾਲ ਪਈ ਆਪਣੀ ਲੰਚ ਵਾਲੀ ਬਿੱਲੀ ਚੁੱਕੀ ਜਿਹਦੇ ਵਿਚ ਉਹਦੀ ਨੂੰਹ ਨੇ ਰਾਤੀਂ ਹੀ ਆਂਡਿਆਂ ਦੀਆਂ ਦੋ ਸੈਂਡਵਿੱਚਾਂ, ਇਕ ਕੇਲਾ ਤੇ ਦੋ ਕੁ ਕੁੱਕੀਆਂ ਰੱਖ ਦਿੱਤੀਆਂ ਹੋਈਆਂ ਸਨ।

ਉਹਨੇ ਬੜੀ ਸਾਵਧਾਨੀ ਨਾਲ ਬਿਨਾਂ ਖੜਾਕ ਕਰਨ ਤੋਂ ਬੇਸਮਿੰਟ ਦੀ ਡੋਰ ਖੋਲ੍ਹੀ। ਬਾਹਰ ਨਿਕਲਦਿਆਂ ਹੀ ਉਸਦੇ ਪੈਰ ਫੁੱਟ ਫੁੱਟ ਬਰਫ ਵਿਚ ਧੱਸ ਗਏ। ਤਾਜ਼ੀ ਬਰਫ ਵਿਚ ਉਹਨੂੰ ਥੋੜ੍ਹਾ ਜ਼ੋਰ ਲਾ ਕੇ ਤੁਰਨਾ ਪਿਆ। ਘਰ ਦੇ ਪਾਸੇ ਤੋਂ ਦੀ ਹੋ ਕੇ ਉਹ ਹੌਲੀ ਹੌਲੀ ਸਾਹਮਣੀ ਸੜਕ 'ਤੇ ਪਹੁੰਚ ਗਿਆ।

ਸੜਕ ਦਾ ਮੋੜ ਮੁੜਨ ਤੋਂ ਪਹਿਲਾਂ ਉਹਨੇ ਇਕ ਵਾਰੀ ਮੁੜ ਕੇ





ਘਰ ਵਲ ਦੇਖਿਆ। ਘਰ ਦੀ ਛੱਤ ਉੱਪਰ ਤੇ ਆਸੇ-ਪਾਸੇ ਪਈ ਬਰਫ ਨਾਲ ਘਰ ਦਾ ਰੰਗ-ਰੂਪ ਹੋਰ ਵੀ ਉੱਘੜਿਆ ਲੱਗਾ। ਤੇ ਉਹਨੂੰ ਅਚਾਨਕ ਉਹ ਘਰ ਬਹੁਤ ਸੋਹਣਾ ਜਾਪਿਆ। ਘਰ ਦੇ ਸਨ-ਡੈੱਕ ਥੱਲੇ ਖੜ੍ਹੀਆਂ ਉਹਦੀ ਨੂੰਹ ਪੁੱਤ ਦੀਆਂ ਲਾਲ ਤੇ ਹਰੇ ਰੰਗ ਦੀਆਂ ਕਾਰਾਂ। ਦੂਰੋਂ ਦੇਖਿਆਂ ਉਹਨੂੰ ਘਰ ਸਵਰਗ ਦੀ ਕੋਈ ਚੀਜ਼ ਜਾਪੀ - ਉਹਦੀ ਪਹੁੰਚ ਤੋਂ ਪਰੇ ਦੀ ਕੋਈ ਚੀਜ਼।

ਅੰਦਰ ਦੇ ਜਜ਼ਬਾਤ ਨੂੰ ਦਬਾਉਂਦਿਆਂ ਉਹ ਝੱਟ ਹੀ ਮੂੰਹ ਮੋੜ ਕੇ ਬੱਸ ਅੱਡੇ ਵਲ ਨੂੰ ਤੁਰ ਪਿਆ। ਕੁਝ ਕਦਮ ਤੁਰ ਕੇ ਉਹ ਰੁਕ ਗਿਆ। ਫੇਰ ਉਹਨੇ ਆਪਣੀ ਲੰਚ ਵਾਲੀ ਬਿੱਲੀ ਇਕ ਪਲ ਲਈ ਬਰਫ 'ਤੇ ਰੱਖੀ ਅਤੇ ਜੈਕਟ ਦੀ ਹੁੱਡ ਦੇ ਥੱਲੇ ਆਪਣੀ ਪੱਗ ਠੀਕ ਕੀਤੀ।

ਉਹਨੇ ਘੁੰਮ ਕੇ ਸੜਕ ਦੇ ਦੂਜੇ ਪਾਸੇ ਨੂੰ ਵੇਖਿਆ। ਬਰਫ ਨਾਲ ਸਭ ਕੁਝ ਚਿੱਟਾ ਹੋਇਆ ਪਿਆ ਸੀ। ਤੇ ਬਿਜਲੀ ਦੀ ਰੌਸ਼ਨੀ ਵਿਚ ਬਰਫ ਚਮਕਦੀ ਉਹਨੂੰ ਸੋਹਣੀ ਲੱਗੀ। ਉਹ ਪਲ ਕੁ ਉੱਥੇ ਖੜ੍ਹਾ ਸੋਚਦਾ ਰਿਹਾ ਤੇ ਬਰਫ ਵਲ ਦੇਖਦਾ ਰਿਹਾ।

ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ ਕਿ ਉਹਨੇ ਬਿੱਲੀ ਚੁੱਕ ਕੇ ਕੱਛੇ ਮਾਰੀ ਤੇ ਇਕ ਵਾਰੀ ਮੁੜ ਕੇ ਆਪਣੇ ਘਰ ਵਲ ਨੂੰ ਦੇਖਿਆ। ਉੱਧਰ ਨੂੰ ਦੇਖਦਿਆਂ ਉਹਨੇ ਸਿਰ ਨੂੰ ਝਟਕਾ ਜਿਹਾ ਦਿੱਤਾ। ਬੱਸ ਦੀ ਉਡੀਕ ਕਰਨ ਦੀ ਬਜਾਏ ਉਹ ਜਵਾਲਾ ਸਿੰਘ ਦੇ ਘਰ ਵੱਲ ਨੂੰ ਤੁਰ ਪਿਆ ਜੋ ਉੱਥੋਂ ਮੀਲ ਕੁ ਦੀ ਵਿੱਥ 'ਤੇ ਸੀ।

ਆਪਣੇ ਇਸ ਅਜੀਬ ਫੈਸਲੇ ਨਾਲ ਉਹਨੇ ਅਚਾਨਕ ਆਪਣੇ ਆਪ ਨੂੰ ਫੁੱਲ ਵਰਗਾ ਹੌਲਾ ਤੇ ਆਸਮਾਨ ਵਿਚ ਉੱਡਦੇ ਪੰਛੀ ਵਾਂਗ ਆਜ਼ਾਦ ਮਹਿਸੂਸ ਕੀਤਾ। ਬਰਫ 'ਚ ਤੁਰਦਿਆਂ ਹੁਣ ਉਹਨੂੰ ਪੈਰਾਂ ਥੱਲੇ ਆ ਰਹੀ ਬਰਫ ਦੀ ਕਿਰਚ ਕਿਰਚ ਦੀ ਆਵਾਜ਼ ਬੜੀ ਸੁਖਾਵੀਂ ਲੱਗਣ ਲੱਗੀ। ਅੱਧਾ ਕੁ ਬਲਾਕ ਜਾ ਕੇ ਉਹਨੇ ਇਕ ਵਾਰੀ ਪਿਛਾਂਹ ਮੁੜ ਕੇ ਦੇਖਿਆ। ਉਹਨੂੰ ਆਪਣੇ ਪੈਰਾਂ ਨਾਲ ਬਰਫ ਦੀ ਪੱਧਰੀ ਹਿੱਕ 'ਤੇ ਪਈ ਪੈੜ ਦੇਖ ਕੇ ਨਿਆਣਿਆਂ ਵਾਂਗ ਖੁਸ਼ੀ ਜਿਹੀ ਮਹਿਸੂਸ ਹੋਈ। ਤੇ ਫੇਰ ਉਹ ਲੰਬੀਆਂ ਲੰਬੀਆਂ ਪੁਲਾਂਘਾ ਭਰ ਕੇ ਤੁਰਨ ਲੱਗਾ। ●○●

# ਅੰਤਿਕਾ - 1

(ਇਹ ਸੂਚੀ ਵਤਨੋਂ ਦੂਰ, ਵਤਨ, ਸੰਵਾਦ, ਆਰ ਪਾਰ, ਨਵਰੰਗ, ਦਰਪਣ, ਕਲਮ, ਰਚਨਾ ਅਤੇ ਸ਼ੇਰੇ ਪੰਜਾਬ ਰਸਾਲਿਆਂ ਵਿਚ ਛਪੀਆਂ ਕਹਾਣੀਆਂ 'ਤੇ ਅਧਾਰਿਤ ਹੈ। - ਸੰਪਾਦਕ)

| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਉਂਕਾਰਪ੍ਰੀਤ ਸਿੰਘ | ਮਲਬਾ | ਵਤਨ | ਜਨਵਰੀ/ਫਰਵਰੀ/ਮਾਰਚ, 1994 |
| | ਉਜੜੀਆਂ ਬਰੂਹਾਂ | ਆਰ-ਪਾਰ | ਜੁਲਾਈ/ਅਗਸਤ, 1994 |
| ਉਸ਼ਮਾ ਵਾਲਾ | ਮੇਰੇ ਨਾਲ ਹੀ ਕਿਉਂ? | ਆਰ-ਪਾਰ | ਫਰਵਰੀ, 1995 |
| ਅਜਮੇਰ ਰੋਡੇ | ਨੰਬਰ ਵੰਨ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਸੈਰ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| ਅਜਾਇਬ ਟੱਲੇਵਾਲੀਆ | ਕਦੋਂ ਤੱਕ? | ਵਤਨੋਂ ਦੂਰ | ਸਤੰਬਰ/ਦਸੰਬਰ, 1983 |
| ਅਮਨਪਾਲ ਸਾਰਾ | ਮਰਗਰੀਤਾ | ਵਤਨ | ਅਕਤੂਬਰ/ਨਵੰਬਰ/ਦਸੰਬਰ, 1990 |
| | ਸਰਦ ਰਿਸ਼ਤੇ | ਵਤਨ | ਅਪ੍ਰੈਲ/ਮਈ/ਜੂਨ, 1991 |
| | ਮਕਸਦ | ਵਤਨ | ਜਨਵਰੀ/ਫਰਵਰੀ/ਮਾਰਚ, 1992 |
| | ਪੰਜ ਕਲਿਆਣੀ | ਵਤਨ | ਜੁਲਾਈ/ਅਗਸਤ/ਸਤੰਬਰ, 1992 |
| | ਰੂਹ ਦੀ ਸਾਂਝ | ਵਤਨ | ਜੁਲਾਈ/ਅਗਸਤ/ਸਤੰਬਰ, 1993 |
| ਅਮਰਜੀਤ ਸਿੰਘ ਡਾ: | ਸਤੀ | ਸੰਵਾਦ | ਨਵੰਬਰ, 1990 |
| ਅਮਰਜੀਤ ਚਾਹਲ | ਗਰੀਨ ਚੇਨ | ਵਤਨੋਂ ਦੂਰ | ਜੂਨ, 1974 |
| | ਹੈਮਬਰਗਰ | ਵਤਨੋਂ ਦੂਰ | ਅਕਤੂਬਰ, 1974 |
| | ਰੱਖੜੀ (ਮਿੰਨੀ ਕਹਾਣੀ) | ਵਤਨੋਂ ਦੂਰ | ਜੁਲਾਈ, 1975 |
| | ਉਹ ਸੋਚਦੀ | ਵਤਨੋਂ ਦੂਰ | ਅਕਤੂਬਰ, 1977 |
| | ਆਵਾਜ਼ ਸਾਫ ਹੋ ਗਈ | ਵਤਨੋਂ ਦੂਰ | ਜਨਵਰੀ/ਫਰਵਰੀ, 1978 |
| | ਕਾਰ | ਵਤਨੋਂ ਦੂਰ | ਅਪ੍ਰੈਲ, 1978 |
| | ਆਖ਼ਰੀ ਦਿਨ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | | ਨਵਰੰਗ | ਅਕਤੂਬਰ, 1981 |
| | ਇਹ ਗੱਲ...ਉਹ ਗੱਲ | ਵਤਨੋਂ ਦੂਰ | ਜਨਵਰੀ/ਫਰਵਰੀ, 1979 |
| | ਮੁੱਖੜਾ ਚੰਨ ਵਰਗਾ | ਵਤਨੋਂ ਦੂਰ | ਜੁਲਾਈ, 1979 |
| | | ਨਵਰੰਗ | ਅਕਤੂਬਰ/ਨਵੰਬਰ, 1982 |
| | ਅਹਿਸਾਸ | ਵਤਨੋਂ ਦੂਰ | ਸਤੰਬਰ, 1979 |
| | ਸਿੱਧੀ ਗੱਲ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਕੋਈ ਇਕ ਪੰਜਾਬੀ ਡਾਕਟਰ | ਦਰਪਣ | ਜੁਲਾਈ/ਸਤੰਬਰ, 1981 |
| | ਅਜੀਬ ਗੱਲ | ਵਤਨੋਂ ਦੂਰ | ਮਾਰਚ/ਅਪ੍ਰੈਲ, 1982 |
| | ਰੰਗਦਾਰ ਪ੍ਰੋਗਰਾਮ | ਵਤਨੋਂ ਦੂਰ | ਜੁਲਾਈ/ਅਗਸਤ, 1983 |

## ਅੰਤਿਕਾ - 1

| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਅਵਤਾਰ ਗਿੱਲ | ਜਦੋਂ ਖੜਕਣ ਲੱਗੀ | ਵਤਨੋਂ ਦੂਰ | ਅਗਸਤ, 1977 |
| | ਜਵਾਬ | ਵਤਨੋਂ ਦੂਰ | ਦਸੰਬਰ, 1977 |
| | ਘਾਲਾ ਮਾਲਾ | ਵਤਨੋਂ ਦੂਰ | ਜੂਨ, 1978 |
| | ਪਟਾਕਾ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਸੱਤੀ ਵੀਹੀ ਸੌ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਜਦੋਂ ਆਪਣੇ ਘਰ ਲੱਗੇ | ਵਤਨੋਂ ਦੂਰ | ਮਾਰਚ/ਅਪ੍ਰੈਲ, 1985 |
| | ਸੰਨ ਸੰਤਾਲੀ | ਵਤਨੋਂ ਦੂਰ | ਮਈ/ਜੂਨ/ਜੁਲਾਈ, 1985 |
| | ਵੰਡ ਫਕਟੇ | ਵਤਨੋਂ ਦੂਰ | ਜੁਲਾਈ/ਅਗਸਤ/ਸਤੰਬਰ, 1985 |
| | ਚਮਤਕਾਰ | ਵਤਨੋਂ ਦੂਰ | ਜਨਵਰੀ/ਫਰਵਰੀ, 1986 |
| ਇੰਦਰਜੀਤ ਰੋਡੇ | ਰਹਿੰਦੀ ਕਸਰ (ਮਿੰਨੀ ਕਹਾਣੀ) | ਵਤਨੋਂ ਦੂਰ | ਮਾਰਚ/ਅਪ੍ਰੈਲ, 1982 |
| ਸੰਤੋਖ ਢੀਨਾ | ਵੀਹ ਹਜ਼ਾਰ ਦੀ ਜ਼ਮਾਨਤ | ਵਤਨੋਂ ਦੂਰ | ਜੁਲਾਈ/ਅਗਸਤ, 1981 |
| ਸਾਧੂ | ਅਮਾਨਤ | ਵਤਨੋਂ ਦੂਰ | ਜੂਨ, 1974 |
| | | ਨਵਰੰਗ | ਅਕਤੂਬਰ, 1981 |
| | ਕੁਰਬਾਨੀ | ਵਤਨੋਂ ਦੂਰ | ਅਕਤੂਬਰ, 1974 |
| | ਮੂਸਾ ਭੱਜਿਆ ਮੌਤ ਤੋਂ | ਵਤਨੋਂ ਦੂਰ | ਦਸੰਬਰ, 1974 |
| | ਜੈਲੀ | ਵਤਨੋਂ ਦੂਰ | ਅਗਸਤ, 1977 |
| | ਸਵਾਗਤੀ ਭਾਸ਼ਨ | ਵਤਨੋਂ ਦੂਰ | ਨਵੰਬਰ, 1977 |
| | ਅਸ਼ੀਰਵਾਦ | ਵਤਨੋਂ ਦੂਰ | ਮਾਰਚ, 1978 |
| | ਜੁੱਤੀ ਦੇ ਯਾਰ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਸਿਰ ਦਾ ਭਾਰ | ਵਤਨੋਂ ਦੂਰ | ਨਵੰਬਰ/ਦਸੰਬਰ, 1978 |
| | ਮੁੱਠੀ ਦਾ ਰੇਤਾ | ਵਤਨੋਂ ਦੂਰ | ਅਗਸਤ, 1979 |
| | ਦੁਕਾਨਦਾਰ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਰਾਖੇ | ਵਤਨੋਂ ਦੂਰ | ਜੁਲਾਈ/ਅਗਸਤ, 1981 |
| | ਫੌਜੀ ਬੰਤਾ ਸਿੰਘ | ਵਤਨੋਂ ਦੂਰ | ਮਈ/ਜੂਨ, 1982 |
| | ਜੱਟ ਦਾ ਪੁੱਤ | ਵਤਨੋਂ ਦੂਰ | ਜਨਵਰੀ/ਫਰਵਰੀ, 1983 |
| | ਬਾਰਾਂ ਵੱਜਣ ਤੋਂ ਪਹਿਲਾਂ | ਵਤਨ | ਜੁਲਾਈ/ਅਗਸਤ/ਸਤੰਬਰ, 1990 |
| | ਬਰਫ ਦਾ ਗੀਤ | ਵਤਨ | ਜਨਵਰੀ/ਫਰਵਰੀ/ਮਾਰਚ, 1993 |
| ਸਾਧੂ ਸਿੰਘ | ਪੁਰਸਲਾਤ | ਵਤਨ | ਅਕਤੂਬਰ/ਨਵੰਬਰ/ਦਸੰਬਰ, 1994 |
| | ਦਫਾ-188 | ਵਤਨ | ਜੁਲਾਈ/ਦਸੰਬਰ, 1994 |
| ਸਤਿਪਾਲ ਗਿੱਲ | ਰਿਸ਼ਤੇ | ਆਰ-ਪਾਰ | ਮਾਰਚ, 1995 |
| | ਹੈਪੀ ਮਦਰਜ਼ ਡੇਅ | ਆਰ-ਪਾਰ | ਅਗਸਤ, 1995 |
| ਸੁਖਜੀਤ ਸਿੰਘ ਲਹਿਲ | ਪ੍ਰਦੇਸਣ | ਆਰ-ਪਾਰ | ਜੂਨ, 1995 |
| ਸੁਖਦੇਵ ਫਲੌਰਾ | ਸੱਭ ਕੁੱਝ ਟੁੱਟ ਗਿਆ | ਵਤਨੌਂ ਦੂਰ | ਜੁਲਾਈ/ਅਗਸਤ, 1978 |



## ਅੰਤਿਕਾ - 1

| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਸੁਖਵੰਤ ਹੁੰਦਲ | ਜ਼ਮੀਰ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਪ੍ਰਦੇਸੀ | ਵਤਨੋਂ ਦੂਰ | ਜਨਵਰੀ/ਫਰਵਰੀ, 1979 |
| | ਆਸ | ਵਤਨੋਂ ਦੂਰ | ਜੁਲਾਈ, 1979 |
| | ਸਪੇਰੇ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਲੋਕ ਸੇਵਾ (ਮਿੰਨੀ ਕਹਾਣੀ) | ਵਤਨੋਂ ਦੂਰ | ਮਈ/ਜੂਨ, 1980 |
| | ਜੂਠੀ ਪਲੇਟ | ਵਤਨੋਂ ਦੂਰ | ਨਵੰਬਰ/ਦਸੰਬਰ, 1981 |
| ਸੁਖਿੰਦਰ | ਗਾਉਣ ਵਾਲੇ ਕੁੱਤੇ | ਸੰਵਾਦ | ਜੁਲਾਈ, 1989 |
| | ਈਥੋਪੀਆ | ਸੰਵਾਦ | ਮਾਰਚ, 1990 |
| | ਯਕੀਨ | ਸੰਵਾਦ | ਜੂਨ, 1990 |
| ਸੁਰਜੀਤ ਕਲਸੀ | ਧਾਗਿਆਂ 'ਚ ਜਕੜੀ... | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਦੁੱਖੜਾ ਕਾਸੇ ਕਹੂੰ | ਵਤਨੋਂ ਦੂਰ | ਜੁਲਾਈ/ਅਗਸਤ, 1980 |
| | ਮੁਲਤਵੀ ਕੀਤਾ ਜਿਊਣਾ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਦਹਿਲੀਜ਼ ਦੇ ਅੰਦਰ | ਸੰਵਾਦ | ਜੂਨ, 1990 |
| | ਸ਼ੱਕ ਦਾ ਡੰਗ | ਵਤਨ | ਅਪ੍ਰੈਲ/ਮਈ/ਜੂਨ, 1992 |
| | ਮੇਲੋ ਦੀ ਕਹਾਣੀ | ਸੰਵਾਦ | ਸਤੰਬਰ, 1995 |
| ਸੁਰਿੰਦਰ ਧੰਜਲ | ਬਗਲੇ ਭਗਤ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਸੂਫੀ ਅਮਰਜੀਤ | ਸਮੇਂ ਦੇ ਬੇਲਣੇ ਵਿਚ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਸ਼ਮਸ਼ੇਰ ਭੱਟੀ | ਅੰਤਰ | ਵਤਨੋਂ ਦੂਰ | ਮਈ/ਜੂਨ, 1979 |
| | ਚਰਵਾਹੇ | ਵਤਨੋਂ ਦੂਰ | ਅਕਤੂਬਰ, 1979 |
| | ਸਵਾ ਲੱਖ ਦਾ ਕੁਸ਼ਗਨ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਸੱਖਣਾ ਦਿਲ | ਵਤਨੋਂ ਦੂਰ | ਮਾਰਚ/ਅਪ੍ਰੈਲ, 1981 |
| ਹਰਕੰਵਲਜੀਤ | ਵਿਤਕਰਾ (ਮਿੰਨੀ ਕਹਾਣੀ) | ਵਤਨ | ਜਨਵਰੀ/ਫਰਵਰੀ/ਮਾਰਚ, 1992 |
| ਹਰਪ੍ਰੀਤ ਸੇਖਾ | ਵੱਧਦੇ ਕਦਮ | ਵਤਨ | ਅਪ੍ਰੈਲ/ਮਈ/ਜੂਨ, 1990 |
| | ਮੈਂ ਵਿਕਾਊ ਨਹੀਂ | ਵਤਨ | ਜਨਵਰੀ/ਫਰਵਰੀ/ਮਾਰਚ, 1991 |
| | ਪੰਜ ਡਾਲਰ ਦਾ ਨੋਟ | ਵਤਨ | ਅਪ੍ਰੈਲ/ਮਈ/ਜੂਨ, 1992 |
| | ਵਿਚਕਾਰਲੀ ਸੜਕ | ਵਤਨ | ਜਨਵਰੀ/ਫਰਵਰੀ/ਮਾਰਚ, 1993 |
| | ਸਭਿਆਚਾਰ ਦੇ ਰਖਵਾਲੇ | ਵਤਨ | ਅਪ੍ਰੈਲ/ਮਈ/ਜੂਨ, 1994 |
| ਹਰਬੰਸ ਬਰਾੜ | ਚਾਰ ਮੁੱਠਾਂ ਮਿੱਟੀ ਦੀਆਂ | ਵਤਨੋਂ ਦੂਰ | ਸਤੰਬਰ/ਅਕਤੂਬਰ, 1984 |
| ਹਰਭਜਨ ਹਾਂਸ | ਦੁੱਲਾ | ਵਤਨ | ਜੁਲਾਈ/ਅਗਸਤ/ਸਤੰਬਰ, 1990 |
| | ਚਕ੍ਰਵਿਯੂ | ਕਲਮ | ਅਕਤੂਬਰ, 1987 |
| ਹਰਿੰਦਰ ਗਰੇਵਾਲ | ਚਾਲ ਚਲਣ | ਵਤਨੋਂ ਦੂਰ | ਸਤੰਬਰ, 1978 |

## ਅੰਤਿਕਾ - 1

| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਹਰੀ ਪਾਲ | ਘਰੋਂ ਬੇ-ਘਰੇ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਸਦਾ ਨਹੀਂ ਇਵੇਂ ਹੁੰਦਾ ਰਹੇਗਾ | ਵਤਨੋਂ ਦੂਰ | ਜੁਲਾਈ/ਅਗਸਤ, 1983 |
| ਕਮਲ ਕੌਰ | ਅੰਰਤ ਅਤੇ ਅੰਰਤ | ਆਰ-ਪਾਰ | ਜੁਲਾਈ/ਅਗਸਤ, 1994 |
| | ਕੈਂਪ | ਸੰਵਾਦ | ਨਵੰਬਰ/ਦਸੰਬਰ, 1994 |
| ਕਰਮਜੀਤ ਘੁਮਾਣ | ਸੁੰਨਾ-ਖਿਆਲ | ਵਤਨੋਂ ਦੂਰ | ਸਤੰਬਰ, 1977 |
| | ਰਿਸ਼ਤੇਦਾਰੀ ਦਾ ਮਾਮਲਾ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਕਿਰਪਾਲ ਸਿੰਘ ਪੰਨੂ | ਚਮਤਕਾਰ | ਆਰ-ਪਾਰ | ਜੁਲਾਈ, 1995 |
| | ਤੇ ਉਹ ਗਾਉਂਦੀ ਰਹੀ | ਆਰ-ਪਾਰ | ਸਤੰਬਰ, 1996 |
| ਕੁਲਵੰਤ ਸਰੋਤਾ | ਕਾਨੂੰਨ ਦੀ ਉਲੰਘਣਾ | ਵਤਨੋਂ ਦੂਰ | ਅਕਤੂਬਰ, 1978 |
| | ਦਿਹਾੜੀਦਾਰ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| ਕੁਲਵਿੰਦਰ ਖਹਿਰਾ | ਲਹੂ ਦਾ ਰੰਗ | ਆਰ-ਪਾਰ | ਜੁਲਾਈ, 1995 |
| ਕੇਸਰ ਸਿੰਘ ਨਾਵਲਿਸਟ | ਸਵੈਰਾਜ | ਵਤਨੋਂ ਦੂਰ | ਜੁਲਾਈ, 1977 |
| | ਲਿੰਡਾ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਫਰੈਂਡ ਕਿ ਸੂਜ਼ਨ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਰੈੱਡ | ਵਤਨੋਂ ਦੂਰ | ਜਨਵਰੀ/ਫਰਵਰੀ, 1982 |
| | ਪੁਲੀਟੀਕਲ ਅਸਾਇਲਮ | ਵਤਨੋਂ ਦੂਰ | ਮਈ/ਜੂਨ, 1983 |
| | ਡੈੱਥ ਸਰਟੀਫੀਕੇਟ | ਵਤਨੋਂ ਦੂਰ | ਜੁਲਾਈ/ਅਗਸਤ, 1983 |
| ਕੇਸਰ ਬਾਂਸਲ | ਅਖਬਾਰ | ਸ਼ੇਰੇ-ਪੰਜਾਬ | ਸਤੰਬਰ, 1982 |
| ਗੁਰਜੀਤ ਸਿੰਘ ਸਾਂਗਰਾ | ਸੰਜੋਗ | ਰਚਨਾ | ਸਤੰਬਰ, 1981 |
| ਗੁਰਮੀਤ ਸਿੰਘ ਟਿਵਾਣਾ | ਪਾਲਸ਼ | ਆਰ-ਪਾਰ | ਜੁਲਾਈ, 1996 |
| ਚਰਨਪ੍ਰੀਤ ਕੌਰ ਰੰਧਾਵਾ | ਦੁੱਖ ਕੋਈ ਨਹੀਂ ਪਰ ਦਰਦ ਕਿਤੇ ਕੋਈ ਹੈ | ਵਤਨ | ਜਨਵਰੀ/ਫਰਵਰੀ/ਮਾਰਚ, 1993 |
| ਜਸਬੀਰ ਗੁਰਮ | ਉਹ (ਮਿੰਨੀ ਕਹਾਣੀ) | ਵਤਨੋਂ ਦੂਰ | ਜੁਲਾਈ, 1974 |
| ਜਸਵਿੰਦਰ ਭੰਗੂ | ਦੋ ਪੰਜਾਬੀ ਕਨੇਡਾ ਵਿਚ | ਵਤਨੋਂ ਦੂਰ | ਜਨਵਰੀ, 1974 |
| ਜਗਜੀਤ ਸਿੱਧੂ | ਇਹ ਫੁੱਲ ਮੇਰਾ ਸੀ (ਮਿੰਨੀ ਕਹਾਣੀ) | ਵਤਨੋਂ ਦੂਰ | ਜਨਵਰੀ 1974 |
| ਜਗਦੇਵ ਜਟਾਣਾਂ | ਇਹ ਸਮਾਂ ਉਹ ਸਮਾਂ (ਮਿੰਨੀ ਕਹਾਣੀ) | ਵਤਨੋਂ ਦੂਰ | ਮਈ/ਜੂਨ, 1980 |
| | ਹਮਦਰਦ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਤੁਸੀਂ ਝੂਠੇ ਹੋ | ਵਤਨੋਂ ਦੂਰ | ਜਨਵਰੀ/ਫਰਵਰੀ, 1984 |
| | ਹੈਂਕੜ ਬਾਜ | ਦਰਪਣ | ਜੁਲਾਈ/ਸਤੰਬਰ, 1981 |
| | ਆਪਣਾ ਘਰ | ਤਮੰਨਾ | ਅਗਸਤ, 1993 |





| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਜਰਨੈਲ ਸਿੰਘ | ਜੰਗ ਬਨਾਮ ਜੰਗ | ਵਤਨ | ਅਪ੍ਰੈਲ/ਮਈ/ਜੂਨ, 1993 |
| | ਪਛਾਣ | ਵਤਨ | ਅਪ੍ਰੈਲ/ਮਈ/ਜੂਨ, 1994 |
| | | ਆਰ-ਪਾਰ | ਸਤੰਬਰ, 1996 |
| | ਸਮੇਂ ਦੇ ਹਾਣੀ | ਆਰ-ਪਾਰ | ਅਪ੍ਰੈਲ, 1995 |
| ਜਰਨੈਲ ਸਿੰਘ (ਚੰਦੀ) | ਪੰਜ-ਹਜਾਰੀ ਸੂਟ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਜਰਨੈਲ ਸਿੰਘ ਗਰਚਾ | ਧੀਆਂ ਕਿਉਂ ਜੰਮੀਆਂ ਨੀ ਮਾਏ | ਆਰ-ਪਾਰ | ਨਵੰਬਰ, 1994 |
| | ਮਹਾਂ ਪੁਰਖ | ਆਰ-ਪਾਰ | ਮਾਰਚ, 1995 |
| | ਖੜਸੌਕੜ ਰੁੱਖ | ਆਰ-ਪਾਰ | ਮਈ, 1995 |
| | ਹੀਰਾ | ਆਰ-ਪਾਰ | ਜੂਨ, 1996 |
| ਜੀ. ਐਸ. ਗਿੱਲ | ਕਲਾਕਾਰ | ਵਤਨੋਂ ਦੂਰ | ਜਨਵਰੀ, 1974 |
| ਜੋਹ ਜਾਂਗਪੁਰੀ | ਵੀਕਐਂਡ | ਵਤਨੋਂ ਦੂਰ | ਜਨਵਰੀ/ਫਰਵਰੀ, 1981 |
| ਤਾਰਾ ਸਿੰਘ ਹੇਅਰ | ਜੈ ਜਵਾਨ! ਜੈ ਕਿਸਾਨ | ਵਤਨੋਂ ਦੂਰ | ਜਨਵਰੀ, 1974 |
| | ਗਵਾਂਢੀ | ਵਤਨੋਂ ਦੂਰ | ਸਤੰਬਰ, 1975 |
| | ਕੁਲਸ਼ੇਤਰ | ਵਤਨੋਂ ਦੂਰ | ਨਵੰਬਰ, 1975 |
| | ...ਤੇ ਸਿਵਾ ਬਲਦਾ ਰਿਹਾ | ਵਤਨੋਂ ਦੂਰ | ਜੁਲਾਈ, 1976 |
| ਤੇਜ ਭੱਮੀਪੁਰੀ | ਕੌੜਾ ਸੱਚ | ਵਤਨੋਂ ਦੂਰ | ਜੁਲਾਈ, 1974 |
| | ਵਫਾ ਲੀਰੋ ਲੀਰ | ਵਤਨੋਂ ਦੂਰ | ਨਵੰਬਰ, 1974 |
| | ਕੀੜਿਆਂ ਦੇ ਭੌਣ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਤੇਜ ਸੰਧੂ | ਇੱਜ਼ਤ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਕੈਨੇਡਾ ਫੇਰੀ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਆਵਦੀ ਲੀਹ | ਵਤਨੋਂ ਦੂਰ | ਜਨਵਰੀ/ਫਰਵਰੀ, 1983 |
| | ਜ਼ੈਲਦਾਰੀ | ਵਤਨੋਂ ਦੂਰ | ਜੁਲਾਈ/ਅਗਸਤ, 1983 |
| | ਕਲਯੁੱਗ | ਵਤਨੋਂ ਦੂਰ | ਸਤੰਬਰ/ਦਸੰਬਰ, 1983 |
| | ਮਾਣਸ ਕੀ ਜਾਤਿ, ਸਭੈ ਏਕੋ ਪਹਿਚਾਨਵੋ | ਵਤਨੋਂ ਦੂਰ | ਜੁਲਾਈ/ਅਗਸਤ, 1984 |
| | ਮਜ਼ਬੂਰੀ | ਵਤਨੋਂ ਦੂਰ | ਜੁਲਾਈ/ਅਗਸਤ/ਸਤੰਬਰ, 1985 |
| ਦਰਸ਼ਨ ਬੈਂਸ | ਪ੍ਰੈਜ਼ੀਡੈਂਟ ਦੀ ਚੋਣ | ਵਤਨੋਂ ਦੂਰ | ਅਪ੍ਰੈਲ, 1975 |
| | ਪਤਾ ਨਹੀਂ ਕੌਣ | ਵਤਨੋਂ ਦੂਰ | ਜੁਲਾਈ, 1975 |
| | ਚਾਨਣ ਹੋ ਗਿਆ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਦਵਿੰਦਰ ਸਿੰਘ ਸਰਾਂ | ਗਿਰਝਾਂ | ਵਤਨੋਂ ਦੂਰ | ਨਵੰਬਰ/ਦਸੰਬਰ, 1980 |
| | ਅਸੀਂ ਕਾਹਦੇ ਲਈ ਹਾਂ? | ਸ਼ੇਰੇ-ਪੰਜਾਬ | ਸਤੰਬਰ, 1982 |
| ਦਾਰਾ ਸਿੰਘ ਸੰਘਾ | ਜੇ ਉਹ ਡਾਕੂ ਹੁੰਦੇ (ਮਿੰਨੀ ਕਹਾਣੀ) | ਵਤਨੋਂ ਦੂਰ | ਮਈ/ਜੂਨ, 1979 |

| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਦੇਵ ਜਟਾਣਾਂ | ਚਾਚੀ | ਵਤਨੋਂ ਦੂਰ | ਮਾਰਚ, 1978 |
| | ਸੱਧਰਾਂ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਕਾਤਿਲ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| | ਮੁਕਤੀ | ਵਤਨੋਂ ਦੂਰ | ਜੁਲਾਈ/ਅਗਸਤ, 1983 |
| ਦੇਵਿੰਦਰ ਸੇਖੋਂ | ਸਮੇਂ ਦਾ ਵਿਓ | ਵਤਨੋਂ ਦੂਰ | ਮਈ/ਜੂਨ, 1983 |
| | ਫ਼ੈਸਲਾ ਹੋਣ ਤੱਕ | ਵਤਨੋਂ ਦੂਰ | ਜੁਲਾਈ/ਅਗਸਤ, 1983 |
| | ਇੱਕ ਪਹੀਏ ਵਾਲੀ ਗੱਡੀ | ਵਤਨੋਂ ਦੂਰ | ਸਤੰਬਰ/ਅਕਤੂਬਰ, 1984 |
| | ਬਘਿਆੜ | ਵਤਨੋਂ ਦੂਰ | ਮਾਰਚ/ਅਪ੍ਰੈਲ, 1985 |
| ਪਰਮਜੀਤ | ਖੁਸ਼ੀ | ਵਤਨੋਂ ਦੂਰ | ਜਨਵਰੀ/ਫਰਵਰੀ, 1979 |
| | ਸ਼ਸ਼ੀ | ਵਤਨੋਂ ਦੂਰ | ਜੁਲਾਈ, 1979 |
| | ਨਹੀਂ ਲੱਭਣੇ ਲਾਲ ਗੁਆਚੇ | ਵਤਨੋਂ ਦੂਰ | ਨਵੰਬਰ/ਦਸੰਬਰ, 1979 |
| ਪਰਮਜੀਤ ਕੌਰ ਮੋਮੀ | ਕੰਮੋ | ਆਰ-ਪਾਰ | ਜੁਲਾਈ, 1996 |
| ਪਾਲ ਧਾਰੀਵਾਲ | ਜ਼ਹਿਰੀ ਨਾਗ | ਵਤਨੋਂ ਦੂਰ | ਜੁਲਾਈ, 1974 |
| ਪ੍ਰਸ਼ਵੰਤ ਰਾਏ | ਸੀਤੀ | ਸੰਵਾਦ | ਫਰਵਰੀ, 1993 |
| ਬੁੱਕਨ | ਬਦਲਾ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਬਖਤਾਵਰ ਸਿੰਘ ਸੰਧੂ | ਟੈਕਸੀ ਡਰਾਈਵਰ | ਵਤਨੋਂ ਦੂਰ | ਜੁਲਾਈ/ਅਗਸਤ, 1978 |
| ਬਲਤੇਜ ਪੰਨੂ | ਅਹਿਸਾਸ | ਆਰ-ਪਾਰ | ਸਤੰਬਰ, 1994 |
| | ਤੁਫਾਨ | ਆਰ-ਪਾਰ | ਮਈ, 1995 |
| ਬਲਦੇਵ ਚੀਮਾ | ਰਿਸ਼ਤਾ | ਵਤਨੋਂ ਦੂਰ | ਸਤੰਬਰ/ਅਕਤੂਬਰ, 1980 |
| ਬਲਬੀਰ ਸਿੰਘ ਮੋਮੀ | ਫ਼ਾਸਲਾ | ਵਤਨੋਂ ਦੂਰ | ਜੁਲਾਈ/ਅਗਸਤ, 1983 |
| | ਚਿੱਕੜ | ਕਲਮ | ਦਸੰਬਰ, 1987 |
| ਬਲਬੀਰ ਕੌਰ ਸੰਘੇੜਾ | ਬੰਦ ਜਜ਼ਬਾਤ | ਵਤਨੋਂ ਦੂਰ | ਮਾਰਚ/ਅਪ੍ਰੈਲ, 1980 |
| | ਖੰਭੇ | ਸੰਵਾਦ | ਨਵੰਬਰ, 1991 |
| | ਸੂਹੇ ਫੁੱਲ ਗੁਲਾਬ ਦੇ | ਆਰ-ਪਾਰ | ਫਰਵਰੀ, 1994 |
| | ਮੋਏ ਤੇ ਵਿਛੜੇ ਕੰਤ | ਆਰ-ਪਾਰ | ਅਪ੍ਰੈਲ, 1994 |
| | ਗਿਰਝਾਂ | ਆਰ-ਪਾਰ | ਮਈ, 1995 |
| | ਜੁਰਮ | ਆਰ-ਪਾਰ | ਜੂਨ, 1996 |
| ਬਲਰਾਜ ਸਿੱਧੂ | ਮਿੱਟੀ ਦੇ ਖਿਡੌਣੇ | ਵਤਨੋਂ ਦੂਰ | ਜੁਲਾਈ/ਅਗਸਤ, 1978 |
| | ਹੂੰਝੇ ਹੋਏ ਖੇਤ | ਵਤਨੋਂ ਦੂਰ | ਮਾਰਚ/ਅਪ੍ਰੈਲ, 1979 |
| ਮਹਿੰਦਰ ਸੂਮਲ | ਸਮੇਂ ਦਾ ਸੱਚ (ਮਿੰਨੀ ਕਹਾਣੀ) | ਵਤਨ | ਅਪ੍ਰੈਲ/ਮਈ/ਜੂਨ, 1990 |





| ਲੇਖਕ | ਕਹਾਣੀ | ਪਰਚਾ | ਤਰੀਕ |
|---|---|---|---|
| ਮਹਿੰਦਰ ਢੰਡਾ | ਖੁਸ਼ਕਿਸਮਤ | ਵਤਨੋਂ ਦੂਰ | ਨਵੰਬਰ/ਦਸੰਬਰ, 1980 |
| ਮੱਖਣ ਟੁੱਟ | ਲਹੂ ਭਿੱਜੀ ਲਾਸ਼ | ਵਤਨੋਂ ਦੂਰ | ਜੁਲਾਈ/ਅਗਸਤ, 1983 |
| ਮਨਜੀਤ ਗਿੱਲ | ਕਰੂੰਬਲਾਂ | ਵਤਨੋਂ ਦੂਰ | ਮਈ/ਜੂਨ, 1979 |
| | ਬੇਚੈਨੀ | ਵਤਨੋਂ ਦੂਰ | ਨਵੰਬਰ/ਦਸੰਬਰ, 1979 |
| | ਵਿਛੜੀ ਕੂੰਜ | ਵਤਨੋਂ ਦੂਰ | ਮਈ/ਜੂਨ, 1981 |
| ਮੀਨਾ ਪਰਮਾਰ | ਰੱਬ ਹੀ ਜਾਣੇ | ਵਤਨ | ਅਪ੍ਰੈਲ/ਮਈ/ਜੂਨ, 1993 |
| ਮੁਹਿੰਦਰ ਸਿੰਘ ਬੈਂਸ | ਅਲਵਿਦਾ | ਵਤਨੋਂ ਦੂਰ | ਮਈ/ਜੂਨ, 1984 |
| ਮੇਜਰ ਮਾਂਗਟ | ਗਰਮ ਹਵਾਵਾਂ | ਸੰਵਾਦ | ਜਨਵਰੀ, 1991 |
| | ਕਾਲੇ ਪਾਣੀ | ਸੰਵਾਦ | ਸਤੰਬਰ, 1991 |
| | ਸੋਹਣੀ | ਵਤਨ | ਅਕਤੂਬਰ/ਨਵੰਬਰ/ਦਸੰਬਰ, 1991 |
| | ਟੁੱਟਦੇ ਬਣਦੇ ਪੁੱਲ | ਸੰਵਾਦ | ਦਸੰਬਰ, 1991 |
| | ਠੀਕਰੀਆਂ | ਵਤਨ | ਅਪ੍ਰੈਲ/ਮਈ/ਜੂਨ, 1993 |
| | ਬੇਗਾਨੀਆਂ ਕੰਧਾਂ | ਆਰ-ਪਾਰ | ਜਨਵਰੀ, 1994 |
| | ਦੂਰ ਬਹੁਤ ਦੂਰ | ਆਰ-ਪਾਰ | ਜੁਲਾਈ/ਅਗਸਤ, 1994 |
| | ਸ਼ਾਮਲਾਟ | ਆਰ-ਪਾਰ | ਅਗਸਤ, 1995 |
| | ਪਰਦੂਸ਼ਣ | ਆਰ-ਪਾਰ | ਮਾਰਚ, 1996 |
| ਰਘਬੀਰ ਮੰਡ | ਮਿੰਨੀ ਕਹਾਣੀ | ਵਤਨੋਂ ਦੂਰ | ਜਨਵਰੀ/ਫਰਵਰੀ, 1978 |
| ਰਛਪਾਲ ਕੌਰ | ਬਰਫ 'ਤੇ ਉੱਕਰੀ ਪੈੜ | ਆਰ-ਪਾਰ | ਅਪ੍ਰੈਲ, 1994 |
| ਰਣਜੀਤ ਸਿੰਘ ਕਿੰਗਰਾ | ਸੱਪ | ਵਤਨੋਂ ਦੂਰ | ਜੁਲਾਈ, 1974 |
| | ਅਣਹੋਈ ਹਕੀਕਤ | ਵਤਨੋਂ ਦੂਰ | ਅਪ੍ਰੈਲ 1975 |
| ਰਵਿੰਦਰ ਰਵੀ | ਐਵਰੀ ਮੈਨਜ਼ ਵਾਟਰ | ਵਤਨੋਂ ਦੂਰ | ਮਈ, 1975 |
| | ਪਾਗਲ ਕੰਣ | ਵਤਨੋਂ ਦੂਰ | ਅਕਤੂਬਰ, 1975 |
| | ਹਉਮੈਂ | ਵਤਨੋਂ ਦੂਰ | ਜੁਲਾਈ, 1976 |
| | ਗੋਰੀਆਂ ਸ਼ਹੀਦੀਆਂ | ਸੰਵਾਦ | ਜਨਵਰੀ/ਫਰਵਰੀ, 1995 |
| ਰਾਜ ਰਵਿੰਦਰ ਚੌਹਾਨ | ਅਮੀਰ ਲੋਕ | ਵਤਨੋਂ ਦੂਰ | ਅਕਤੂਬਰ, 1974 |
| | ਇਸ਼ਕ | ਵਤਨੋਂ ਦੂਰ | ਮਈ, 1975 |
| | ਪੈਸੇ ਦੀ ਕਮੀ | ਵਤਨੋਂ ਦੂਰ | ਜੂਨ, 1978 |
| ਰਾਜਾ ਬਰਾੜ | ਇੱਜ਼ਤਾਂ ਦੀ ਰਾਖੀ | ਵਤਨੋਂ ਦੂਰ | ਜੁਲਾਈ/ਅਗਸਤ, 1982 |
| ਰਾਮ ਪ੍ਰਤਾਪ | ਬੋਹਰ ਵਰਗਾ ਬਚਪਨ | ਵਤਨੋਂ ਦੂਰ | ਸਤੰਬਰ/ਅਕਤੂਬਰ 1984 |

## ਅੰਤਿਕਾ - 2

(ਅਸੀ ਕੋਸ਼ਿਸ਼ ਕੀਤੀ ਹੈ ਕਿ ਇਸ ਅੰਤਿਕਾ ਵਿਚ ਕਨੇਡਾ ਦੇ ਕਹਾਣੀਕਾਰਾਂ ਦੀਆਂ ਕਨੇਡਾ ਵਿਚ ਰਹਿੰਦਿਆਂ ਲਿਖੀਆਂ ਤੇ ਛਪੀਆਂ ਸਾਰੀਆਂ ਪੁਸਤਕਾਂ ਨੂੰ ਦਰਜ ਕੀਤਾ ਜਾਵੇ। ਸੰਭਵ ਹੈ ਕਿ ਕੋਈ ਕਹਾਣੀ ਸੰਗ੍ਰਹਿ ਇਸ ਸੂਚੀ ਵਿਚ ਸ਼ਾਮਲ ਹੋਣੋ ਰਹਿ ਗਿਆ ਹੋਵੇ। ਇਸ ਸੂਚੀ ਵਿਚ ਉਹ ਸੰਗ੍ਰਹਿ ਦਰਜ ਨਹੀ ਜੋ ਲੇਖਕਾਂ ਨੇ ਕਨੇਡਾ ਆਉਣ ਤੋਂ ਪਹਿਲਾਂ ਸੰਪੂਰਨ ਕੀਤੇ ਹੋਣ। - ਸੰਪਾਦਕ)

| | | |
|---|---|---|
| ਅਮਨਪਾਲ ਸਾਰਾ | ਸਰਦ ਰਿਸ਼ਤੇ | 1993 |
| ਅਮਰਜੀਤ ਚਾਹਲ | ਬਾਹਰੋਂ ਆਇਆ ਆਦਮੀ | 1980 |
| ਅਵਤਾਰ ਗਿੱਲ | ਸੱਤੀ ਵੀਹੀ ਸੌ | 1986 |
| ਸਾਧੂ | ਕਿਸ ਦਾ ਕਸੂਰ | 1986 |
| | ਲੀਰੋ ਲੱਥੇ | 1994 |
| ਸੁਸ਼ੀਲ ਕੌਰ | ਕੁਝ ਦੇਖੀਆਂ ਕੁਝ ਬੀਤੀਆਂ | 1993 |
| ਸੁਰਜੀਤ ਕਲਸੀ | ਸੱਤ ਪਰਾਈਆਂ | 1994 |
| ਸੋਹਣ ਸੁਰਿੰਦਰ ਸੰਘਾ | ਨਿੱਕੀ ਕਹਾਣੀ ਵੱਡੀਆਂ ਗੱਲਾਂ | 1994 |
| ਹਰਭਜਨ ਪਵਾਰ | ਪੱਛਮ ਦਾ ਜਾਲ | |
| ਜਗਦੇਵ ਜਟਾਣਾ | ਕਾਲੇ ਅੰਗ੍ਰੇਜ਼ | 1992 |
| ਜਰਨੈਲ ਸਿੰਘ ਗਰਚਾ | ਲਿੱਲੀ | 1996 |
| ਤੇਜ ਸੰਧੂ | ਲਾਵਾ | 1988 |
| ਮੇਜਰ ਮਾਂਗਟ | ਤਲੀਆਂ 'ਤੇ ਉੱਗੇ ਥੋਹਰ | 1990 |
| | ਕੂੰਜਾਂ ਦੀ ਡਾਰ | 1993 |
| ਰਵਿੰਦਰ ਰਵੀ | ਜਿੱਥੇ ਦੀਵਾਰਾਂ | 1978 |
| | ਅਘਰਵਾਸੀ | 1984 |
| | ਕੰਪਿਊਟਰ ਕਲਚਰ | 1985 |
| | ਸਮੇਂ ਦੇ ਨਾਲ ਨਾਲ | 1989 |
| | ਆਪਣੇ ਆਪਣੇ ਟਾਪੂ | 1992 |
| ਯੁਵਰਾਜ ਰਤਨ | ਧਰਤੀ ਦੇ ਉਸ ਪਾਰ | 1990 |

●○●



## ਲੇਖਕਾਂ ਦੇ ਪਤੇ

**ਅਮਨਪਾਲ ਸਾਰਾ**
Amanpal Sara
3722 Moscrop
Burnaby, B.C.
Canada, V5J 2N5

**ਅਮਰਜੀਤ ਚਾਹਲ**
Amarjit Chahal
11252 Dumbarton Road
Surrey, B.C.
Canada, V3R 0W9

**ਸਾਧੂ**
Sadhu
4325 Portiand Street
Burnaby, B.C.
Canada, V5J 2N5
E-mail: sbinning@unixg.ubc.ca

**ਸਾਧੂ ਸਿੰਘ**
Sadhu Singh
11142 - 131A St.
Surrey, B.C.
Canada, V3T 3S2

**ਸੁਖਵੰਤ ਹੁੰਦਲ**
Sukhwant Hundal
10636 - 132 St.
Surrey, B.C.
Canada, V3T 3V8
E-mail: shundal@sfu.ca

ਸੁਰਜੀਤ ਕਲਸੀ
Surjeet Kalsey
8737, Yarrow Pl.
Burnaby, B. C.
Canada, V3N 4W2

ਸ਼ਮਸ਼ੇਰ ਭੱਟੀ
Shamsher Bhatti
7203 Knight St.
Vancouver, B.C.
Canada, V5P 2W9

ਹਰਪ੍ਰੀਤ ਸੇਖਾ
Harpreet Sekha
9335 Monkland Pl.
Surrey, B.C.
Canada, V3V 6N3

ਜਰਨੈਲ ਸਿੰਘ
Jarnail Singh
Apt. 1009-2755 Jane St.
Downsview, Ont.
Canada, M3N 2H6

ਮੇਜਰ ਮਾਂਗਟ
7475 Goreway Dr.
Unit # 70
Mississauga, Ont.
Canada, L4T 3T3

ਰਵਿੰਦਰ ਰਵੀ
Ravinder Ravi
New Aiyanish, B.C.
Canada, VOJ 1A0